TARKSHEEL

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

TARKSHEEL SOCIETY PUNJAB (REGD.)
TSP
BE RATIONALIST

ਤਰਕਸ਼ੀਲ

ਮਾਰਚ-ਅਪ੍ਰੈਲ 2013

March-April 2013

ਅੰਦਰ ਥੜ੍ਹੋ :

ਸੱਚੀ ਸ਼ਰਧਾਂਜਲੀ

ਔਰਤਾਂ ਤੇ ਵਧ ਰਹੇ ਜ਼ਬਰ ਦਾ ਹੱਲ

ਪੁਨਰ ਜਨਮ ਦੀ ਅਫਵਾਹ ਦੀ ਨਿਕਲੀ ਫੂਕ

ਸੁੱਤੇ ਆਦਮੀ ਬਨਣ ਲੱਗੇ ਪੱਥਰ

ਬ੍ਰਹਿਮੰਡ ਯਾਤਰਾ

ਅਜੋਕੀ ਗਾਇਕੀ ਸੱਭਿਆਚਾਰ ਜਾਂ ਨਿਘਾਰ



ਮਨੁੱਖ ਦਾ ਕਤਲ ਕੀਤਾ ਜਾ ਸਕਦਾ ਹੈ ਪਰ ਉਸਦੇ ਵਿਚਾਰਾਂ ਦਾ ਨਹੀਂ।
ਸ਼ਹੀਦ ਭਗਤ ਸਿੰਘ

20/-

ਅੰਧਵਿਸ਼ਵਾਸੀ ਪਿੰਜਰੇ 'ਚ ਬੰਦ ਪੰਛੀ ਹੁੰਦਾ ਹੈ, ਆਜ਼ਾਦ ਚਿੰਤਕ ਆਪਣੇ ਅਣਥੱਕ ਖੰਭਾਂ ਨਾਲ ਬੱਦਲਾਂ ਨੂੰ ਪਾੜ ਕੇ ਉੱਡਣ ਵਾਲਾ ਉਕਾਬ-ਰੌਬਰਟ ਜੀ ਇੰਗਰਸੋਲ



ਰਚਨਾਤਮਕ ਸੋਚ, ਉਸਾਰੂ ਤਰੀਕੇ ਨਾਲ ਸੋਚਣ ਦੀ ਯੋਗਤਾ ਹੈ, ਜੋ ਪਹਿਲਾਂ ਇਕੱਠੇ ਕੀਤੇ ਵਿਚਾਰਾਂ ਨੂੰ ਜੋੜਨ ਦੇ ਅਮਲ 'ਚ ਨਵੇਂ ਵਿਚਾਰਾਂ ਦੀ ਉਸਾਰੀ ਕਰਦੀ ਹੈ। ਸਾਡੇ ਸਾਰੇ ਅਗਾਂਹਵਧੂ ਵਿਚਾਰ ਭਾਵੇਂ ਉਹ ਅੰਦਰੋਂ ਪੈਦਾ ਹੋਏ ਹੋਣ ਜਾਂ ਉਹ ਪ੍ਰੇਰਣਾ ਕਾਰਨ ਬਣੇ ਹੋਣ, ਅਜਿਹੀ ਰਚਨਾਤਮਕ ਸੋਚ ਦਾ ਸਿੱਟਾ ਹੁੰਦੇ ਹਨ। ਇਹ ਅੰਤਰਮੁਖੀ ਰਿਣਾਤਮਕ ਸੋਚ ਤੋਂ ਵੱਖਰੇ ਹੁੰਦੇ ਹਨ, ਜਿਹੜੀ ਕਿ ਕਲਪਨਾਤਮਕ ਵਸਤਾਂ ਦੀਆਂ ਪਰੀ ਕਹਾਣੀਆਂ ਤੋਂ ਪੈਦਾ ਹੁੰਦੀ ਹੈ।

ਡਾ. ਅਬਰਾਹਮ ਟੀ. ਕਾਵੂਰ

• ● •



ਜਿੰਨੇ ਜੋਗਾ ਵੀ ਤੇ ਜੋ ਵੀ ਹੈ
ਮੇਰਾ, ਤੇਰੇ 'ਰੱਬ' ਤੋਂ ਬਿਨਾਂ ਹੀ ਸਰਦਾ ਹੈ
ਉਸ ਅਰਾਧਨਾ ਤੋਂ ਬਿਨਾਂ
ਜੋ ਚੰਗੇ ਭਲੇ ਮਨੁੱਖ ਨੂੰ ਬਦਲ ਦਏ
ਚਰਨਾਂ ਦੀ ਧੂੜ ਵਿੱਚ।
ਉਸ ਸ਼ੁਕਰਾਨੇ ਤੋਂ ਬਿਨਾਂ
ਜਿਸ ਦੀ ਕੋਈ ਵੀ ਵਜ੍ਹਾ ਨਹੀਂ ਹੁੰਦੀ।
ਉਸ ਓਟ ਤੋਂ
ਜਿਹੜੀ ਸਦਾ ਨਿਓਟਿਆਂ ਰੱਖਦੀ ਹੈ।

ਪਾਸ਼


• ● •



ਮਾਲਾ ਵਿੱਚ ਕਰਾਮਾਤ ਨਾ
ਨਵੇਂ ਯੁੱਗ ਦੇ ਲੋਕ ਇਹ ਆਂਹਦੇ
ਕਰਾਮਾਤ ਕਾਮਿਆਂ ਦੀ
ਜਿਹੜੇ ਮਿੱਟੀ ਵਿੱਚੋਂ ਸੋਨਾ ਨੇ ਉਗਾਂਦੇ

ਉਦਾਸੀ

• ● •



ਮੇਰੇ ਲਈ 'ਰੱਬ' ਸ਼ਬਦ ਮਨੁੱਖ ਦੀਆਂ ਕਮਜੋਰੀਆਂ ਦੀ ਪੈਦਾਇਸ਼ ਅਤੇ ਪ੍ਰਗਟਾਉ ਤੋਂ ਵੱਧ ਕੇ ਕੁੱਝ ਨਹੀਂ ਹੈ। ਧਾਰਮਿਕ ਪੁਸਤਕਾਂ ਪੁਰਾਤਨ ਦੰਦ ਕਥਾਵਾਂ ਦਾ ਸੰਗ੍ਰਹਿ ਹਨ। ਜਿਹੜੀਆਂ ਕਿ ਬੜੀਆਂ ਬਚਗਾਨੀਆਂ ਹਨ। ਇਨ੍ਹਾਂ ਦੀ ਕਿਸੇ ਵੀ ਵਿਆਖਿਆ ਨਾਲ, ਭਾਵੇਂ ਕਿੰਨੀ ਵੀ ਚਤੁਰ ਜਾਂ ਸੂਖਮ ਹੋਵੇ, ਮੇਰੇ ਵਿਚਾਰ ਬਦਲ ਨਹੀਂ ਸਕਦੇ।

ਐਲਬਰਟ ਆਈਨਸਟਾਈਨ

ਧਰਮ ਇੱਕ ਮਿੱਥ ਤੇ ਅੰਧ ਵਿਸ਼ਵਾਸ ਹੈ ਜਿਹੜਾ ਦਿਲਾਂ ਨੂੰ ਪੱਥਰ ਬਣਾ ਦਿੰਦਾ ਹੈ ਅਤੇ ਦਿਮਾਗਾਂ ਨੂੰ ਗੁਲਾਮ - **ਐਨ.ਨਿਕੋਲ ਗੇਅਲਰ**

ਮੁੱਖ ਸੰਪਾਦਕ

ਬਲਬੀਰ ਲੌਂਗੋਵਾਲ
98153-17028
longowalbalbir@gmail.com

ਸੰਪਾਦਕੀ ਮੰਡਲ

ਰਾਮ ਸਵਰਨ ਲੱਖੇਵਾਲੀ
94173-62085
ramswarn@gmail.com

ਸੁਖਵਿੰਦਰ ਬਾਗਪੁਰ
94174-27538
taraksheel@yahoo.co.in

ਵਿਜੈ ਬੰਬੇਲੀ
94634-39075
vijaybombeli@yahoo.com

ਜਸਵੰਤ ਮੋਹਾਲੀ
98555-30721
jaswant_mohali@rediffmail.com

ਜਸਵੀਰ ਮੋਰੋ 94172-62838
moron.jasvir@yahoo.com

-: ਮੁੱਖ ਪ੍ਰਬੰਧਕ :-
ਜਸਵੰਤ ਜੀਰਖ, 98151-69825

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਸੰਪਾਦਕੀ	3
ਸੱਚੀ ਸ਼ਰਧਾਂਜਲੀ	4-7
ਜਗਿਆਸਾ	8
ਖੋਜ ਖ਼ਬਰ	9
ਹਵਾ 'ਚ ਲਿਖੇ ਹਰਫ਼	10
ਔਰਤਾਂ ਤੇ ਵਧ ਰਹੇ ਜਬਰ ਦਾ ਹੱਲ	11-14
ਮਨੋਰੋਗ ਮਾਹਿਰ ਦੀ ਕਲਮ ਤੋਂ	15-17
ਮਨੁੱਖੀ ਸਖਸ਼ੀਅਤ ਦਾ ਸੱਚ	18-21
ਤਰਕਸ਼ੀਲ ਲਹਿਰ ਸੰਗ ਸਿਵਲਰ ਜੁਬਲੀ	22-24
ਬ੍ਰਹਿਮੰਡ ਯਾਤਰਾ	25-27
ਵੰਨਗੀ	28-29
ਭੱਜੋ ਨਾ, ਦੁਨੀਆਂ ਨੂੰ ਬਦਲੋ	30-31
ਖ਼ਬਰ ਹੈ ਕਿ	32
ਦਸ ਸੁਆਲ	33
ਮੈਂ ਤਰਕਸ਼ੀਲ ਕਿਵੇਂ ਬਣਿਆ	34
ਅਜੋਕੀ ਗਾਇਕੀ ਸੱਭਿਆਚਾਰ ਜਾਂ ਨਿਘਾਰ	35-36
ਸੁੱਤੇ ਆਦਮੀ ਬਣਨ ਲੱਗੇ ਪੱਥਰ	37-38
ਰੱਬ ਨਾ ਗੁੰਝਲ, ਨਾ ਬੁਝਾਰਤ	39-40
ਪੰਜਾਬ ਦਾ ਸ਼ੋਰ ਪ੍ਰਦੂਸ਼ਣ ਰੋਕੂ ਕਾਨੂੰਨ ਤੇ ਕਾਰਗੁਜਾਰੀ	41-42
ਪੁਨਰ ਜਨਮ ਦੀ ਅਫਵਾਹ ਦੀ ਨਿਕਲੀ ਫੂਕ	43
ਆਓ ਜਾਦੂ ਸਿੱਖੀਏ	44
ਇਹ ਦਿਨ, ਉਸ ਸਾਲ	45
ਪ੍ਰਤੀਕਰਮ	46-48
ਪੇਸ਼ ਕਦਮੀਆਂ	49-54

ਕੰਪੋਜ਼ਿੰਗ : ਨੀਰਜ ਕੁਮਾਰ, ਸੁਨਾਮ
84277-55241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ


ਪੰਜਾਬ ਵਿੱਚ ਸਕੂਲ ਸਿੱਖਿਆ ਪਾਠਕ੍ਰਮ ਵਿੱਚ ਤਬਦੀਲੀ ਦਾ ਮਸਲਾ ਇਸ ਸਮੇਂ ਭਖਵੀਂ ਬਹਿਸ਼ ਦਾ ਮੁੱਦਾ ਬਣਿਆ ਹੋਇਆ ਹੈ। ਕਿਸੇ ਵੀ ਵਿਅਕਤੀ ਦੀ ਸੋਚ ਵਿੱਚ ਤਬਦੀਲੀ ਦੀਆਂ ਸੰਭਾਵਨਾਵਾਂ ਭਾਵੇਂ ਹਰ ਸਮੇਂ ਮੌਜੂਦ ਰਹਿੰਦੀਆਂ ਹਨ, ਪਰ ਮੁੱਢਲੇ ਰੂਪ ਵਿੱਚ ਸਕੂਲ ਪੱਧਰ ਦੀ ਸਿੱਖਿਆ ਦੌਰਾਨ ਬੱਚੇ ਨੂੰ ਵਿਗਿਆਨ, ਇਤਿਹਾਸ ਅਤੇ ਸਾਹਿਤ ਦੇ ਰੂਪ ਵਿੱਚ ਜੋ ਪੜ੍ਹਾਇਆ ਜਾਂਦਾ ਹੈ, ਉਸ ਨੇ ਉਸ ਦੀ ਭਵਿੱਖ ਦੀ ਸੋਚ ਲਈ ਬੁਨਿਆਦ ਬਨਣਾ ਹੁੰਦਾ ਹੈ। ਪਾਠਕ੍ਰਮ ਭਾਵੇਂ ਸਮੁੱਚ ਵਿੱਚ ਸਿੱਖਿਆ ਨਹੀਂ ਹੁੰਦਾ ਪਰ ਸਿੱਖਿਆ ਨੂੰ ਅੱਗੇ ਲੈ ਕੇ ਜਾਣ ਵਾਲਾ ਇੱਕ ਵਾਹਨ ਜ਼ਰੂਰ ਹੈ। ਇਸ ਲਈ ਇਹ ਚਿੰਤਨ ਦੀ ਮੰਗ ਕਰਦਾ ਹੈ। ਕੋਈ ਵੀ ਸਿੱਖਿਆ ਪ੍ਰਣਾਲੀ ਲੋਕਪੱਖੀ ਹੈ ਜਾਂ ਲੋਕ ਵਿਰੋਧੀ, ਇਸਦਾ ਮਾਪਦੰਡ ਹੈ ਕਿ ਇਸਦੇ ਪਿੱਛੇ ਦਰਸ਼ਨ (Philosophy) ਕੀ ਹੈ? ਇਹ ਕਿਸ ਦੇ ਸਮਾਜਿਕ ਉਦੇਸ਼ ਨੂੰ ਪ੍ਰਤੀਬਿੰਬਤ ਕਰਦੀ ਹੈ? ਸਾਹਿਤ ਦੀ, ਵਿਗਿਆਨ ਦੀ, ਇਤਿਹਾਸ ਦੀ ਵਿਆਖਿਆ ਕਰਦੇ ਸਮੇਂ ਅਸੀਂ ਕਿਹੜੇ ਪੱਖ ਵਿੱਚ ਖੜ੍ਹੇ ਹਾਂ?

ਪਿਛਲੇ ਸਮੇਂ ਦੌਰਾਨ ਕੌਮੀ ਪੱਧਰ ਤੇ ਪਾਠਕ੍ਰਮ ਨੂੰ ਫਿਰਕੂ, ਗੈਰ ਵਿਗਿਆਨਕ ਅਧਿਆਤਮਵਾਦੀ ਪੁੱਠ ਚਾੜ੍ਹੀ ਗਈ ਜਿਸ ਦਾ ਪੂਰਾ ਪੂਰਾ ਖਦਸ਼ਾ ਇਸ ਸਮੇਂ ਪੰਜਾਬ ਵਿੱਚ ਵਾਪਰਨ ਦਾ ਵੀ ਹੈ। ਇਸ ਲਈ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਦੀ ਇਹ ਡਿਊਟੀ ਬਣ ਜਾਂਦੀ ਹੈ ਕਿ ਹਰ ਤਬਦੀਲੀ ਤੇ ਘੋਖਵੀਂ ਨਜਰ ਰੱਖੀ ਜਾਵੇ। ਲੋਕ ਵਿਰੋਧੀ ਪ੍ਰਬੰਧ ਦੀ ਇਹ ਕੋਸ਼ਿਸ਼ ਹੁੰਦੀ ਏ ਕਿ ਧਾਰਮਿਕ ਬਿੰਬਾਂ ਨਾਲ ਭਰਪੂਰ ਸਾਹਿਤਕ ਚਿਤਰਣਾਂ ਰਾਹੀਂ ਬਾਲ ਮਾਨਸਿਕਤਾ ਨੂੰ ਇਸ ਕਦਰ ਤਬਦੀਲ ਕੀਤਾ ਜਾਵੇ ਕਿ ਉਹ ਖੁਦ ਨੂੰ ਹੀਣੇ ਮਹਿਸੂਸ ਕਰਨ, ਸਵੈ-ਵਿਸ਼ਵਾਸੀ ਨਾ ਬਨਣ। ਸਿੱਖਿਆ ਸ਼ਾਸਤਰੀ ਨਗੂਗੀ ਵਾ ਥਯੋਂਗੋ ਜਿਸ ਨੇ ਕੀਨੀਆ ਵਿੱਚ ਬੱਚਿਆਂ ਨੂੰ ਪੜ੍ਹਾਏ ਜਾਣ ਵਾਲੇ ਸਾਹਿਤ ਦਾ ਆਲੋਚਨਾਤਮਕ ਮੁਲਾਂਕਣ ਕੀਤਾ, ਆਪਣੇ ਅਧਿਐਨ ਵਿੱਚ ਇਸ ਸਿੱਟੇ ਤੇ ਪੁੱਜਿਆ ਕਿ ਤੀਜੀ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਤਕਨੀਕੀ ਤੌਰ ਤੇ ਤਾਂ ਬਸਤੀਵਾਦ ਖਤਮ ਹੋ ਗਿਆ ਪਰ ਯਥਾਰਥ ਵਿੱਚ ਅਜੇ ਵੀ ਉਹ ਬਸਤੀਵਾਦੀ ਦਾਬੇ ਅਧੀਨ ਹੀ ਹਨ। ਇਸਦਾ ਮਾਰੂ ਪ੍ਰਭਾਵ ਸਿੱਖਿਆ ਦੇ ਖੇਤਰ ਵਿੱਚ ਵੀ ਮਿਲਿਆ ਹੈ ਜਿੱਥੇ ਹੁਣ ਵੀ ਵਿਦੇਸ਼ੀ ਬਿੰਬਾਂ ਅਤੇ ਪ੍ਰਤੀਕਾਂ ਨੂੰ ਬੱਚਿਆਂ ਦੇ ਦਿਮਾਗਾਂ 'ਚ ਭਰਿਆ ਜਾਂਦਾ ਹੈ। ਜਮਾਤੀ ਸਮਾਜ ਵਿੱਚ ਸਾਹਿਤ, ਇਤਿਹਾਸ ਲੇਖਣ ਵੀ ਜਮਾਤੀ ਹੀ ਹੁੰਦਾ ਹੈ। ਇਸੇ ਕਰਕੇ ਕਾਬਜ ਪ੍ਰਬੰਧ ਦੇ ਪੱਖ ਵਿੱਚ ਲਿਖਣ ਵਾਲੇ ਸਾਹਿਤਕਾਰਾਂ ਦੀਆਂ ਲਿਖਤਾਂ ਵਿੱਚ ਤਰਕ, ਚੇਤਨਾ, ਆਸ ਅਤੇ ਕਿਸੇ ਚੰਗੇ ਬਦਲ ਲਈ ਕੋਈ ਥਾਂ ਨਹੀਂ ਹੁੰਦੀ, ਪ੍ਰਬੰਧ ਉਹਨਾਂ ਲਿਖਤਾਂ ਨੂੰ ਹੀ ਅਪਨਾਉਂਦਾ ਹੈ। ਪੂੰਜੀਵਾਦ ਨੇ ਮਨੁੱਖ ਦੀਆਂ ਸੁਤੰਤਰ ਸਿਰਜਣਾਤਮਿਕ ਕਿਰਿਆਵਾਂ ਨੂੰ ਸੀਮਤ ਦਾਇਰਿਆਂ ਵਿੱਚ ਬੰਨ੍ਹ ਕੇ ਰੱਖ ਦਿੱਤਾ ਹੈ। ਚਿੰਤਕ ਏਜਾਜ਼ ਅਹਿਮਦ ਕਹਿੰਦਾ ਹੈ : ਸਾਹਿਤਕਾਰ ਦਾ ਫਰਜ਼ ਹੈ ਕਿ ਉਹ ਲੋਕ ਪੱਖੀ ਸੋਚ ਨੂੰ ਆਪਣੇ ਸਾਹਿਤ ਵਿੱਚ ਢਾਲੇ ਅਤੇ ਇਹ ਦਰਸਾਵੇ ਕਿ ਲੋਕ ਪੱਖੀ ਚੇਤਨਾ ਦੀ ਨੁਮਾਇੰਦਗੀ ਕਾਬਜ਼ ਬੁਰਜੂਆ ਸਰਕਾਰਾਂ ਨਹੀਂ, ਮਿਹਨਤਕਸ਼ ਜਨਤਾ ਕਰਦੀ ਹੈ। ਸਾਡੀ ਪ੍ਰਗਤੀਸ਼ੀਲ ਲੋਕਾਂ ਦੀ ਸਰਕਾਰ ਉੱਪਰ ਦਬਾਅ ਦੇ ਰੂਪ ਵਿੱਚ ਇਹ ਕੋਸ਼ਿਸ ਹੋਣੀ ਚਾਹੀਦੀ ਹੈ ਕਿ ਚੇਤਨਾ, ਤਰਕ ਪ੍ਰਦਾਨ ਕਰਨ ਵਾਲੀਆਂ ਲਿਖਤਾਂ ਹੀ ਸਕੂਲ ਪਾਠਕ੍ਰਮ ਦਾ ਹਿੱਸਾ ਬਣਾਈਆਂ ਜਾਣ।

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਵਸ 'ਤੇ

ਸੱਚੀ ਸ਼ਰਧਾਂਜਲੀ

ਹੇਮ ਰਾਜ ਸਟੈਨੋ



23 ਮਾਰਚ, 1931 ਨੂੰ ਸ਼ਹੀਦ ਹੋਏ ਇਨ੍ਹਾਂ ਤਿੰਨਾਂ ਸ਼ਹੀਦਾਂ ਦੇ ਸ਼ਹੀਦੀ ਦਿਵਸ 23 ਮਾਰਚ ਨੂੰ ਇਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। ਸ਼ਰਧਾਂਜਲੀ ਦੇਣ ਦਾ ਹੱਕਦਾਰ ਕੌਣ ਹੈ ਅਤੇ ਸੱਚੀ ਸ਼ਰਧਾਂਜਲੀ ਕੀ ਹੋ ਸਕਦੀ ਹੈ? ਅੱਜ ਇਸ 'ਤੇ ਵਿਚਾਰ ਕਰਾਂਗੇ। ਇਹ ਤਿੰਨੋਂ ਸ਼ਹੀਦ "ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿੱਚ ਪੂਰੀ ਆਜ਼ਾਦੀ ਯਕੀਨੀ ਬਣਾਉਣ" ਦੇ ਆਦਰਸ਼ ਨੂੰ ਲੈ ਕੇ ਜ਼ਿੰਦਗੀ ਭਰ ਜੂਝਦੇ, ਤਕਲੀਫਾਂ ਝੱਲਦੇ, ਆਪਣਾ ਨਿੱਜੀ ਸੁਖ-ਚੈਨ ਤਿਆਗਦੇ ਹੋਏ ਅੰਤ ਨੂੰ ਪੂਰੀ ਦਲੇਰੀ ਨਾਲ ਸ਼ਹੀਦ ਹੋ ਗਏ। ਇਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਅੰਗਰੇਜ਼ ਪਰਦੇ ਪਿੱਛੇ ਹੋ ਗਏ ਅਤੇ ਰਾਜ-ਮੁਕਟ ਸਾਡੇ ਦੇਸੀ ਹਾਕਮਾਂ ਦੇ ਸਿਰ ਧਰ ਗਏ। ਦੇਸੀ ਹਾਕਮਾਂ ਵਿੱਚ ਅੱਜ ਦੀਆਂ ਸਭ ਸਿਆਸੀ ਪਾਰਟੀਆਂ ਸ਼ਾਮਲ ਹਨ ਕਿਉਂਕਿ ਸਾਰੀਆਂ ਹੀ ਪਾਰਟੀਆਂ ਨੇ ਵਾਰੋ-ਵਾਰੀ ਸਾਡੇ ਲੋਕਾਂ 'ਤੇ ਹਕੂਮਤ ਕੀਤੀ ਹੈ ਅਤੇ ਕਰ ਰਹੀਆਂ ਹਨ। ਸੋ ਸਾਡੇ ਲਈ ਸਭ ਤੋਂ ਪਹਿਲਾਂ ਤਾਂ ਇਹੀ ਦੇਖਣਾ ਬਣਦਾ ਹੈ ਕਿ ਕੀ ਇਨ੍ਹਾਂ ਨੇ ਸ਼ਹੀਦਾਂ ਦੇ ਆਦਰਸ਼ ਦੀ ਪੂਰਤੀ ਲਈ ਕਦਮ ਵਧਾਏ? ਇਹ ਦੇਖਣ ਲਈ ਸਾਨੂੰ ਸਰਸਰੀ ਜਿਹੀ ਨਜ਼ਰ ਸਾਡੇ ਭਾਰਤ 'ਚ ਰਹਿ ਰਹੇ ਲੋਕਾਂ ਦੀ ਹਾਲਤ 'ਤੇ ਮਾਰਨੀ ਪਵੇਗੀ।ਆਓ ਫਿਰ!

ਸਾਡਾ ਦੇਸ਼ ਮੁੱਖ ਤੌਰ 'ਤੇ ਖੇਤੀ ਬਾੜੀ ਵਾਲਾ ਦੇਸ਼ ਹੈ। ਖੇਤੀ ਕਰਦੇ ਹਨ ਕਿਸਾਨ ਅਤੇ ਖੇਤ ਮਜ਼ਦੂਰ। ਇਸ ਮੁੱਖ ਕਿੱਤੇ ਵਿੱਚ ਰੁੱਝੇ ਇਨ੍ਹਾਂ ਲੋਕਾਂ ਦੀ ਕੀ ਹਾਲਤ ਹੈ, ਜ਼ਰਾ ਧਿਆਨ ਦਿਓ! ਅੱਜ ਸਾਡੇ ਦੇਸ਼ 'ਚ ਖੇਤ ਮਜ਼ਦੂਰ ਅਤੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਸਾਲ ਭਰ ਵਿੱਚ 1,87,000 ਤੋਂ ਵੀ ਉੱਪਰ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਨਾਲੇ ਖੁਦਕੁਸ਼ੀਆਂ ਦੇ ਇਹ ਤਾਂ ਉਹ ਅੰਕੜੇ ਹਨ ਜਿੰਨਾਂ ਲੋਕਾਂ ਦੇ ਨਾਮ ਜ਼ਮੀਨ ਹੈ। ਖੇਤੀ ਕਰਨ ਵਾਲੇ ਪ੍ਰੀਵਾਰ ਦਾ ਕੋਈ ਇਨਸਾਨ ਜਿਸਦੇ ਨਾਮ ਜ਼ਮੀਨ ਨਹੀਂ ਜਾਂ ਇਸ ਨਾਲ ਜੁੜਿਆ ਖੇਤ ਮਜ਼ਦੂਰ ਜੇਕਰ ਖੁਦਕੁਸ਼ੀ ਕਰ ਜਾਂਦਾ ਹੈ ਤਾਂ ਉਸਨੂੰ ਖੇਤੀ ਖੇਤਰ 'ਚ ਆਏ ਸੰਕਟ ਦਾ ਸ਼ਿਕਾਰ ਨਹੀਂ ਮੰਨਿਆ ਜਾਂਦਾ। ਇਹ ਕਿਸਾਨ ਖੁਦਕੁਸ਼ੀਆਂ ਕਿਉਂ ਕਰ ਰਹੇ ਹਨ? ਕਿਉਂਕਿ ਇੰਨਾਂ ਦੇ ਸਿਰ ਕਰਜ਼ੇ ਦੀ ਪੰਡ ਭਾਰੀ ਤੋਂ ਭਾਰੀ ਹੁੰਦੀ ਜਾ ਰਹੀ ਹੈ। ਸ਼ਹੀਦਾਂ ਦੇ ਪ੍ਰੋਗਰਾਮ ਵਿੱਚ ਇੱਕ ਮੱਦ ਦਰਜ ਸੀ:"ਕਿਸਾਨਾਂ ਦੇ ਕਰਜ਼ੇ ਖਤਮ ਕਰਨ" ਦੀ। ਫਿਰ ਇਨ੍ਹਾਂ ਹਕੂਮਤਾਂ ਵੱਲੋਂ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਿਉਂ ਨਹੀਂ ਕੀਤੇ ਜਾਂਦੇ? ਉਲਟਾ ਇਸ ਵਰਤਾਰੇ ਤੋਂ ਆਪਣਾ ਪੱਲਾ ਝਾੜਣ ਲਈ ਹਕੂਮਤਾਂ ਵੱਲੋਂ ਪ੍ਰਚਾਰ ਕੀਤਾ ਜਾਂਦਾ ਹੈ ਕਿ ਕਿਸਾਨ-ਮਜ਼ਦੂਰ ਕੰਮ ਕਰਨਾ ਛੱਡ ਗਏ। ਕੋਈ ਇਨ੍ਹਾਂ ਨੂੰ ਪੁੱਛੇ ਕਿ ਜਿਹੜੀ ਪੈਦਾਵਾਰ ਹੁੰਦੀ ਹੈ ਕੀ ਇਹ ਹਕੂਮਤੀ ਲਾਣਾ ਖੇਤਾਂ 'ਚ ਹਲ ਚਲਾਕੇ ਕਰਦਾ ਹੈ? ਕੀ ਇਹ ਵੱਡੇ ਕਹਾਉਂਦੇ ਲੋਕ ਖੇਤਾਂ 'ਚ ਪੈਦਾ ਕਰਦੇ ਹਨ? ਨਹੀਂ।

ਇਨ੍ਹਾਂ ਸ਼ਹੀਦਾਂ ਨੇ ਆਪਣੇ ਪ੍ਰੋਗਰਾਮ ਵਿੱਚ ਦਰਜ ਕੀਤਾ ਸੀ "ਜਗੀਰਦਾਰੀ ਦਾ ਖਾਤਮਾ ਕਰਨਾ" ਭਾਵ ਜਗੀਰਦਾਰਾਂ ਦੀ ਜ਼ਮੀਨ ਖੇਤੀ ਕਰਨ ਵਾਲਿਆਂ ਵਿਚਕਾਰ ਵੰਡਣੀ। ਜਗੀਰਦਾਰਾਂ ਕੋਲ ਅੱਜ ਵੀ ਵੱਡੇ-ਵੱਡੇ ਖੇਤ ਹਨ। ਇਹ ਜ਼ਮੀਨ ਵੰਡਣੀ ਤਾਂ ਡੁੱਬੀ ਬਲਕਿ ਕਿਸਾਨਾਂ ਕੋਲ ਜਿਹੜੀ ਥੋੜੀ ਬਹੁਤੀ ਆਪਣੀ ਜ਼ੱਦੀ-ਪੁਸ਼ਤੀ ਜ਼ਮੀਨ ਵੀ ਹੈ ਉਹ ਵੀ ਖੋਹਕੇ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਦਿੱਤੀ ਜਾ ਰਹੀ ਹੈ ਅਤੇ ਜਿੱਥੇ ਕਿਤੇ ਕਿਸਾਨ ਇਸਦਾ ਵਿਰੋਧ ਕਰਦੇ ਹਨ ਤਾਂ ਜਨਰਲ ਡਾਇਰ ਵਾਂਗੂੰ ਡਾਗਾਂ-ਗੋਲੀਆਂ ਵਰ੍ਹਾ ਕੇ ਕਿਸਾਨਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ!

ਸ਼ਹੀਦਾਂ ਨੇ ਹਰ ਇੱਕ ਲਈ "ਰਹਿਣ ਲਈ ਘਰਾਂ ਦੀ ਗਾਰੰਟੀ" ਕਰਨ ਦਾ ਪ੍ਰੋਗਰਾਮ ਬਣਾਇਆ ਸੀ। ਪਰ ਅੱਜ ਸਾਡੇ ਦੇਸ਼ 'ਚ ਹਾਲਤ ਕੀ ਹੈ? ਮੋਟੇ ਅੰਦਾਜ਼ੇ ਅਨੁਸਾਰ 8 ਕਰੋੜ ਲੋਕਾਂ ਕੋਲ ਕੋਈ ਘਰ ਨਹੀਂ ਹੈ। ਇਸ ਤੋਂ ਇਲਾਵਾ 10 ਕਰੋੜ ਲੋਕ ਕੀੜਿਆਂ- ਮਕੌੜਿਆਂ ਵਾਂਗ ਕੱਖਾਂ-ਕਾਨਿਆਂ **ਦੀਆਂ** ਕੁੱਕੜਾਂ ਦੇ ਖੁੱਡਿਆਂ ਵਰਗੀਆਂ ਝੁੱਗੀਆਂ-ਝੋਂਪੜੀਆਂ ਵਿੱਚ ਰਹਿ ਰਹੇ ਹਨ। ਭਾਵ ਸ਼ਹੀਦਾਂ ਦਾ "ਰਹਿਣ ਲਈ ਘਰਾਂ ਦੀ ਗਾਰੰਟੀ" ਵਾਲਾ ਸੁਪਨਾ ਵੀ ਮਿੱਟੀ 'ਚ ਰੋਲ ਦਿੱਤਾ ਗਿਆ ਹੈ।

ਸ਼ਹੀਦਾਂ ਦਾ ਸੁਪਨਾ ਸੀ "ਆਮ ਪੜਾਈ" ਦਾ।ਅੱਜ ਹਰ ਵਿਅਕਤੀ ਨੂੰ ਪਤਾ ਹੈ ਕਿ ਕਿਵੇਂ ਹਕੂਮਤਾਂ ਚੰਗੇ ਮਿਆਰ ਦੀ ਪੜ੍ਹਾਈ ਕਰਾਉਣ ਦੇ ਬਹਾਨੇ ਪੜਾਈ ਨੂੰ ਪ੍ਰਾਈਵੇਟ ਹੱਥਾਂ 'ਚ ਦੇ ਰਹੀਆਂ ਹਨ। ਜਦੋਂ ਕੋਈ ਵਿਅਕਤੀ ਆਪਣੇ ਪੈਸੇ ਖਰਚ ਕੇ

ਪੜ੍ਹਾਈ ਦੀ ਕੋਈ ਸੰਸਥਾ ਖੋਲ੍ਹੇਗਾ ਤਾਂ ਸੁਭਾਵਿਕ ਹੀ ਉਸਦਾ ਮਕਸਦ ਵਿਦਿਆਰਥੀਆਂ ਨੂੰ ਚੰਗੇਰੀ ਵਿੱਦਿਆ ਦੇ ਕੇ ਉਨ੍ਹਾਂ ਨੂੰ ਚੰਗੇ ਇਨਸਾਨ ਬਣਾਉਣਾ ਨਹੀਂ ਹੋਵੇਗਾ ਬਲਕਿ ਆਪਣੀ ਸੰਸਥਾ ਵਿੱਚੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੋਵੇਗਾ। ਇਸ ਲਈ ਲਾਜ਼ਮੀ ਹੀ ਉਹ ਉਸ ਸੰਸਥਾ 'ਚ ਪੜ੍ਹਾਉਣ ਵਾਲਿਆਂ ਨੂੰ ਘੱਟ ਤੋਂ ਘੱਟ ਤਨਖਾਹਾਂ ਦੇਵੇਗਾ ਅਤੇ ਵਿਦਿਆਰਥੀਆਂ ਤੋਂ ਵੱਧ ਤੋਂ ਵੱਧ ਫੀਸਾਂ ਵਸੂਲੇਗਾ ਯਾਨੀ ਦੋਵੇਂ ਹੱਥੀਂ ਲੁੱਟ ਕਰੇਗਾ। ਇਸ ਤਰ੍ਹਾਂ ਨਾਲ ਹਕੂਮਤਾਂ ਨੇ ਵਿੱਦਿਆ ਨੂੰ ਚਾਨਣ ਮੁਨਾਰੇ ਦੀ ਥਾਂ ਮੁਨਾਫੇ ਦਾ ਸੰਦ ਬਣਾ ਧਰਿਆ ਹੈ।

ਹਿੰਦੂ ਨੀਤੀ ਘਾੜੇ ਮਨੂੰ ਨੇ ਸ਼ੂਦਰਾਂ ਲਈ ਵੇਦ ਪੜ੍ਹਣ 'ਤੇ, ਸੁਣਨ 'ਤੇ ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲਕੇ ਪਾਉਣ ਦੀ ਗੱਲ ਕਹੀ ਸੀ। ਭਾਵੇਂ ਸਾਡੀਆਂ ਹਕੂਮਤਾਂ ਇਹ ਤਾਂ ਨਹੀਂ ਕਹਿ ਰਹੀਆਂ ਪਰ ਜਦੋਂ ਵਿੱਦਿਅਕ ਫੀਸਾਂ ਐਨੀਆਂ ਮਹਿੰਗੀਆਂ ਕਰ ਦਿੱਤੀਆਂ ਗਈਆਂ ਹਨ ਤਾਂ ਗਰੀਬ ਤਾਂ ਕੀ ਮਾੜਾ-ਮੋਟਾ ਖਾਂਦਾ-ਪੀਂਦਾ ਪ੍ਰੀਵਾਰ ਵੀ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਤੋਂ ਆਹਰੀ ਹੋ ਗਿਆ ਹੈ। ਸੋ ਆਮ ਲੋਕਾਂ ਤੋਂ ਪੜ੍ਹਨ-ਪੜ੍ਹਾਉਣ ਦਾ ਹੱਕ ਖੋਹਕੇ ਸ਼ਹੀਦਾਂ ਦਾ "ਆਮ ਪੜ੍ਹਾਈ" ਦਾ ਸੁਪਨਾ ਪੈਰਾਂ ਹੇਠ ਰੋਲ ਦਿੱਤਾ ਗਿਆ ਹੈ।

ਹੁਣ ਔਰਤਾਂ ਦੀ ਹਾਲਤ ਦੀ ਗੱਲ ਕਰੀਏ। ਹਰ ਅੱਧੇ ਘੰਟੇ 'ਚ ਇੱਕ ਔਰਤ ਨਾਲ ਬਲਾਤਕਾਰ ਹੋ ਰਿਹਾ ਹੈ। ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ, ਬਲਾਤਕਾਰਾਂ ਦੀ ਰਾਜਧਾਨੀ ਵਜੋਂ ਬਦਨਾਮ ਹੋ ਚੁੱਕੀ ਹੈ। ਸਾਡੇ ਦੇਸ਼ ਵਿੱਚ ਆਪਣੀ ਜ਼ਮੀਰ ਦੇ ਉਲਟ ਮਜ਼ਬੂਰੀ-ਵੱਸ ਇੱਕ ਕਰੋੜ ਔਰਤਾਂ ਨੂੰ ਵੇਸਵਾਗਮਨੀ 'ਚ ਲਿਪਤ ਹੋਣਾ ਪਿਆ ਹੈ। ਇਕੱਲੇ ਮੁੰਬਈ ਵਿੱਚ ਹੀ ਇਨ੍ਹਾਂ ਮਜ਼ਬੂਰ ਔਰਤਾਂ ਦੀ ਗਿਣਤੀ ਇੱਕ ਲੱਖ ਹੈ। ਇੱਕ ਅੰਦਾਜ਼ੇ ਮੁਤਾਬਕ ਇਹ ਧੰਦਾ ਸਾਲਾਨਾ 40,000 ਕਰੋੜ ਰੁਪੈ ਦਾ ਹੁੰਦਾ ਹੈ। ਬਲਾਤਕਾਰਾਂ ਤੋਂ ਇਲਾਵਾ ਔਰਤਾਂ 'ਤੇ ਹੁੰਦੇ ਹੋਰ ਅੱਤਿਆਚਾਰ ਅਤੇ ਹਿੰਸਕ ਘਟਨਾਵਾਂ ਇਸ ਤੋਂ ਵੱਖਰੀਆਂ ਹਨ। ਔਰਤ ਅੱਜ ਕਿਸੇ ਥਾਂ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਸਕਦੀ। ਔਰਤਾਂ ਨਾਲ ਤਾਂ ਥਾਣਿਆਂ ਅੰਦਰ ਵੀ ਬਲਾਤਕਾਰ ਹੋ ਰਹੇ ਹਨ। ਪਰ ਸਾਡੀਆਂ ਹਕੂਮਤਾਂ ਤਾਂ ਸ਼ਾਇਦ ਪੰਜਾਬੀ ਦੀ ਇਹ ਕਹਾਵਤ ਕਿ "ਬਦਨਾਮ ਹੋਗੇਂ ਤੋ ਨਾਮ ਵੀ ਹੋਗਾ" ਨੂੰ ਅਪਣਾ ਰਹੀਆਂ ਹਨ।

ਹੋਰ ਲਵੋ, ਜੋ ਦੇਸ਼ ਦਾ ਭਵਿੱਖ ਗਿਣੇ ਅਤੇ ਕਹੇ ਜਾਂਦੇ ਹਨ, ਉਹ ਬੱਚੇ ਮਜ਼ਦੂਰੀ ਕਰਨ 'ਤੇ ਮਜ਼ਬੂਰ ਹਨ, ਸੜਕਾਂ ਕਿਨਾਰੇ ਪਏ ਗੰਦਾਂ ਦੇ ਢੇਰਾਂ 'ਚੋਂ ਪਲਾਸਟਿਕ ਦੇ ਲਿਫਾਫੇ ਆਦਿ ਚੁਗਣ 'ਤੇ ਮਜ਼ਬੂਰ ਹਨ। ਗ੍ਰਹਿ ਵਿਭਾਗ ਦੇ ਮੰਤਰਾਲੇ ਅਨੁਸਾਰ ਹਰ ਦਿਨ ਰਾਜਧਾਨੀ ਦਿੱਲੀ 'ਚੋਂ 14 ਬੱਚੇ ਗਾਇਬ ਹੋ ਜਾਂਦੇ ਹਨ। ਇਨ੍ਹਾਂ ਬੱਚਿਆਂ ਨੂੰ ਵੇਸ਼ਵਾਗਮਨੀ, ਭੀਖ ਮੰਗਾਉਣ, ਅੰਗਾਂ ਦੇ ਵਪਾਰ ਅਤੇ ਖੇਤਾਂ ਵਿੱਚ ਕੰਮ ਲਈ ਵਰਤਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ 2 ਕਰੋੜ ਅਨਾਥ ਹੋਏ ਬੱਚੇ ਹਨ। 5 ਲੱਖ ਬੱਚੇ ਜਨਮ ਲੈਣ ਸਾਰ ਹੀ ਮਰ ਜਾਂਦੇ ਹਨ। ਕੁਪੋਸ਼ਣ ਦਾ ਸ਼ਿਕਾਰ 20 ਲੱਖ ਬੱਚੇ ਬਿਨਾਂ ਇਲਾਜ ਪੰਜ ਸਾਲ ਦੀ ਉਮਰ ਤੱਕ ਪਹੁੰਚਦੇ ਪਹੁੰਚਦੇ ਅਜਿਹੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ ਜਿਹੜੀਆਂ ਰੋਕੀਆਂ ਜਾ ਸਕਦੀਆਂ ਹਨ ਜਿਵੇਂ ਕਿ ਪੇਚਸ਼, ਟਾਈਫਾਈਡ, ਮਲੇਰੀਆ ਆਦਿ।

ਅੱਜ ਥਾਂ ਥਾਂ 'ਤੇ ਵਜਦੇ ਗੀਤ, ਵਿਖਾਈਆਂ ਜਾਂਦੀਆਂ ਫਿਲਮਾਂ ਐਨੀਆਂ ਅਸ਼ਲੀਲ ਹਨ ਕਿ ਹਰ ਨੇਕ ਇਨਸਾਨ ਦਾ ਦਿਲ ਕੂਕ ਉੱਠਦਾ ਹੈ। ਇਨਸਾਨ ਟੈਲੀਵੀਜ਼ਨ 'ਤੇ ਚੱਲਦੀਆਂ ਫਿਲਮਾਂ ਅਤੇ ਗੀਤ ਆਪਣੇ ਪਰਿਵਾਰ 'ਚ ਬਹਿਕੇ ਵੇਖ-ਸੁਣ ਨਹੀਂ ਸਕਦਾ। ਨੌਜਵਾਨਾਂ 'ਤੇ ਇਹ **ਵਰਤਾਰਾ** ਅਜਿਹਾ ਪ੍ਰਭਾਵ ਛੱਡ ਰਿਹਾ ਹੈ ਕਿ ਉਹ ਵੀ ਇਸ ਅਨੁਸਾਰ ਆਪਣੀ ਜੀਵਨ-ਜਾਂਚ ਅਪਣਾ ਰਹੇ ਹਨ। ਫਿਲਮਾਂ ਅੰਦਰ ਦਿਖਾਏ ਜਾਂਦੇ ਮੋਟਰ-ਸਾਈਕਲਾਂ ਜਾਂ ਗੱਡੀਆਂ ਦੇ ਸਟੰਟ, ਲੜਕੀਆਂ ਨੂੰ ਛੇੜ-ਛਾੜ ਅਤੇ ਤੰਗ-ਪ੍ਰੇਸ਼ਾਨ ਕਰਨ, ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦ੍ਰਿਸ਼ ਅਤੇ ਉਨ੍ਹਾਂ ਨੂੰ ਕਾਮ-ਵਾਸਨਾ ਦਾ ਸ਼ਿਕਾਰ ਬਣਾਉਣ ਅਤੇ ਇਸੇ ਤਰ੍ਹਾਂ ਕਰਦਿਆਂ ਆਪਣੇ ਆਪਨੂੰ 'ਹੀਰੋ' ਸਮਝਣ ਦੇ ਦ੍ਰਿਸ਼ਾਂ ਨੇ ਆਮ ਨੌਜਵਾਨਾਂ ਦੇ ਮਨਾਂ 'ਤੇ ਵੀ ਬੁਰਾ ਪ੍ਰਭਾਵ ਪਾ ਦਿੱਤਾ ਹੈ ਅਤੇ ਉਹ ਵੀ ਅਜਿਹੇ 'ਹੀਰੋ' ਬਣਨ ਦੇ ਰਾਹ ਪੈਂਦੇ ਜਾ ਰਹੇ ਹਨ। ਫਿਲਮਾਂ ਵਿੱਚ ਦਿਖਾਈਆਂ ਜਾਂਦੀਆਂ ਗੈਂਗਾਂ ਦੀ ਲੜਾਈਆਂ ਵੀ ਆਮ ਨੌਜਵਾਨਾਂ 'ਤੇ ਬੁਰਾ ਪ੍ਰਭਾਵ ਛੱਡ ਰਹੀਆਂ ਹਨ। ਕੀ ਇਹ ਸਭ ਕੁੱਝ ਹਕੂਮਤਾਂ ਨੂੰ ਪਤਾ ਨਹੀਂ? ਪਤਾ ਹੈ। ਉਹ ਜਾਣ ਬੁੱਝਕੇ ਇਹ ਸਾਰਾ ਕੁੱਝ ਨੌਜਵਾਨਾਂ ਅੱਗੇ ਪਰੋਸ ਰਹੀਆਂ ਹਨ ਤਾਂਕਿ ਨੌਜਵਾਨ ਇਨ੍ਹਾਂ ਸ਼ਹੀਦਾਂ ਦੇ ਵਾਂਗ ਲੋਕਾਂ ਦੇ ਹੀਰੋ ਨਾ ਬਣ ਜਾਣ।

27 ਜਨਵਰੀ 2012 ਦੀ ਇੱਕ ਖਬਰ ਹੈ ਕਿ ਆਂਧਰਾ ਪ੍ਰਦੇਸ਼ ਦੇ ਲੋਕਾਂ ਦੇ ਇੱਕ ਗਰੁੱਪ ਨੇ ਗੁਪਤ ਖਜ਼ਾਨਾ ਮਿਲ ਜਾਣ ਦੇ ਅੰਧਵਿਸ਼ਵਾਸ ਅਧੀਨ 14 ਸਾਲਾ ਬੱਚੇ ਦੀ ਬਲੀ ਦੇ ਦਿੱਤੀ ਭਾਵ

ਅੰਧਵਿਸ਼ਵਾਸਾਂ ਅਧੀਨ ਮਨੁੱਖਾਂ ਤੱਕ ਦੀਆਂ ਬਲੀਆਂ ਦਿੱਤੀਆਂ ਜਾ ਰਹੀਆਂ ਹਨ। ਸਾਧ- ਸੰਤ, ਧਾਰਮਿਕ ਪੁਜਾਰੀ ਵਗੈਰਾ ਦਾ ਪਰਜੀਵੀ ਲਾਣਾ ਅੰਧਵਿਸ਼ਵਾਸਾਂ ਦੇ ਸਾਧਨ ਰਾਹੀਂ ਲੋਕਾਂ ਦੀ ਛਿੱਲ ਲਾਹ ਰਿਹਾ ਹੈ। ਇਨ੍ਹਾਂ ਹਕੂਮਤਾਂ ਨੂੰ ਪਤਾ ਹੈ ਕਿ ‘‘ਜ਼ਿੰਦਗੀ ਨਹੀਂ ਬਲਕਿ ਮੌਤ, ਅਧਿਆਤਮਕਤਾ(Spiritualism) ਦਾ ਅੰਤਿਮ ਨਿਸ਼ਾਨਾ ਅਤੇ ਇੱਛਤ ਉਦੇਸ਼ ਹੁੰਦਾ ਹੈ।’’ਲੋਕ ਇਸ ਦੀ ਪੂਰਤੀ ਲਈ ਜ਼ਿੰਦਗੀ ’ਚ ਹਕੂਮਤਾਂ ਵਿਰੁੱਧ ਸੰਘਰਸ਼ ਕਰਨ ਦੀ ਬਜਾਏ ਮੌਤ ਤੋਂ ਬਾਅਦ ਅਖੌਤੀ ਖੂਬਸੂਰਤ ਜ਼ਿੰਦਗੀ ਲਈ ਅੰਧਵਿਸ਼ਵਾਸਾਂ ਵਿੱਚ ਫਸੇ ਰਹਿੰਦੇ ਹਨ ਅਤੇ ਹਕੂਮਤਾਂ ਲੋਕਾਂ ਦੇ ਗੁੱਸੇ ਅਤੇ ਸੰਘਰਸ਼ ਤੋਂ ਬਚੀਆਂ ਰਹਿੰਦੀਆਂ ਹਨ। ਇਸੇ ਲਈ ਸ਼ਹੀਦਾਂ ਨੇ ਕਿਹਾ ਸੀ ਕਿ ‘‘ਅੰਧਵਿਸ਼ਵਾਸ.. ..ਖਤਰਨਾਕ ਹੁੰਦੇ ਹਨ।’’ ਤਾਂਹੀਓਂ ਹਕੂਮਤਾਂ ਵੀ ਅੰਧ-ਵਿਸ਼ਵਾਸ ਫੈਲਾਉਣ ਦੀ ਹੱਲਾਸ਼ੇਰੀ ਅਤੇ ਖੁੱਲੀ ਛੁੱਟੀ ਦੇ ਰਹੀਆਂ ਹਨ, ਸ਼ਹੀਦਾਂ ਦੀ ਸਿੱਖਿਆ ਨੂੰ ਕਫਨ ਪਹਿਨਾ ਰਹੀਆਂ ਹਨ।

ਸਾਰ ਤੱਤ: ਸਾਡੇ ਦੇਸ਼ ਅੰਦਰ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ, ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਉੱਘੇ ਅਰਥਸ਼ਾਸ਼ਤਰੀ ਅੰਮ੍ਰਿਤਆ ਸੇਨ ਦਾ ਕਿਹਾ ‘‘ਜਦੋਂ ਭਾਰਤ ਨੇ ..ਆਜ਼ਾਦੀ ਲਈ ਉਦੋਂ ਲੋਕੀਂ ਭੁੱਖ ਦੀ ਬਿਮਾਰੀ ਨਾਲ ਪੀੜਤ ਸਨ ਤੇ ਹੁਣ ਵੀ ਹਨ।’’ ਵੀ ਇੱਕ ਕੌੜਾ ਸੱਚ ਹੈ ਕਿਉਂਕਿ ਅੱਜ ਵੀ 20 ਕਰੋੜ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ ਅਤੇ ਹਰ ਸਾਲ ਭੁੱਖ ਨਾਲ 25 ਲੱਖ ਲੋਕ ਮੌਤ ਦੇ ਮੂੰਹ ’ਚ ਚਲੇ ਜਾਂਦੇ ਹਨ ਦੂਸਰੇ ਪਾਸੇ ਜਦੋਂ ਸੁਪਰੀਮ ਕੋਰਟ ਨੇ ਸਟੋਰਾਂ ’ਚ ਕਰੋੜਾਂ ਟਨ ਗਲ-ਸੜ ਰਿਹਾ ਅਨਾਜ ਗਰੀਬਾਂ ’ਚ ਵੰਡਣ ਲਈ ਕਿਹਾ ਤਾਂ ਹਕੂਮਤ ਨੇ ਦੋ ਟੁੱਕ ਇਨਕਾਰ ਕਰ ਦਿੱਤਾ। ਔਰਤਾਂ ਅਤੇ ਬੱਚਿਆਂ ਦਾ ਜੀਵਨ ਘੋਰ ਅਪਮਾਨਤਾ ਵਾਲਾ ਬਣਿਆ ਹੋਇਆ ਹੈ, ਸਭਿਆਚਾਰਕ ਨਿਘਾਰ ਤੋਂ ਨਿਘਾਰ ਵੱਲ ਵਧਦਾ ਜਾ ਰਿਹਾ ਹੈ, ਬੇਰੁਜ਼ਗਾਰੀ ਅਤੇ ਨਸ਼ਾਖੋਰੀ ਨੇ ਨੌਜਵਾਨਾਂ ਨੂੰ ਗ੍ਰੱਸਿਆ ਹੋਇਆ ਹੈ, ਹਕੂਮਤਾਂ ਵੱਲੋਂ ਨਸ਼ਾਖੋਰੀ ਨੂੰ ਵਧਾਇਆ ਜਾ ਰਿਹਾ ਹੈ। ਸ਼ਰਾਬ ਦੇ ਠੇਕੇ ਖੁੱਲਣ ਦਾ ਵਿਰੋਧ ਕਰਨ ਵਾਲੇ ਲੋਕਾਂ ’ਤੇ ਪੰਜਾਬ ਪੁਲਿਸ ਤੇ ਪ੍ਰਸ਼ਾਸ਼ਨ ਵੱਲੋਂ 2012 ’ਚ ਪਿੰਡ ਸਲਾਬਤਪੁਰਾ, ਜ਼ਿਲਾ ਬਠਿੰਡਾ, ਦੇ ਲੋਕਾਂ ’ਤੇ ਢਾਹਿਆ ਜ਼ਬਰ ਇਸਦੀ ਮੂੰਹ ਬੋਲਦੀ ਤਸਵੀਰ ਤਾਂ ਹੈ ਹੀ, ਨਾਲ ਦੀ ਨਾਲ ਪੰਜਾਬ ਸਰਕਾਰ ਵੱਲੋ ਸ਼ਰਾਬ ਦੀ ਸਨਅਤ ਨੂੰ 500 ਕਰੋੜ ਦੀਆਂ ਰਿਆਇਤਾਂ ਦੇਣਾ ਵੀ ਇਹੀ ਸਾਬਤ ਕਰਦਾ ਹੈ। ਅੰਧਵਿਸ਼ਵਾਸ ਹੋਰ ਫੈਲਾਏ ਜਾ ਰਹੇ ਹਨ। ਗਰੀਬੀ ਤੇ ਅਮੀਰੀ ਦਾ ਪਾੜਾ ਇੰਨਾ ਹੈ ਕਿ 80 ਕਰੋੜ ਤੋਂ ਉੱਪਰ ਲੋਕਾਂ ਦੀ 20 ਰੁਪੈ ਰੋਜ਼ਾਨਾ ਦੀ ਆਮਦਨੀ ਹੈ ਜਦੋਂ ਕਿ ’ਕੱਲੇ ਅੰਬਾਨੀ ਦੀ ਰੋਜ਼ਾਨਾ ਤਨਖਾਹ ਹੀ 20 ਲੱਖ ਬਣਦੀ ਹੈ। ਇੱਕ ਪਾਸੇ 80 ਕਰੋੜ ਤੋਂ ਉੱਪਰ ਦੀ ਆਬਾਦੀ 20 ਰੁਪੈ ਰੋਜ਼ਾਨਾ ’ਤੇ ਡੰਗ ਟਪਾਉਣ ’ਤੇ ਮਜ਼ਬੂਰ ਹੈ, ਦੂਸਰੇ ਪਾਸੇ ਕਰਨਾਟਕ ਦਾ ਇੱਕ ਸਾਬਕਾ ਮੰਤਰੀ 2.2 ਕਰੋੜ ਦੀ ਸੋਨੇ ਦੀ ਕੁਰਸੀ ’ਤੇ ਬੈਠਦਾ ਹੈ ਅਤੇ 13.5 ਲੱਖ ਦੀ ਬੈਲਟ ਪਹਿਨਦਾ ਹੈ। ਕਿੰਨੇ ਕਰੋੜ ਲੋਕਾਂ ਕੋਲ ਘਰ ਹੀ ਨਹੀਂ ਉੱਥੇ ਮੁਕੇਸ਼ ਅੰਬਾਨੀ ਨੇ 27 ਮੰਜ਼ਿਲਾ ਮਹਿਲ ਉਸਾਰਿਆ ਹੈ। ਪੰਜਾਬ ’ਚ ਹੋਈਆਂ ਕਬੱਡੀ ਦੀਆਂ ਖੇਡਾਂ ’ਚ ਕਰੋੜਾਂ ਰੁਪੈ ਐਕਟਰਾਂ ਅਤੇ ਐਕਟਰਨੀਆਂ ਨੂੰ ਲੁਟਾਉਣ ਦਾ ਸਭ ਨੂੰ ਪਤਾ ਹੈ। ਇਹ ਲੜੀ ਜਿੰਨੀ ਮਰਜ਼ੀ ਲੰਬੀ ਕਰ ਲਵੋ।

ਇਹ ਸਾਰਾ ਕੁੱਝ ਸਾਡੀਆਂ ਹਕੂਮਤਾਂ ਦੀ ਛਤਰਛਾਇਆ ਹੇਠ ਹੋਇਆ ਹੈ। ਇਸ ਲਈ ਇਹ ਹਕੂਮਤੀ ਸਿਆਸੀ ਪਾਰਟੀਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੀਆਂ ਹੱਕਦਾਰ ਨਹੀਂ ਹਨ। ਸ਼ਹੀਦਾਂ ਦੇ ਸੁਪਨਿਆਂ ਨੂੰ ਖਤਮ ਕਰਨ ਲਈ ਉਨ੍ਹਾਂ ਨੂੰ ਸਰੀਰਕ ਤੌਰ ’ਤੇ ਕਤਲ ਕਰਕੇ ਸ਼ਹੀਦ ਕਰਨ ’ਤੇ ਜਿੱਥੇ ਅੰਗਰੇਜ਼ ਕਾਤਲ ਕਹੇ ਜਾਂਦੇ ਹਨ, ਉੱਥੇ ਸਾਡੀਆਂ ਹਕੂਮਤਾਂ ਵੀ ਸ਼ਹੀਦਾਂ ਦੇ ਸੁਪਨਿਆਂ ਦਾ ਕਤਲ ਕਰਕੇ ਕਾਤਲਾਂ ਦੀ ਕਤਾਰ ’ਚ ਹੀ ਖਲੋਂਤੀਆਂ ਹੋਈਆਂ ਹਨ।

ਹੁਣ ਗੱਲ ਕਰਦੇ ਹਾਂ ਅਗਾਂਹਵਧੂ ਪਾਰਟੀਆਂ, ਜਥੇਬੰਦੀਆਂ ਭਾਵ ਲੋਕ ਪੱਖੀ ਸਕਤੀਆਂ ਦੀ। ਇਸ ’ਚ ਕੋਈ ਸ਼ੱਕ ਨਹੀਂ ਕਿ ਜੇਕਰ ਲੋਕਾਂ ਦੇ ਪੱਖ ਵਿੱਚ ਕੋਈ ਆਵਾਜ਼ ਬੁਲੰਦ ਕਰਦੀਆਂ ਜਾਂ ਜੱਦੋਜਹਿਦ ਕਰਦੀਆਂ ਜਾਂ ਉਨ੍ਹਾਂ ਦੇ ਦਿਮਾਗਾਂ ਤੋਂ ਅੰਧਵਿਸ਼ਵਾਸਾਂ ਦਾ ਜਾਲਾ ਲਾਹ ਰਹੀਆਂ ਹਨ ਤਾਂ ਇਹ ਲੋਕ ਪੱਖੀ ਸ਼ਕਤੀਆਂ ਹੀ ਕਰ ਰਹੀਆਂ ਹਨ। ਪਰ ਫਿਰ ਵੀ ਸਾਡੇ ਲਈ ਇਹ ਦੇਖਣਾ ਜ਼ਰੂਰ ਬਣਦਾ ਹੈ ਕਿ ਕੀ ਉਹ ਇਨ੍ਹਾਂ ਸ਼ਹੀਦਾਂ ਦੇ ਅਸੂਲਾਂ ਅਤੇ ਦ੍ਰਿੜਤਾ ਨੂੰ ਆਪਣੇ ਜੀਵਨ ਅੰਦਰ ਸਹੀ ਮਾਅਨਿਆਂ ’ਚ ਅਤੇ ਪੂਰੀ ਤਰ੍ਹਾਂ ਨਾਲ ਲਾਗੂ ਕਰ ਰਹੇ ਹਨ? ਆਓ ਦੇਖੀਏ।

ਆਮ ਦੇਖਣ ਵਿੱਚ ਆਉਂਦਾ ਹੈ ਕਿ ਜੇਕਰ ਇਹ ਲੋਕ ਧਾਰਮਿਕਤਾ ਦਾ ਸ਼ਿਕਾਰ ਨਹੀਂ ਵੀ ਪਰ ਫਿਰ ਵੀ ਇਹ ਕਿਸੇ ਧਾਰਮਿਕ ਸਮਾਗਮ ’ਤੇ ਧਾਰਮਿਕ ਸ਼ਰਧਾ ਵਾਲਿਆਂ ਵਾਂਗ ਨਤਮਸਤਕ ਹੁੰਦੇ ਦੇਖੇ ਜਾਂਦੇ ਹਨ। ਇਸ ਨਾਲ ਉਨ੍ਹਾਂ ਦੀ ਦ੍ਰਿੜਤਾ

ਦਾ ਨਾ ਹੋਣਾ ਜੇ ਨਾ ਵੀ ਕਿਹਾ ਜਾਵੇ ਤਾਂ ਇਸ ਵਿੱਚ ਡਾਂਵਾਂਡੋਲਤਾ ਤਾਂ ਬਣ ਹੀ ਜਾਂਦੀ ਹੈ। ਹੋਰ ਸੁਣੋ। ਇੱਕ ਵਾਰੀ ਹਮੀਦੀ ਵਿਖੇ ਇੱਕ ਕਿਸਾਨ ਸ਼ਹੀਦ ਦਾ ਸ਼ਹੀਦੀ ਸਮਾਗਮ ਸੀ ਤਾਂ ਉੱਥੇ ਇੱਕ ਸੂਬਾਈ ਕਿਸਾਨ ਆਗੂ ਨੇ ਲੋਕਾਂ ਨੂੰ ਸੰਬੋਧਨ ਕੀਤਾ। ਭਾਸ਼ਣ ਦੇ ਅੰਤ 'ਤੇ ਉਸਨੇ "ਵਹਿਗੁਰੂ ਜੀ ਕਾ ਖਾਲਸਾ, ਵਹਿਗੁਰੂ ਜੀ ਕੀ ਫਤਿਹ" ਦਾ ਬੋਲਾ ਬੋਲਿਆ। ਇਸ 'ਤੇ ਮੇਰੇ ਕੋਲ ਬੈਠੇ ਉਸੇ ਜਥੇਬੰਦੀ ਦੇ ਇੱਕ ਅਧਖੜ ਉਮਰ ਦੇ ਵਰਕਰ ਨੇ ਟਿੱਪਣੀ ਕਰਦਿਆਂ ਕਿਹਾ ਕਿ "ਜੇਕਰ ਵਹਿਗੁਰੂ ਜੀ ਕੀ ਫਤਿਹ" ਹੀ ਹੋਣੀ ਹੈ ਤਾਂ ਪੁਲਿਸ ਤੋਂ ਸਾਡੇ ਮੌਰ ਕਿਉਂ ਭਨਾਉਂਦੇ ਹੋ।" ਇਹ ਬੋਲਾ ਸਿੱਖ ਧਰਮ ਦੇ ਅਨੁਆਈਆਂ ਲਈ ਤਾਂ ਠੀਕ ਹੈ ਪਰ ਜਿਹੜੇ ਲੋਕ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਰੱਖਣ ਦੀ ਥਾਂ ਇਨ੍ਹਾਂ ਸ਼ਹੀਦਾਂ ਵਾਂਗ ਸੰਘਰਸ਼ ਵਿੱਚ ਵਿਸ਼ਵਾਸ ਕਰਦੇ ਹਨ, ਉਨ੍ਹਾਂ ਲਈ ਇਹੋ ਜਿਹੇ ਬੋਲੇ ਬੋਲਣੇ ਉਨ੍ਹਾਂ ਅੰਦਰ ਕਿਸੇ ਨਾ ਕਿਸੇ ਰੂਪ **ਵਿੱਚ** ਜੇਕਰ ਵਿਚਾਰਧਾਰਕ ਕਮਜ਼ੋਰੀ ਨਹੀਂ ਵੀ ਤਾਂ ਸਪੱਸ਼ਟਤਾ ਦੀ ਕਮੀ ਵੱਲ ਸੰਕੇਤ ਜ਼ਰੂਰ ਕਰਦੇ ਹਨ। ਇਸ ਤੋਂ ਬਚਣ ਦਾ ਆਦੇਸ਼ ਦਿੰਦਿਆਂ ਹੀ ਸ਼ਹੀਦਾਂ ਨੇ ਆਪਣੇ ਪ੍ਰੋਗਰਾਮ ਵਿੱਚ ਬਕਾਇਦਾ ਦਰਜ ਕੀਤਾ ਸੀ ਕਿ "ਸਾਨੂੰ..ਧਾਰਮਿਕਤਾ ਦੇ ਆਦਰਸ਼ਾਂ 'ਤੇ ਖੇਡਣ ਦੀ ਲੋੜ ਨਹੀਂ।"

ਸ਼ਹੀਦ ਭਗਤ ਸਿੰਘ ਨੇ ਆਪਣੇ ਵੇਲੇ ਦੇ ਵੱਖੋ ਵੱਖਰੇ ਗਰੁੱਪਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰ ਦਿੱਤਾ ਸੀ ਪਰ ਅੱਜ ਲੋਕ-ਪੱਖੀ ਸ਼ਕਤੀਆਂ ਦਾ ਇਹ ਕਾਰਜ ਅਧੂਰਾ ਹੈ। ਹਾਂ, ਇਹ ਸਵਾਲ ਸਭ ਦੇ ਸੋਚਣ ਦਾ ਹੈ। ਇਹੀ ਨਹੀਂ ਭਗਤ ਸਿੰਘ ਨੇ ਲਿਖਿਆ ਸੀ ਕਿ "ਇਨਕਲਾਬ ਦਾ ਬੌਧਿਕ ਸਮਾਨ ਆਮ ਤੌਰ 'ਤੇ ਬੇਧਿਆਨਾ ਰਿਹਾ..।" ਇਸ ਲਈ ਉਸਨੇ ਅਧਿਐਨ ਦੀ ਮਹੱਤਤਾ ਬਾਰੇ ਲਿਖਿਆ ਸੀ ਕਿ ਲੋਕ ਪੱਖੀਆਂ ਨੂੰ "ਪੜ੍ਹਾਈ ਅਤੇ ਅਧਿਐਨ ਆਪਣੀ ਪਵਿੱਤਰ ਡਿਊਟੀ ਬਣਾ ਲੈਣੀ ਚਾਹੀਦੀ ਹੈ।" ਪਰ ਲੋਕ ਪੱਖੀ ਸ਼ਕਤੀਆਂ ਵਿੱਚ ਅਧਿਐਨ ਵੱਲ ਬਣਦਾ ਧਿਆਨ ਦਿੱਤਾ ਜਾਂਦਾ ਵਿਖਾਈ ਨਹੀਂ ਦਿੰਦਾ। ਭਲਾਂ ਅਧਿਐਨ ਤੋਂ ਵਗੈਰ ਲੋਕਾਂ ਨੂੰ ਸਹੀ ਦਿਸ਼ਾ ਵਾਲੀ ਅਗਵਾਈ ਕਿਵੇਂ ਦਿੱਤੀ ਜਾ ਸਕਦੀ ਹੈ?

ਭਗਤ ਸਿੰਘ ਨੇ ਕਿਹਾ ਸੀ ਕਿ "ਉੱਚ ਪਾਏ ਦਾ ਪ੍ਰੇਮ ਕਰਨ ਦੇ ਲਈ ਸਮਾਜ ਵਿੱਚ ਆਜ਼ਾਦੀ ਦਾ ਮਾਹੌਲ ਚਾਹੀਦਾ ਹੈ ਜਿੱਥੇ ਮੁੰਡੇ ਕੁੜੀਆਂ ਪ੍ਰੇਮ ਮਈ ਜ਼ਿੰਦਗੀ ਬਤੀਤ ਕਰ ਸਕਣ ਅਤੇ ਉਹਨਾਂ ਉੱਪਰ ਕੋਈ ਉਂਗਲੀ ਨਾ ਉਠਾ ਸਕੇ। ਅਸੀਂ ਗੁਲਾਮੀ ਦੇ ਮਾਹੌਲ 'ਚ ਪੈਦਾ ਹੋਏ ਹਾਂ। ਸਾਡਾ ਸਮਾਜ ਅਜਿਹਾ ਨਹੀਂ ਹੈ, ਜਿੱਥੇ ਮੁੰਡੇ ਕੁੜੀਆਂ ਹਕੀਕੀ ਪ੍ਰੇਮ ਕਰਨ ਦੇ ਲਈ ਆਜ਼ਾਦ ਹੋਣ। ਸੱਚਾ ਪ੍ਰੇਮ ਇਨਸਾਨ ਨੂੰ ਬਹੁਤ ਉੱਚਾ ਉਠਾ ਲੈਂਦਾ ਹੈ। ਮੁਸੀਬਤ 'ਚ ਢਾਰਸ ਬੰਨਾਉਂਦਾ ਹੈ। ਇੱਕ ਦੂਜੇ ਉੱਤੋਂ ਆਪਾ ਵਾਰ ਦੇਣ ਦੀ ਭਾਵਨਾ ਨੂੰ ਜਾਗ੍ਰਿਤ ਕਰਦਾ ਹੈ ਪਰ ਉਦੋਂ ਜਦੋਂ ਪ੍ਰੇਮ, ਪ੍ਰੇਮ ਹੋਵੇ ਸਿਰਫ ਵਿਲਾਸਤਾ ਨਾ ਹੋਵੇ।" ਇਹ ਮਿਸਾਲ ਦੇਣ ਤੋਂ ਭਾਵ ਹੈ ਕਿ ਇਨ੍ਹਾਂ ਸ਼ਹੀਦਾਂ ਨੇ ਆਪਣੇ ਪ੍ਰੇਮ ਆਦਿ ਦੀਆਂ ਨਿੱਜੀ ਭਾਵਨਾਵਾਂ ਨੂੰ ਵੀ ਆਪਣੇ ਆਦਰਸ਼ ਦੇ ਅਧੀਨ ਕੀਤਾ ਹੋਇਆ ਸੀ।

ਇਸ ਲਈ ਭਾਵੇਂ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਦੀਆਂ ਹੱਕਦਾਰ ਲੋਕ ਪੱਖੀ ਸ਼ਕਤੀਆਂ ਹੀ ਹਨ ਪਰ ਇਹ ਸੱਚੀ ਸ਼ਰਧਾਂਜਲੀ ਫਿਰ ਹੀ ਕਹਿਲਾ ਸਕੇਗੀ ਜੇਕਰ ਲੋਕ ਪੱਖੀ ਸ਼ਕਤੀਆਂ ਦੇ ਕਾਰਕੁੰਨ ਅਧਿਐਨ ਕਰਨ, ਏਕਤਾ ਪੈਦਾ ਕਰਨ ਦੇ ਸਿਰਤੋੜ ਯਤਨ ਜੁਟਾਉਣ, ਕਹਿਣੀ ਤੇ ਕਰਨੀ ਦੇ ਸੁਮੇਲ ਦੀ ਸਾਕਾਰ ਮੂਰਤ ਬਣਨ, ਲੋਕਾਂ ਨਾਲ ਨੇੜਿਓਂ ਤਾਲਮੇਲ ਵਧਾਉਂਦਿਆਂ ਸਿੱਖਣ-ਸਿਖਾਉਣ, ਹਰ ਕੁਰਬਾਨੀ ਲਈ ਤਤਪਰ ਰਹਿਣ, ਲੋਕ-ਪੱਖੀ ਸਮਾਜ ਸਿਰਜਣ ਤੋਂ ਇਲਾਵਾ ਹੋਰ ਕੋਈ ਇੱਛਾ ਅਤੇ ਖਾਹਿਸ਼ ਨਾ ਰੱਖਣ, ਸ਼ਹੀਦਾਂ ਦੀ ਤਰ੍ਹਾਂ ਆਪਣੀਆਂ ਨਿੱਜੀ ਸੁਖ-ਸਹੂਲਤਾਂ ਅਤੇ ਖਾਹਿਸ਼ਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਆਦਰਸ਼ ਦੇ ਅਧੀਨ ਰੱਖਣ, ਅੰਧਵਿਸ਼ਵਾਸਾਂ ਅਤੇ ਧਾਰਮਿਕਤਾ ਦੇ ਸ਼ਿਕਾਰ ਨਾ ਹੋਣ ਅਤੇ ਸ਼ਹੀਦਾਂ ਦੀ ਵਿਰਾਸਤ ਨੂੰ ਕੱਟਣ ਪੈਂਦੀ ਤਲਵਾਰ ਅੱਗੇ ਆਪਣਾ ਸੀਸ ਕਰਨ ਦਾ ਜੇਰਾ ਰੱਖਣ। ਜੇਕਰ ਇਹ ਸਾਰਾ ਕੁੱਝ ਨਹੀਂ ਅਪਣਾਇਆ ਜਾਂਦਾ ਤਾਂ ਇਹ ਸ਼ਕਤੀਆਂ ਵੀ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਨਹੀਂ ਬਲਕਿ ਹੀਰੋ ਬਣਾਉਣ ਤੱਕ ਹੀ ਸੀਮਤ ਹੋ ਜਾਣਗੀਆਂ। ਇਹ ਹੀਰੋ ਪੂਜਾ ਬਣ ਜਾਵੇਗੀ ਅਤੇ "ਹੀਰੋ ਪੂਜਾ ਉਨ੍ਹਾਂ ਕੋਸ਼ਿਸ਼ਾਂ ਤੋਂ ਪਾਸੇ ਲਿਜਾਂਦੀ ਹੈ ਜੋ ਅਮਲ ਵਿੱਚ ਕੀਤੀਆਂ ਜਾਣੀਆਂ ਹੁੰਦੀਆਂ ਹਨ।"

ਸਹਾਇਤਾ ਕਿਤਾਬ: 1. ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ: ਸੰਪਾਦਕ ਜਗਮੋਹਨ ਸਿੰਘ, 2.ਅਮਰ ਸ਼ਹੀਦਾਂ ਦੀਆਂ ਯਾਦਾਂ , ਲੇਖਕ ਰਾਜਾ ਰਾਮ ਸ਼ਾਸ਼ਤਰੀ, 3.ਹੁਤਾਤਮਾ ਰਾਜਗੁਰੂ ਲੇਖਕ ਚਰਨ ਕੌਸ਼ਲ, 4. ਸ਼ਹੀਦ ਭਗਤ ਸਿੰਘ ਦਾ ਜੀਵਨ ਅਤੇ ਵਿਚਾਰਧਾਰਾ (ਅੰਗਰੇਜ਼ੀ) ਸੰਪਾਦਕ ਸੁਖਦੇਵ ਸਿੰਘ ਸੋਹਲ ਅਤੇ ਅਮਨਦੀਪ ਸਿੰਘ ਸ਼ੇਖੋਂ ਅਤੇ ਇਸਤੋਂ ਇਲਾਵਾ ਇੰਟਰਨੈਟ।

98769-53561

ਜਗਿਆਸਾ

? ਡਾ. ਨਰਿੰਦਰ ਨਾਇਕ ਅਨੁਸਾਰ ਦੁੱਧ ਕੱਟੀਆਂ ਵੱਛੀਆਂ ਲਈ ਹੈ ਜਾਂ ਫਿਰ ਬੱਚਿਆਂ ਲਈ ਹੈ। ਜਦ 4.5 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਇਸ ਤੋਂ ਇਲਾਵਾ ਇੰਨ੍ਹੇ ਹੀ ਪ੍ਰਤੀਸ਼ਤ ਔਰਤਾਂ ਵਿੱਚ ਖੂਨ ਦੀ ਕਮੀ, ਕੈਲਸ਼ੀਅਮ, ਆਇਰਨ ਆਦਿ ਜ਼ਰੂਰੀ ਖਣਿਜਾਂ ਦੀ ਕਮੀ ਹੈ ਤਾਂ ਕੀ ਦੁੱਧ ਪੀਣਾ ਸਹੀ ਨਹੀਂ?

(ਘਣਸ਼ਾਮ ਜੋਸ਼ੀ, ਪਟਿਆਲਾ)

- ਡਾ. ਨਰਿੰਦਰ ਨਾਇਕ ਦੇ ਦੁੱਧ ਪ੍ਰਤੀ ਵਿਚਾਰ ਪੂਰੀ ਤਰ੍ਹਾਂ ਠੀਕ ਨਹੀਂ। ਵਿਗਿਆਨ ਨੇ ਸਿੱਧ ਕੀਤਾ ਕਿ ਦੁੱਧ ਇੱਕ ਸੰਪੂਰਨ ਭੋਜਨ ਹੈ। ਇਸ ਵਿੱਚ ਸ਼ਰੀਰ ਦੀ ਲੋੜ ਵਾਲੇ ਸਾਰੇ ਤੱਤ ਪਾਏ ਜਾਂਦੇ ਹਨ। ਕਿਸੇ ਵੀ ਗਾਂ ਮੱਝ ਦੇ ਸੂਣ ਸਮੇਂ ਉਸ ਵਿੱਚ ਚਰਬੀ ਤੱਤ ਦੀ ਕਮੀ ਹੁੰਦੀ ਹੈ ਅਤੇ ਕੈਲਸ਼ੀਅਮ ਦੀ ਮਾਤਰਾ ਵਧੇਰੇ ਹੁੰਦੀ ਹੈ ਜੋ ਕੱਟੀਆਂ, ਬੱਛਿਆਂ ਜਾਂ ਬੱਚਿਆਂ ਲਈ ਜ਼ਿਆਦਾ ਸਾਰਥਿਕ ਹੁੰਦੀ ਹੈ। ਪਰ ਬਾਅਦ ਵਿੱਚ ਦੁੱਧ ਦੇ ਇੰਨ੍ਹਾਂ ਤੱਤਾਂ ਵਿੱਚ ਸੰਤੁਲਨ ਆ ਜਾਂਦਾ ਹੈ। ਵਧੇਰੇ ਕੈਲਸ਼ੀਅਮ ਅਤੇ ਘੱਟ ਚਰਬੀ ਦਾ ਹੋਣਾ ਨਵ ਜੰਮਿਆ ਲਈ ਹੱਡੀਆਂ ਦੇ ਜਲਦੀ ਵਿਕਾਸ ਲਈ ਸਹਾਈ ਹੁੰਦਾ ਹੈ। ਘੱਟ ਚਰਬੀ ਦਾ ਹੋਣਾ ਭੋਜਨ ਦੇ ਸੌਖੇ ਹਾਜਮੇ ਲਈ ਜ਼ਰੂਰੀ ਹੈ। ਦੁੱਧ ਵਿੱਚ ਲੋਹੇ ਦੀ ਕਮੀ ਹੁੰਦੀ ਹੈ। ਹਾਂ, ਵੱਡੀ ਉਮਰ ਵਿੱਚ ਦੁੱਧ ਦੀ ਵਰਤੋਂ ਲੋੜ ਮੁਤਾਬਿਕ ਹੀ ਕਰਨੀ ਚਾਹੀਦੀ ਹੈ। ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਚਰਬੀ ਰਹਿਤ ਦੁੱਧ ਲਿਆ ਜਾ ਸਕਦਾ ਹੈ ਪਰ ਯੂਰਿਕ ਐਸਿਡ ਦੇ ਮਰੀਜ਼ਾਂ ਲਈ ਇਹ ਲੈਣਾ ਵੀ ਉੱਚਿਤ ਨਹੀਂ ਕਿਉਂਕਿ ਪ੍ਰੋਟੀਨ ਦੀ ਇਸ ਵਿੱਚ ਵਧੇਰੇ ਮਾਤਰਾ ਹੋਣ ਕਾਰਨ ਜੋੜਾਂ ਦੇ ਦਰਦਾਂ ਵਾਲਿਆਂ ਲਈ ਇਹ ਠੀਕ ਨਹੀਂ। ਹਾਂ, ਜਿੰਨ੍ਹਾਂ ਵਿੱਚ ਚਰਬੀ ਦੀ ਕਮੀ ਹੈ ਜਾਂ ਯੂਰਿਕ ਐਸਿਡ ਦੀ ਸਮੱਸਿਆ ਨਹੀਂ ਅਤੇ ਵਧੇਰੇ ਜੋਰਦਾਰ ਕੰਮ ਕਰਦੇ ਹਨ ਉਹਨਾਂ ਲਈ ਇਹ ਲਾਹੇਵੰਦ ਹੋਵੇਗਾ।

? ਡਾ. ਸੁਰਜੀਤ ਸਿੰਘ ਢਿੱਲੋਂ ਆਪਣੀ ਪੁਸਤਕ 'ਮਨੁੱਖ ਅਤੇ ਮਨੁੱਖਤਾ ਦਾ ਵਿਕਾਸ' ਦੇ ਪੰਨਾ ਨੰਬਰ 43 ਤੇ ਲਿਖਦੇ ਹਨ ਕਿ ਵਿਗਿਆਨਕ ਪੱਧਰ ਤੇ ਨਾਲ ਨਾਲ ਇਹ ਵਿਚਾਰ ਵੀ ਜਨਮ ਲੈ ਰਿਹਾ ਹੈ ਕਿ ਜਿਹੜੇ ਵਿਅਕਤੀ ਧਰਮ ਜਾਂ ਰੱਬ ਵਿੱਚ ਵਿਸ਼ਵਾਸ਼ ਰਖਦੇ ਹਨ ਉਹਨਾਂ ਦੇ ਅੰਦਰ ਐਂਡਾਰਫਿਨ ਸੱਦੇ ਜਾਂਦੇ ਕੁਦਰਤੀ ਅਫੀਮੀ ਤੱਤ ਰਿਸਣ ਲਗਦੇ ਹਨ ਜਿਸ ਨਾਲ ਉਹ ਜੀਵਨ ਨਾਲ ਜੁੜੀਆਂ ਔਖਾਂ ਨੂੰ ਸਹਿ ਸਕਣ ਦੇ ਸਮਰਥ ਹੋ ਜਾਂਦੇ ਹਨ। ਕੁਦਰਤੀ ਅਫੀਮੀ ਤੱਤ ਰੀਤੀ ਰਿਵਾਜ਼ਾਂ ਦੀ ਦ੍ਰਿੜ੍ਹਤਾ ਨਾਲ ਪਾਲਣਾ ਕਰਨ ਵਾਲਿਆਂ ਅੰਦਰ ਵੀ ਰਿਸਦੇ ਹਨ। ਤਰਕਸ਼ੀਲਾਂ ਦਾ ਇਸ ਬਾਰੇ ਕੀ ਵਿਚਾਰ ਹੈ?

(ਘਣਸ਼ਾਮ ਜੋਸ਼ੀ, ਪਟਿਆਲਾ)

- ਡਾ. ਸੁਰਜੀਤ ਸਿੰਘ ਢਿੱਲੋਂ ਵੱਲੋਂ ਦਿਮਾਗ ਵਿੱਚ ਰਿਸਣ ਵਾਲੇ ਐਂਡਾਰਫਿਨ (ਅਫੀਮ ਰੂਪੀ ਕੁਦਰਤੀ ਤੱਤਾਂ) ਦੀ ਵਿਆਖਿਆ ਕਰਦਿਆਂ ਇਸਨੂੰ ਕਿਸੇ ਧਰਮ ਜਾਂ ਆਸਥਾ ਨਾਲ ਜੋੜਨਾ ਉੱਚਿਤ ਨਹੀਂ। ਇਹ ਅਫੀਮੀ ਤੱਤ ਦਿਮਾਗ ਅੰਦਰ ਵੱਖ ਵੱਖ ਹਾਲਤਾਂ ਅੰਦਰ ਵੱਖ ਵੱਖ ਰੋਲ ਅਦਾ ਕਰਦੇ ਹਨ। ਦਿਮਾਗੀ ਟਰਾਂਸਮੀਟਰਾਂ ਦੇ ਅਫੀਮੀ ਰਿਸੈਪਟਰ ਦਿਮਾਗ ਵਿੱਚ ਰਿਸਦੇ ਹੋਰ ਵੀ ਬਹੁਤ ਸਾਰੇ ਰਸਾਇਣਕ ਤੱਤਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਹ ਹਨ ਜਿਵੇਂ ਐਂਡੋਰਫਿਨ, ਐਂਕੇਫੈਲਿਨ, ਐਂਡੋਮੋਰਫਿਨ, ਡਾਈਨੋਰਫਿਨ ਆਦਿ। ਇਹਨਾਂ ਵਿੱਚੋਂ ਕੁੱਝ ਖੁਸ਼ੀ ਦੇ ਮੌਕਿਆਂ ਸਮੇਂ, ਕੁੱਝ ਗਮੀ ਦੇ ਮੌਕਿਆਂ ਸਮੇਂ ਅਤੇ ਕੁੱਝ ਡਰ ਦੀਆਂ ਹਾਲਤਾਂ ਸਮੇਂ ਰਿਸਕੇ ਉਹਨਾਂ ਹਾਲਤਾਂ ਲਈ ਸਹਿਣ ਸਮਰਥਾ ਪੈਦਾ ਕਰਦੇ ਹਨ। ਦਿਮਾਗ ਅੰਦਰ ਕਈ ਕਿਸਮ ਦੇ ਅਫੀਮੀ ਰਿਸੈਪਟਰ ਹਨ ਜਿਸ ਤਰ੍ਹਾਂ ਮਿਊ, ਕਪਾ, ਡੈਲਟਾ ਆਦਿ। ਮਾਰਫਿਨ (ਅਫੀਮ ਡਰੱਗ) ਮੁੱਢਲੇ ਰੂਪ ਵਿੱਚ ਮਿਊ ਰਿਸੈਪਟਰ ਨਾਲ ਅੰਤਰ ਕਿਰਿਆ ਕਰਦਾ ਹੈ। ਜਿਸ ਨਾਲ ਸ਼ਾਂਤੀ ਜਾਂ ਖੁਸ਼ੀ ਦਾ ਅਹਿਸਾਸ ਪੈਦਾ ਕਰਦਾ ਹੈ। ਐਂਡਾਰਫਿਨ ਰਿਸੈਪਟਰ ਕੁਦਰਤੀ ਰੂਪ ਵਿੱਚ ਉਪਜੇ ਅਫੀਮੀ ਤੱਤ ਮਾਰਫਿਨ ਨੂੰ ਰਿਸੀਵ ਕਰਕੇ ਇਹੀ ਅਹਿਸਾਸ ਪੈਦਾ ਕਰਦਾ ਹੈ। ਮਾਤਾ ਪਿਤਾ ਨਾਲ ਪਿਆਰ ਭਰੀ ਮਿਲਨੀ ਸਮੇਂ ਵੀ ਦਿਮਾਗ ਇਸ ਕੁਦਰਤੀ ਤੱਤ ਦਾ ਰਿਸਾਵ ਕਰਦਾ ਹੈ। ਪਤਨੀ-ਪਤਨੀ ਦੇ ਆਪਸੀ ਸੰਪਰਕ ਸਮੇਂ ਵੀ ਇਸਦਾ ਰਿਸਾਵ ਸੰਭਵ ਹੈ। ਸਵੈ ਸਮੋਹਤ ਹੁੰਦਿਆਂ ਜਾਂ ਸਮੋਹਤ ਕੀਤਿਆਂ ਵੀ ਇਹ ਰਿਸਾਵ ਸੰਭਵ ਹੈ। ਸੰਗੀਤ ਵਿੱਚ ਮੰਤਰ ਮੁਗਧਤਾ ਵੀ ਇਹ ਹਾਲਤ ਪੈਦਾ ਕਰੇਗੀ। ਫਿਰ ਜਦੋਂ ਧਰਮਾਂ ਦੀ ਹੋਂਦ ਹੀ ਨਹੀਂ ਸੀ, ਕੀ ਫਿਰ ਉਦੋਂ ਇਸ ਕੁਦਰਤੀ ਤੱਤ ਦਾ ਰਿਸਾਵ ਨਹੀਂ ਹੁੰਦਾ ਹੋਵੇਗਾ? ਹਾਂ, ਕਿਸੇ ਆਸਥਾ ਵਿੱਚ ਅੰਧ ਸ਼ਰਧਾ ਦੀ ਹੱਦ ਤੱਕ ਵਿਸ਼ਵਾਸ਼ ਕਰਨਾ ਅਜਿਹਾ ਪ੍ਰਭਾਵ ਦੇ ਸਕਦਾ ਹੈ।

ਬਲਵਿੰਦਰ ਬਰਨਾਲਾ (MS Psychotherapy),
ਡਾ. ਗੁਰਪ੍ਰਕਾਸ਼ ਸਿੰਘ (MS Psychaitry)

ਹਵਾ ਪ੍ਰਦੂਸ਼ਣ ਦਾ ਨਵ ਜਨਮਿਆਂ ਤੇ ਪ੍ਰਭਾਵ ?

ਇੱਕ ਨਵੀਂ ਖ਼ੋਜ ਮੁਤਾਬਕ ਜਿਹੜੀਆਂ ਗਰਭਵਤੀ ਔਰਤਾਂ ਹਵਾ ਪ੍ਰਦੂਸ਼ਣ ਵਾਲੇ ਇਲਾਕਿਆਂ ਵਿੱਚ ਰਹਿੰਦੀਆਂ ਹਨ, ਉਨ੍ਹਾਂ ਦੇ ਨਵ ਜਨਮੇਂ ਬੱਚਿਆਂ ਦਾ ਵਜ਼ਨ ਆਮ ਬੱਚਿਆਂ ਦੀ ਤੁਲਨਾ 'ਚ ਘੱਟ ਹੁੰਦਾ ਹੈ। ਇਨਵਾਇਰਮੈਂਟ ਹੈਲਥ ਪ੍ਰਾਸਪੈਕਟਿਵ ਵੱਲੋਂ 9 ਦੇਸ਼ਾਂ ਵਿੱਚ 30 ਲੱਖ ਤੋਂ ਜ਼ਿਆਦਾ ਜਨਮ ਲੈਣ ਵਾਲੇ ਨਵ ਜਨਮੇਂ ਬੱਚਿਆਂ ਤੇ ਕੀਤੇ ਗਏ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਹਵਾ ਪ੍ਰਦੂਸ਼ਣ ਦਾ ਨਵ ਜਨਮਿਆਂ ਤੇ ਦੁਰਪ੍ਰਭਾਵ ਘੱਟ ਮਿਲਣ ਤੇ ਲੋਕਾਂ ਨੂੰ ਇਸ ਮਸਲੇ ਤੇ ਚਿੰਤਤ ਹੋਣ ਦੀ ਲੋੜ ਨਹੀਂ ਪ੍ਰੰਤੂ ਹਵਾ ਪ੍ਰਦੂਸ਼ਣ ਨੇ ਜਨ ਸੰਖਿਆ ਤੇ ਜ਼ਿਕਰਯੋਗ ਪ੍ਰਭਾਵ ਪਾਇਆ ਹੈ।

ਜਨਮ ਸਮੇਂ ਘੱਟ ਭਾਰ ਵਾਲੇ ਬੱਚਿਆਂ ਨੂੰ ਅੱਗੇ ਚੱਲ ਕੇ ਸਿਹਤ ਸਬੰਧੀ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਦੀ ਮੌਤ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਖ਼ੋਜੀਆਂ ਦਾ ਮੰਨਣਾ ਹੈ ਕਿ ਹਵਾ ਪ੍ਰਦੂਸ਼ਣ ਕਾਰਣ ਘੱਟ ਭਾਰ ਨਾਲ ਜਨਮੇਂ ਬੱਚੇ ਜਿਉਂਦੇ ਤਾਂ ਰਹਿੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਹੋਰ ਖ਼ਤਰਨਾਕ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ।

ਇਸ ਖ਼ੋਜ ਨਾਲ ਜੁੜੇ ਪ੍ਰੋ. ਵੁਡਰਫ਼ ਦਾ ਕਹਿਣਾ ਹੈ ਕਿ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਅਧਿਐਨ ਤੋਂ ਪਤਾ ਚਲਦਾ ਹੈ ਕਿ ਹਵਾ ਪ੍ਰਦੂਸ਼ਣ ਦਾ ਜੋ ਪੱਧਰ ਹੈ, ਆਮ ਤੌਰ ਤੇ ਇਸ ਦਾ ਦੁਰਪ੍ਰਭਾਵ ਪੂਰੀ ਦੁਨੀਆਂ ਦੇ ਲੋਕਾਂ ਤੇ ਪੈ ਰਿਹਾ ਹੈ। ਵਿਕਸਿਤ ਦੇਸ਼ਾਂ ਵਿੱਚ ਜਿੱਥੇ ਹਵਾ ਪ੍ਰਦੂਸ਼ਣ ਦੀ ਦਰ ਘੱਟ ਹੈ, ਉੱਥੇ ਖ਼ਤਰਾ ਵੀ ਘੱਟ ਹੈ ਪਰ ਭਾਰਤ ਵਰਗੇ ਵਿਕਾਸਸ਼ੀਲ ਤੇ ਪਛੜੇ ਦੇਸ਼ਾਂ ਵਿੱਚ ਖ਼ਤਰੇ ਦੀ ਦਰ ਜ਼ਿਆਦਾ ਮਾਪੀ ਗਈ ਹੈ।

ਮਸਾਲੇ ਤੇ ਸਿਹਤ

ਮਸਾਲਿਆਂ ਦੇ ਸਿਹਤ ਤੇ ਹੋਣ ਵਾਲੇ ਅਸਰ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਰਾਅਵਾਂ ਹਨ। ਮਸਾਲਿਆਂ ਨੂੰ ਹਮੇਸ਼ਾ ਹੀ ਸਿਹਤ ਲਈ ਲਾਭਦਾਇਕ ਮੰਨਿਆ ਜਾਂਦਾ ਰਿਹਾ ਹੈ। ਕਿਸੇ ਵੀ ਤਰ੍ਹਾਂ ਦਾ ਭੋਜਨ ਖਾਣ ਸਮੇਂ ਜੇਕਰ ਇੱਕ ਚੁਟਕੀ ਮਸਾਲਾ ਪਾਇਆ ਜਾਵੇ ਤਾਂ ਸਵਾਦ ਦੁੱਗਣਾ ਹੋ ਜਾਂਦਾ ਹੈ। ਭਾਰਤ ਦੀ ਪੁਰਾਣੀ ਇਲਾਜ ਪ੍ਰਣਾਲੀ ਆਯੁਰਵੇਦ ਅਨੁਸਾਰ ਮਸਾਲਿਆਂ ਦੀ ਤਸੀਰ ਗਰਮ ਜਾਂ ਠੰਡੀ ਤਾਂ ਹੋ ਸਕਦੀ ਹੈ ਪਰ ਇਨ੍ਹਾਂ ਦੀ ਵਰਤੋਂ ਪਾਚਨ ਪ੍ਰਣਾਲੀ ਵਿੱਚ ਸੰਤੁਲਨ ਕਾਇਮ ਕਰਨ ਲਈ ਕੀਤੀ ਜਾਂਦੀ ਹੈ। ਭਾਰਤ ਦੇ ਮੈਸੂਰ ਸਥਿਤ ਕੇਂਦਰੀ ਖ਼ਾਦ ਤਕਨੀਕ ਅਨੁਸੰਧਾਨ ਸੰਸਥਾ ਦੇ ਵਿਗਿਆਨੀ ਡਾ. ਕ੍ਰਿਸ਼ਨਾ ਪੁਰਾ ਨਿਵਾਸਨ ਦਾ ਮੰਨਣਾ ਹੈ ਕਿ ਮਸਾਲੇ ਪੇਟ ਦੀਆਂ ਬਿਮਾਰੀਆਂ ਲਈ ਲਾਭਦਾਇਕ ਹਨ, ਕੁਝ ਮਸਾਲੇ ਤਾਂ ਰੋਗਾਣੂ ਰੋਧਕ ਦਾ ਕੰਮ ਵੀ ਕਰਦੇ ਹਨ।

ਮਸਾਲਿਆਂ ਨੂੰ ਅੱਜ ਦੀ ਦੁਨੀਆਂ ਵਿੱਚ ਸੰਤੁਲਿਤ ਭੋਜਨ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਹੈ। ਅੱਜ ਤੋਂ ਲਗਭਗ 2500 ਸਾਲ ਪਹਿਲਾਂ ਪ੍ਰਸਿੱਧ ਦਾਰਸ਼ਨਿਕ ਕਨਫ਼ਿਊਸ਼ਿਸ਼ ਨੇ ਕਿਹਾ ਸੀ ਕਿ ਹਰ ਵਾਰ ਭੋਜਨ ਨਾਲ ਅਧਰਕ ਦੀ ਵਰਤੋਂ ਕਰੀਏ ਤਾਂ ਪਾਚਨ ਵਿੱਚ ਸੁਧਾਰ ਆਉਂਦਾ ਹੈ।

ਅਧਿਐਨ: ਬ੍ਰਿਟਿਸ਼ ਦੀ ਪੁਰਸਕਾਰ ਜੇਤੂ ਭੋਜਨ ਮਾਹਿਰ ਅਜ਼ਮੀਨਾ ਗੋਵਿੰਦ ਜੀ ਦਾ ਮੰਨਣਾ ਹੈ ਕਿ ਇਹ ਆਮ ਧਾਰਨਾ ਹੈ ਕਿ ਮਸਾਲੇ ਭਾਰ ਘਟਾਉਣ ਲਈ ਚੰਗੇ ਹੁੰਦੇ ਹਨ, ਔਰਤਾਂ ਆਪਣਾ ਭਾਰ ਘਟਾਉਣ ਲਈ ਇਸ ਨੂੰ ਆਸਾਨ ਸੌਖੇ ਤਰੀਕੇ ਵਜੋਂ ਲੈਂਦੀਆਂ ਹਨ। ਅਮਰੀਕਾ ਵਿੱਚ ਕੀਤੀ ਗਈ ਖ਼ੋਜ ਅਨੁਸਾਰ ਚਾਲੀ ਤੋਂ 72 ਉਮਰ ਵਰਗ ਦੀਆਂ ਵੱਧ ਭਾਰ ਵਾਲੀਆਂ ਔਰਤਾਂ ਨੂੰ ਲਾਲ ਮਿਰਚ ਤੇ ਹਲਦੀ ਵਾਲਾ ਭੋਜਨ ਖਾਣ ਨਾਲ ਪੇਟ ਦੀ ਜਲਣ ਘੱਟ ਕਰਨ ਦਾ ਕੋਈ ਸਿੱਟਾ ਸਾਹਮਣੇ ਨਹੀਂ ਆਇਆ। ਉਂਜ ਲਾਲ ਮਿਰਚ ਨੂੰ ਮਸਾਲੇ ਦੇ ਤੌਰ ਤੇ ਵਜ਼ਨ ਘਟਾਉਣ ਵਜੋਂ ਜਾਣਿਆ ਜਾਂਦਾ ਹੈ।

ਅਮਰੀਕਾ ਤੇ ਇੰਗਲੈਂਡ ਵਿੱਚ ਲਾਲ ਮਿਰਚ ਦੀ ਵਰਤੋਂ ਤੇ ਕੀਤੀਆਂ ਖ਼ੋਜਾਂ ਦੀ ਬਜਾਏ ਜਪਾਨ ਦੇ ਕੋਇਟੋ ਵਿਸ਼ਵ ਵਿਦਿਆਲਿਆ ਵਿੱਚ ਹੋਏ ਇੱਕ ਅਧਿਐਨ ਵਿੱਚ ਇਹ ਪਾਇਆ ਗਿਆ ਕਿ ਆਪਣੇ ਭੋਜਨ ਵਿੱਚ ਲਾਲ ਮਿਰਚ ਦੀ ਵਰਤੋਂ ਕਰਨ ਵਾਲੇ ਮਰਦਾਂ ਦੇ ਸਰੀਰ ਦੇ ਵਜ਼ਨ ਵਿੱਚ ਕੁਝ ਕਮੀ ਵੇਖੀ ਗਈ ਪ੍ਰੰਤੂ ਖ਼ੋਜ ਕਰਤਾ ਇਸ ਮਸਲੇ ਤੇ ਕੋਈ ਦਾਅਵਾ ਨਹੀਂ ਕਰਦੇ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦਾ ਇਜਲਾਸ
20 ਅਤੇ 21 ਅਪ੍ਰੈਲ 2013 ਨੂੰ ਸਥਾਨ ਬਰਨਾਲਾ ਵਿਖੇ
ਇਕਾਈਆਂ ਦੀ ਚੋਣ: 5 ਅਪ੍ਰੈਲ 2013 ਤੱਕ



ਸੂਰਜ ਦੀ ਆਸ ਵਿਚ ਜੇ ਦੀਪ ਨਾ ਜਲਾਵਾਂਗੇ,
ਤਾਂ ਹਨੇਰਿਆਂ ਦੇ ਹੀ ਦੋਸਤੋ ਕਰਜਦਾਰ ਹੋ ਜਾਵਾਂਗੇ,
ਪਾਣੀ ਹਾਂ ਤਾਂ ਆਓ ਸਿੰਜੀਏ ਇਸ ਜਹਾਂ ਨੂੰ,
ਖੜੇ ਰਹੇ ਜੇ ਏਦਾਂ ਤਾਂ ਮੁਸ਼ਕ-ਮੁਕ ਜਾਵਾਂਗੇ।

ਗੁਰਪਿਆਰ ਹਰੀ ਨੌ
9780125150

ਸੁਪਨੇ ਉਹ ਨਹੀਂ ਹੁੰਦੇ,
ਜੋ ਬੰਦਾ ਰਾਤ ਨੂੰ ਦੇਖਦਾ ਹੈ,
ਸੁਪਨੇ ਉਹ ਹੁੰਦੇ ਹਨ,
ਜੋ ਜਿੰਦਗੀ ਲਈ ਸੋਚੇ ਜਾਂਦੇ ਹਨ,
ਸੁਪਨੇ ਹਰ ਕੋਈ ਦੇਖਦਾ ਹੈ,
ਪਰ ਪੂਰੇ ਕੋਈ ਕੋਈ ਕਰਦਾ ਹੈ।

ਅਮਨਦੀਪ ਸਿੰਘ ਗੁੜਥੜੀ
9815419856

ਮਾਂ ਨੇ ਜਨਮ ਦੇਣਾ ਸੀ ਦੇ ਤਾ,
ਕੀ ਕੁੰਡਲੀ ਕੀ ਮਸਤਕ ਰੇਖਾ,
ਕਿਸਮਤ ਕਰਮ ਵਾਲੀਆਂ ਗੱਲਾਂ ਤੇ ਅਸੀਂ ਜਿਉਂਦੇ ਨਾ,
ਬਰਕਤ ਹੱਥੀ ਕਰਕੇ ਪੈਂਦੀ, 'ਰੱਬ ਜੀ' ਮੂੰਹ ਵਿਚ ਪਾਉਂਦੇ ਨਾ।

ਸੁਖਵੀਰ ਮਵੀ
9780907093

ਮੰਦਰ ਮਸਜਿਦ ਗੁਰਦੁਆਰੇ ਹੁਣ ਨਾ ਨਿਓਟਿਆਂ ਦੀ ਓਟ ਰਹੀ,
ਟੱਲੀਆਂ ਦੀ ਆਵਾਜ਼ ਹੈ ਬਦਲੀ, ਬਦਲੇ ਰੰਗ ਇਨਸਾਨਾਂ ਦੇ।
ਨਾ ਮੁਰਾਦਾਂ ਪੂਰੀਆਂ ਹੋਵਣ, ਨਾ ਡਰ ਦੀ ਗੁਜ਼ਾਇਸ਼ ਰਹੀ,
ਦਿਨ ਦਿਹਾੜੇ ਰੇਪ ਨੇ ਹੁੰਦੇ, ਬਦਲੇ ਮਨ ਸੁਲਤਾਨਾਂ ਦੇ।

ਪ੍ਰਿੰਸੀਪਲ ਮੁਕੰਦ ਕਮਲ ਬਾਘਾਪੁਰਾਣਾ
9464095089

ਫੁੱਲਾਂ ਵਰਗਾ ਬਚਪਨ ਸਾਡਾ, ਸੂਰਜ ਵਰਗੀ ਸੋਚ,
ਧਰਤੀ ਵਰਗਾ ਜਿਗਰਾ ਸਾਡਾ, ਮੰਜਲ ਰਹੇ ਹਾਂ ਲੋਚ।

ਚਰਨਜੀਤ ਗਿੱਲ, ਸਮਾਲਸਰ
9814400878

ਜੇ ਤਿਤਲੀ ਦੋਸਤੀ ਦੀ ਮਰ ਗਈ,
ਤਾਂ ਫੇਰ ਨਾ ਕਹਿਣਾ,
ਕੁੜੱਤਣ ਰਿਸ਼ਤਿਆਂ ਵਿੱਚ ਭਰ ਗਈ,
ਤਾਂ ਫੇਰ ਨਾ ਕਹਿਣਾ,
ਅਜੇ ਵੀ ਵਕਤ ਹੈ ਤੂੰ ਆਪਣੇ ਘਰ ਦੀ ਛੱਤ ਉੱਤੇ ਆ,
ਸਿਆਲੀ ਧੁੱਪ ਹੈ ਜੇ ਮਰ ਗਈ,
ਤਾਂ ਫੇਰ ਨਾ ਕਹਿਣਾ

-ਸਲੱਖਣ ਸਰਹੱਦੀ
ਬੂਟਾ ਸਿੰਘ ਵਾਕਫ਼ੌ
98762-24461

ਆਦਮੀਂ ਦਾ ਰਿਸ਼ਤਾ ਕਿਸ਼ਤੀ ਵਾਂਗਰਾਂ,
ਜ਼ਿੰਦਗੀ ਹੈ ਆਦਿ ਤੋਂ ਵਗਦੀ ਨਦੀ।

-ਰੁਬੀਨਾ ਸ਼ਬਨਮ
ਪਰਮਿੰਦਰ ਸ਼ੋਖਰ
98877

ਮੱਥੇ ਤੋਂ ਭਟਕਣਾ ਦੀ ਇੱਕ ਛਾਪ ਲਹਿ ਨਾ ਜਾਵੇ,
ਏਨਾ ਨਾ ਠਾਰ ਮੈਨੂੰ, ਮੇਰਾ ਤਾਪ ਲਹਿ ਨਾ ਜਾਵੇ।
ਮੋਈਆਂ ਦਾ, ਮਰ ਰਿਹਾਂ ਦਾ, ਬਲਦੇ ਹੋਏ ਘਰਾਂ ਦਾ,
ਇਨ੍ਹਾਂ ਜਿਉਂਦਿਆਂ ਦੇ ਮਗਰੋਂ ਵਿਰਲਾਪ ਲਹਿ ਨਾ ਜਾਵੇ।

ਰਾਜਿੰਦਰਜੀਤ ਲੰਦਨ

ਮੱਥੇ ਦੇ ਵਿੱਚ ਰੌਸ਼ਨ ਕਰ ਸੂਰਜ ਕੋਈ,
ਨ੍ਹੇਰੇ ਦੇ ਵਿੱਚ ਰੂਹ ਨੂੰ ਨਾ ਬੇ-ਜ਼ਾਰ ਕਰੀਂ।
ਮਰ ਨਾ ਜਾਵੇ ਤੇਰੀ ਖ਼ਾਹਿਸ਼ ਉੱਡਣ ਦੀ,
ਏਨਾ ਵੀ ਨਾ ਪਿੰਜਰੇ ਨਾਲ ਪਿਆਰ ਕਰੀਂ।

ਬਲਜੀਤ ਸੈਣੀ

ਹਨ੍ਹੇਰਾ ਮਨ ਦਾ ਤੇ ਅੱਖਾਂ ਦਾ ਘੱਟਾ ਧੋਣ ਲੱਗਾ ਹਾਂ,
ਐ ਜਗਦੇ ਦੀਵਿਓ! ਛੁਪ ਕੇ ਤੁਹਾਥੋਂ ਰੋਣ ਲੱਗਾ ਹਾਂ।
ਅਚਾਨਕ ਹੋ ਗਏ ਨੰਗੇ ਮੇਰੇ ਅੰਦਰ ਕਈ ਖੱਪੇ,
ਮੈਂ ਇੱਕ ਸੁਪਨੇ 'ਚ ਸਾਂ ਜੀਕਣ ਮੁਕੰਮਲ ਹੋਣ ਲੱਗਾ ਹਾਂ।

ਗੁਰਤੇਜ ਕੋਹਾਰਵਾਲਾ

ਕੰਧਾਂ ਤੇ ਦੀਵਿਆਂ ਦੀ ਥਾਂ ਰੱਖੀਆਂ ਨੇ ਅੱਖੀਆਂ,
ਬਣ ਕੇ ਉਡੀਕ ਹੋਰ ਵੀ ਬਿਖ਼ਰੇਗੀ ਰੌਸ਼ਨੀ,
ਮਿਟ ਜਾਏਗਾ ਹਨੇਰਿਆਂ ਦਾ ਖ਼ੁਦ-ਬ-ਖ਼ੁਦ ਵਜੂਦ,
ਜਦ ਰੌਸ਼ਨੀ ਨੂੰ ਖ਼ੁਦ ਸਮਝੇਗੀ ਰੌਸ਼ਨੀ।

ਇਸ ਕਾਲਮ ਵਿੱਚ ਸ਼ਿਰਕਤ ਕਰਨ ਲਈ ਸ਼ੇਅਰ/ਰਚਨਾ ਦੇ ਨਾਂ ਨਾਲ ਮੂਲ ਲੇਖਕ ਦਾ ਨਾਂ ਜਰੂਰ ਲਿਖਿਆ ਜਾਵੇ।
...ਅਦਾਰਾ

ਔਰਤਾਂ 'ਤੇ ਵਧ ਰਹੇ ਜਬਰ 'ਦਾ ਹੱਲ



ਬਲਵਿੰਦਰ ਬਰਨਾਲਾ

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਔਰਤ ਬਿਨ੍ਹਾਂ ਸਮਾਜ ਦੀ ਹੋਂਦ ਹੀ ਸੰਭਵ ਨਹੀਂ। ਮਰਦ ਪ੍ਰਧਾਨ ਸਮਾਜ ਅੰਦਰ ਸਮੰਤਵਾਦੀ ਰੁਚੀਆਂ ਦੀ ਰਹਿੰਦਖੂੰਹਦ ਅੱਜ ਵੀ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਦੀ ਹੈ। ਸਰਮਾਏਦਾਰੀ ਨਿਜ਼ਾਮ ਵੱਲੋਂ ਔਰਤ ਨੂੰ ਭੋਗ ਦੀ ਵਸਤੂ ਬਣਾਕੇ ਪੇਸ਼ ਕਰਨਾ ਔਰਤ ਪ੍ਰਤੀ ਸਾਜ਼ਸ ਰਚਨਾ ਹੀ ਹੈ। ਵਸਤੂਆਂ ਦੀ ਵੇਚ ਵੱਟ ਲਈ ਸੁੰਦਰ ਔਰਤਾਂ ਦੀ ਇਸ਼ਤਿਹਾਰਬਾਜ਼ੀ ਕਰਕੇ ਵਸਤੂਆਂ ਵੱਲ ਖਿੱਚ ਬਣਾਉਣ ਦੇ ਯਤਨ ਕੀਤੇ ਜਾਂਦੇ ਹਨ। ਔਰਤਾਂ ਦੀਆਂ ਨੁਮਾਇਸ਼ਾਂ ਲਾਈਆਂ ਜਾਂਦੀਆਂ ਹਨ। ਮਿਸ ਵਰਲਡ, ਮਿਸ ਇੰਡੀਆ, ਮਿਸ ਪੰਜਾਬ, ਮਿਸ ਸਿਟੀ ਆਦਿ ਦੇ ਲਕਬ ਇਹ ਨੁਮਾਇਸ਼ਾਂ ਲਾ ਕੇ ਦਿੱਤੇ ਜਾਂਦੇ ਹਨ। ਇਹ ਸਾਰਾ ਕੁੱਝ ਔਰਤ ਨੂੰ ਸੁਹਜ਼ ਸੁਆਦ ਦੀ ਵਸਤੂ ਸਮਝਕੇ ਹੀ ਕੀਤਾ ਜਾਂਦਾ। ਸੁਹਜ ਸੁਆਦ ਦੀ ਮੂਰਤੀ ਦੇ ਲਕਬ ਅੰਦਰ ਔਰਤ ਦੀ ਪ੍ਰਸੰਸਾ ਦਾ ਸਾਜ਼ਸ ਭਰਿਆ ਭੇਦ ਲੁਕਿਆ ਹੈ। ਸੁਹਜ਼-ਸੁਆਦ ਭਾਵ ਕੇਵਲ ਭੋਗ ਦੀ ਵਸਤੂ।

ਇਸਾਈ ਕਹਾਣੀਆਂ ਵਿੱਚ ਵੀ ਔਰਤ ਸੁਹਜ਼ ਸੁਆਦ ਅਤੇ ਮਰਦ ਦੀ ਭੋਗ ਦੀ ਵਸਤੂ ਵਜੋਂ ਹੀ ਪੇਸ਼ ਕੀਤੀ ਗਈ ਹੈ। ਉਹਨਾਂ ਦੇ ਮੁਤਾਬਿਕ ਅਖੌਤੀ ਰੱਬ ਦੇ ਆਪਣੇ ਸਵਰਗ ਵਿੱਚ ਉਸਦਾ ਪੁੱਤਰ 'ਆਦਮ' ਉਸ ਨਾਲ ਹੀ ਰਹਿੰਦਾ ਸੀ। ਇਸ 'ਰੱਬ' ਨੇ ਆਪਣੇ ਪੁੱਤਰ ਆਦਮ ਲਈ ਸਾਰੀਆਂ ਸੁਖ ਸਹੂਲਤਾਂ ਪੈਦਾ ਕੀਤੀਆਂ ਹੋਈਆਂ ਸਨ ਪਰ ਇੱਕ ਤੋਂ ਵਰਜ਼ਤ ਕੀਤਾ ਹੋਇਆ ਸੀ। ਇਹ ਸੀ ਵਰਜ਼ਤ ਫਲ ਜੋ ਉਸਨੇ ਨਹੀਂ ਸੀ ਖਾਣਾ। ਪਰ ਆਦਮ ਆਪਣੇ ਕਿਰਦਾਰ ਤੋਂ ਗਿਰ ਗਿਆ ਅਤੇ ਉਸਨੇ ਬਾਕੀ ਸਾਰੇ ਸੁਆਦ ਤਾਂ ਵੇਖ ਲਏ ਸਨ ਤੇ ਇਹ ਵਰਜਤ ਫਲ ਹੀ ਰਹਿੰਦਾ ਸੀ ਜੋ ਉਸਨੇ ਖਾ ਲਿਆ। ਤੇ 'ਰੱਬ' ਨੇ ਸਜ਼ਾ ਦੇ ਕੇ ਉਸਨੂੰ ਇਸ ਧਰਤੀ ਤੇ ਭੇਜ ਦਿੱਤਾ। ਪਰ 'ਆਦਮ' ਦੀ ਦੁਸ਼ਵਾਰੀਆਂ ਅਤੇ ਇਕਾਂਤ ਭਰੀ ਜ਼ਿੰਦਗੀ ਦੇਖਕੇ ਰੱਬ ਅੰਦਰ ਪੁੱਤਰ ਮੋਹ ਜਾਗ ਉੱਠਿਆ ਅਤੇ ਉਸਦਾ ਇਕਾਂਤ ਤੋੜਨ ਲਈ ਅਤੇ ਉਸਦੇ ਸੁਹਜ਼-ਸੁਆਦ ਲਈ ਉਸਨੇ 'ਈਵ' (ਔਰਤ) ਨੂੰ ਉਸਦੀ ਭੋਗ ਦੀ ਵਸਤੂ ਵਜੋਂ ਧਰਤੀ ਤੇ ਉਤਾਰਿਆ।

ਕੀ ਉਪਰੋਕਤ ਕਲਪਤ ਕਥਨ ਔਰਤ ਦੇ ਜਮਹੂਰੀ ਅਧਿਕਾਰਾਂ ਦਾ ਅੱਜ ਦੇ ਤਰਕਸੰਗਤ ਸਮਾਜ ਅੰਦਰ ਹਨਣ ਨਹੀਂ? ਕੀ ਮਰਦ ਇਸ ਕਥਨ ਤੋਂ ਇਹੋ ਅਰਥ ਨਹੀਂ ਲਵੇਗਾ ਕਿ ਔਰਤ ਸੁਹਜ਼ ਸੁਆਦ ਦੀ ਵਸਤੂ ਹੀ ਹੈ ਅਤੇ ਇਹ ਕੇਵਲ ਮਾਨਣਯੋਗ ਹੀ ਹੈ?

ਇਸਲਾਮ ਅੰਦਰ ਹਰ ਤਰ੍ਹਾਂ ਦੇ ਧਾਰਮਿਕ ਸਮਾਗਮਾਂ ਅੰਦਰ ਔਰਤ ਦੀ ਸ਼ਮੂਲੀਅਤ ਦੀ ਮਨਾਹੀ ਹੈ। ਅਰਬ ਦੇਸ਼ਾਂ ਅੰਦਰ ਮਸਜਿਦਾਂ ਵਿੱਚ ਕੁੱਤਿਆਂ ਅਤੇ ਔਰਤਾਂ ਦੀ ਆਮਦ ਵਰਜ਼ਤ ਹੈ। ਅਜਿਹੇ ਵਿੱਚ ਔਰਤ ਦਾ ਦਰਜ਼ਾ ਕੀ ਅੰਕਤ ਕੀਤਾ ਜਾ ਸਕਦਾ ਹੈ? ਸਿੱਖ ਧਰਮ ਵਿੱਚ ਤਖਤਾਂ ਉੱਪਰ ਕਿਸੇ ਵੀ ਔਰਤ ਦੇ ਕੀਰਤਨ ਕਰਨ ਤੇ ਮਨਾਹੀ ਹੈ। ਮੈਂ ਕਦੇ ਕਿਸੇ ਔਰਤ ਨੂੰ ਦੇਗ ਵਰਤਾਉਂਦੇ ਨਹੀਂ ਦੇਖਿਆ ਭਾਵੇਂ ਹਰ ਧਾਰਮਿਕ ਸਮਾਗਮ ਅੰਦਰ ਔਰਤਾਂ ਦੀ ਸ਼ਮੂਲੀਅਤ ਹਮੇਸ਼ਾ ਜ਼ਿਆਦਾ ਹੁੰਦੀ ਹੈ। ਔਰਤ ਨੂੰ ਪਤੀ ਵਰਤਾ ਰਹਿਣ ਦੇ ਸੰਦੇਸ਼ਾਂ ਦੀ ਝੜੀ ਲੱਗ ਜਾਂਦੀ ਹੈ। ਪਰ ਕੀ ਮਰਦ ਦੇ ਕਿਰਦਾਰ ਵਾਰੇ ਵੀ ਅਜਿਹਾ ਕੁਝ ਉਸੇ ਸ਼ਿਦਤ ਨਾਲ ਕਿਹਾ ਜਾਂਦਾ ਹੈ? ਇਸਲਾਮ ਤਾਂ ਮਰਦ ਨੂੰ ਚਾਰ ਔਰਤਾਂ ਰੱਖਣ ਦੀ ਇਜ਼ਾਜ਼ਤ ਵੀ ਦਿੰਦਾ ਹੈ ਅਤੇ ਔਰਤ ਪਿਤਰੀ/ਮਾਤਰੀ ਜਾਂ ਪਤੀ ਦੀ ਜਾਇਦਾਦ ਤੋਂ ਸੱਖਣੀ ਹੀ ਰਹਿੰਦੀ ਹੈ। ਹਿੰਦੂ ਮੈਰਿਜ ਐਕਟ ਭਾਰੀ ਸੋਧਾਂ ਦੀ ਮੰਗ ਕਰਦਾ ਹੈ। ਭਾਵੇਂ 1956 ਦੇ ਹਿੰਦੂ ਪ੍ਰਾਪਰਟੀ ਐਕਟ ਅਧੀਨ ਧੀਆਂ ਦਾ ਮਾਪਿਆਂ ਦੀ ਜਾਇਦਾਦ ਅੰਦਰ ਹੱਕ ਨਿਸ਼ਚਿਤ ਕਰ ਦਿੱਤਾ ਗਿਆ ਹੈ ਪਰ ਕੀ ਹੁਣ ਉਸਨੂੰ ਸਭ ਕੁੱਝ ਖੁਸ਼ੀ ਖੁਸ਼ੀ ਮਿਲ ਜਾਂਦਾ ਹੈ? ਉਹ ਸਮਾਜਿਕ ਦਬਾ ਅਧੀਨ ਅੱਜ ਵੀ ਆਪਣੇ ਭਰਾਵਾਂ ਤੋਂ ਆਪਣਾ ਬਣਦਾ ਹਿੱਸਾ ਲੈਣ ਲਈ ਬਹੁਤ ਘੱਟ ਹੀ ਜ਼ੁਰਤ ਕਰ ਸਕਦੀ ਹੈ। ਜੇ ਅਜਿਹਾ ਹੋ ਵੀ ਜਾਂਦਾ ਹੈ ਤਾਂ ਮਰਦ ਪ੍ਰਧਾਨਗੀ ਵਾਲੇ ਸਮਾਜ ਅੰਦਰ ਉਸਨੂੰ ਸਮਾਜਿਕ ਦੁਰ ਦੁਰ ਜਾਂ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਾਰਤੀ ਜਮਹੂਰੀਅਤ ਦਾ ਚਿਹਰਾ ਸਮਾਜਵਾਦ ਵਿਰੋਧੀ ਹੈ। ਸ਼ਰਮਾਏਦਾਰੀ ਵਾਲੇ ਨਿਜ਼ਾਮ ਅੰਦਰ ਹਰ ਵਸਤੂ ਨੂੰ ਮੁਨਾਫੇ ਦੇ ਪੱਖ ਤੋਂ ਹੀ ਦੇਖਿਆ ਜਾਂਦਾ ਹੈ। ਇਸ ਖੁੱਲ੍ਹੀ ਮੰਡੀ ਵਿੱਚ ਔਰਤ ਵੀ ਇਸੇ ਨਜ਼ਰੀਏ ਤੋਂ ਵੇਖੀ ਜਾਂਦੀ ਹੈ। ਇਸ ਮੰਡੀ ਵਿੱਚ ਔਰਤ ਦੀ ਵੇਚ ਵੱਟ ਵੀ ਉਸੇ ਤਰ੍ਹਾਂ ਕੀਤੀ ਜਾਂਦੀ ਹੈ ਜਿਸ ਤਰ੍ਹਾਂ ਆਮ ਵਸਤੂ ਦੀ। ਔਰਤ ਨੂੰ ਕਮਜੋਰ, ਅਬਲਾ, ਗਊ ਦੇ ਲਕਬ ਦਿੱਤੇ ਜਾਂਦੇ ਹਨ। ਇਸੇ ਕਰਕੇ ਉਸਦੀ ਮੁਸ਼ੱਕਤ ਦੀ ਕੀਮਤ ਵੀ ਮਰਦ ਦੇ ਮੁਕਾਬਲੇ ਘੱਟ ਹੀ ਪੈਂਦੀ ਹੈ। ਅਸ਼ਲੀਲਤਾ ਦੇ ਪ੍ਰਚਾਰ ਰਾਹੀਂ ਔਰਤ ਲਈ ਗੈਰ-

ਸਿਹਤਮੰਦ ਮਹੌਲ ਪੈਦਾ ਕੀਤਾ ਜਾ ਰਿਹਾ ਹੈ। ਗੈਰ-ਵਿਗਿਆਨਕ ਵਿਦਿਅਕ ਵਾਤਾਵਰਣ ਵਿੱਦਿਆ ਅਤੇ ਨੈਤਿਕਤਾ ਦੇ ਸਹੀ ਮਾਅਨੇ ਸਮਝਾਉਣ ਦੇ ਅਸਮਰਥ ਹੈ। ਔਰਤ ਹਰ ਥਾਂ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ।

ਅਸ਼ਲੀਲਤਾ ਦੇ ਧੂਆਂਧਾਰ ਪ੍ਰਚਾਰ ਨੇ ਕਿਸ਼ੋਰ ਅਵਸਥਾ (13 ਤੋਂ 19 ਸਾਲ ਦੀ ਉਮਰ) ਦੇ ਗਭਰੇਟਾਂ ਦੀ ਮਾਨਸਿਕਤਾ ਤੇ ਬਹੁਤ ਮਾੜਾ ਅਸਰ ਛੱਡਿਆ ਹੈ। ਸੈਕਸ ਪ੍ਰਕਿਰਿਆ ਜੀਵ-ਰਸਾਇਣਕ ਪ੍ਰਕਿਰਿਆ ਹੈ। ਜਿਸਦਾ ਲੜਕੀਆਂ ਅੰਦਰ ਔਸਤਨ 12 ਸਾਲ ਅਤੇ ਲੜਕਿਆਂ ਅੰਦਰ 14 ਸਾਲ ਤੱਕ ਵਿਕਸਤ ਹੋਣਾ ਸੁਭਾਵਕ ਪ੍ਰਕਿਰਿਆ ਹੈ। ਪਰ ਇਸ ਉਮਰ ਵਿਚ ਦਿਮਾਗ ਦੇ ਸਾਰੇ ਸੈਲ ਅਜੇ ਪੂਰਨ ਵਿਕਸਤ ਨਹੀਂ ਹੋਏ ਹੁੰਦੇ। ਸਾਰੇ ਦਿਮਾਗੀ ਸੈਲ 25 ਸਾਲਾਂ ਦੀ ਉਮਰ ਤੇ ਹੀ ਪੂਰਨ ਜੋਬਨ ਤੇ ਆਉਂਦੇ ਹਨ। ਕੱਚੀ ਉਮਰ ਵਿੱਚ ਭਾਵਨਾਵਾਂ ਦਾ ਵਹਾਅ ਵਧੇਰੇ ਹੁੰਦਾ ਹੈ ਅਤੇ ਇਹਨਾਂ ਦੀ ਤਰਾਸ਼ੀ ਲਈ ਸਾਰਥਿਕ ਯਤਨ ਕਰਨੇ ਹੁੰਦੇ ਹਨ। ਸ਼ਰੁਤੀ ਕਾਂਡ ਜਾਂ ਦਾਮਿਨੀ ਸਮੂਹਕ ਬਲਾਤਕਾਰੀ ਕਾਂਡ ਸਿੱਧ ਕਰਦੇ ਹਨ ਕਿ ਇਹ ਕੁਕਰਮ ਕਰਨ ਵਾਲੇ ਕਿਸ਼ੋਰ ਅਵਸਥਾ ਦੇ ਗਭਰੇਟ ਹਨ। ਇਹਨਾ ਦੀ ਮਾਨਸਿਕਤਾ ਨੂੰ ਗੰਧਲੀ ਕਰਨ ਪਿੱਛੇ ਕੀ ਅਸ਼ਲੀਲ ਅਤੇ ਗੈਰ-ਉਪਜਾਊ ਵਾਤਾਵਰਣ ਜੁੰਮੇਵਾਰ ਨਹੀਂ? ਇਹ ਵਾਤਾਵਰਣ ਕਿਸਨੇ ਪੈਦਾ ਕੀਤਾ ਅਤੇ ਕੌਣ ਕਿਸ਼ੋਰ ਅਵਸਥਾ ਦੇ ਬੱਚਿਆਂ ਨੂੰ ਮਾਨਸਿਕ ਪੱਖੋਂ ਬੀਮਾਰ ਕਰਨ ਲਈ ਜੁਆਬਦੇਹ ਹੈ? ਕੀ ਮੌਜੂਦਾ ਨਿਜ਼ਾਮ ਅਤੇ ਰਾਜਨੀਤਿਕ ਢਾਂਚਾ ਇਸ ਲਈ ਜੁੰਮੇਵਾਰ ਨਹੀਂ। ਕੀ ਪੈਦਾ ਕੀਤਾ ਅਸ਼ਲੀਲਤਾ ਭਰਪੂਰ ਸਭਿਆਚਾਰ ਕਾਮ ਦੀ ਵਧੇਰੇ ਉਤੇਜ਼ਨਾ ਦਾ ਕਾਰਨ ਨਹੀਂ ਬਣਦਾ? ਕੀ ਅਸ਼ਲੀਲ ਫਿਲਮਾਂ, ਅਸ਼ਲੀਲ ਗਾਣੇ, ਅਖਬਾਰਾਂ ਜਾਂ ਬਿਜ਼ਲਈ ਮੀਡੀਆ ਵੱਲੋਂ ਪ੍ਰਕਾਸ਼ਿਤ ਅਰਧ ਨਗਨ ਤਸਵੀਰਾਂ ਇਸ ਕਿਸ਼ੋਰ ਅਵਸਥਾ ਦੇ ਬੱਚਿਆਂ ਅੰਦਰ ਭਖਦੀਆਂ ਭਾਵਨਾਵਾਂ ਦੀ ਭੱਠੀ ਨੂੰ ਹੋਰ ਝੋਕਾ ਦੇ ਕੇ ਸੈਕਸ ਪ੍ਰਤੀ ਤੀਬਰ ਉਤੇਜ਼ਨਾ ਲਈ ਜਿੰਮੇਵਾਰ ਨਹੀਂ?

ਬੱਚਿਆਂ ਅੰਦਰ ਕੁਆਲਟੀ ਵਿਕਸਿਤ ਕਰਨ ਤੋਂ ਅਸਮਰਥ ਵਿਦਿਅਕ ਪ੍ਰਬੰਧ ਉਹਨਾਂ ਨੂੰ 'ਬਰੈਂਡਡ' ਬਣਾਉਣ ਦੇ ਉਪਰਾਲੇ ਵਧੇਰੇ ਕਰ ਰਿਹਾ। ਸਕੂਲਾਂ ਦੀ ਵਰਦੀ ਵੀ ਬਰੈਂਡਡ ਹੋ ਗਈ ਹੈ ਖਾਸ ਕਰਕੇ ਅਖੌਤੀ ਪਬਲਿਕ ਸਕੂਲਾਂ ਦੀ। ਇਕਸਾਰ ਵਰਦੀ ਉਹਨਾਂ ਅੰਦਰ ਇਕਸਾਰਤਾ ਅਤੇ ਇਕਸੁਰਤਾ ਦਾ ਵਿਵਹਾਰ ਵਿਕਸਤ ਕਰਨ ਦੀ ਪ੍ਰੇਰਨਾ ਵਾਸਤੇ ਹੈ। ਪਰ ਕੰਪਨੀਆਂ ਦੇ ਇਸ ਰਾਜ ਅੰਦਰ ਜਦ ਬੱਚਿਆਂ ਨੂੰ ਬਰੈਂਡਡ ਕਾਰਾਂ, ਮੋਟਰਸਾਇਕਲਾਂ ਤੇ ਉਹਨਾਂ ਦੇ ਵਾਰਸ ਛੱਡਕੇ ਜਾਂਦੇ ਹਨ ਜਾਂ ਉਹ ਖੁਦ ਆਉਂਦੇ ਹਨ ਤਾਂ ਵਿਤਕਰੇ ਦੀ ਭਾਵਨਾ ਦਾ ਪਨਪਣਾ ਸੁਭਾਵਿਕ ਹੈ। ਇਕੋ ਜਿਹੀਆਂ ਵਰਦੀਆਂ ਦਾ ਸੰਦੇਸ਼ ਕਿਤੇ ਦਬਕੇ ਰਹਿ ਜਾਂਦਾ ਹੈ। ਇਸ ਨਾਲ ਇੱਕ ਖਾਂਦੇ ਪੀਂਦੇ ਵਰਗ ਦੇ ਬੱਚਿਆਂ ਅੰਦਰ ਹੰਕਾਰ ਅਤੇ ਵੱਡੇ ਹੋਣ ਦੀ ਭਾਵਨਾ ਵਿਕਸਤ ਹੋ ਜਾਂਦੀ ਹੈ। ਅਜਿਹੇ ਸਮੇਂ ਸਿਆਸੀ ਸਰਪ੍ਰਸਤੀ ਉਹਨਾਂ ਦੇ ਇਸ ਹੰਕਾਰ ਨੂੰ ਹੋਰ ਪੱਠੇ ਪਾਕੇ ਸਮਾਜਿਕ ਵਾਤਾਵਰਣ ਹੋਰ ਦੂਸ਼ਤ ਕਰਦੀ ਹੈ। ਡਰ ਰਾਹੀਂ ਵੋਟਾਂ ਲੈਣ ਲਈ ਸਮੇਂ ਦੀਆਂ ਸਿਆਸੀ ਪਾਰਟੀਆਂ ਸਤਾ ਦੀ ਰੱਜਕੇ ਵਰਤੋਂ ਕਰਦੀਆਂ ਹਨ ਅਤੇ ਜਜਬਾਤੀ ਗਭਰੇਟਾਂ ਤੋਂ ਇਹ ਕੰਮ ਲੈਣਾ ਅਸਾਨ ਹੈ। ਕਿਉਂਕਿ ਉਹ ਸਤਾ ਦੇ ਨਸ਼ੇ ਰਾਹੀ ਜਲਦੀ ਫੁਸਲਾਏ ਜਾ ਸਕਦੇ ਹਨ। ਇਹ ਸਤਾ ਦੀ ਸਹਿ ਥੱਲੇ ਬਲਾਤਕਾਰ ਵਰਗੇ ਕੁਕਰਮ ਕਰਦੇ ਹਨ ਤਾਂ ਇਹਨਾਂ ਦੇ ਬਚਾਅ ਲਈ ਸਤਾ ਦੇ ਦਬਾਅ ਅਧੀਨ ਪ੍ਰਸ਼ਾਸਣ ਇਹਨਾਂ ਦੀ ਆਖਰੀ ਹੱਦ ਤੱਕ ਮਦਦ ਕਰਦਾ ਹੈ। ਸ਼ਰੁਤੀ ਕਾਂਡ ਨੇ ਇਹ ਸਭ ਲੋਕਾਂ ਦੀਆ ਅੱਖਾਂ ਅੱਗੇ ਨੰਗਾ ਕਰ ਦਿੱਤਾ ਹੈ। ਡਰ, ਨਸ਼ਾ, ਪੈਸ਼ਾ ਆਦਿ ਹਰ ਹਰਬਾ ਸਤਾ ਪ੍ਰਾਪਤੀ ਲਈ ਵਰਤਿਆ ਜਾਂਦਾ ਹੈ। ਇਸਦੇ ਨਤੀਜੇ ਹੁਣ ਸਾਡਾ ਸਮਾਜ ਭੁਗਤ ਰਿਹਾ।

ਸਮਾਜ ਲਗਾਤਾਰ ਸਭਿਆਚਾਰਕ ਤਬਦੀਲੀਆਂ ਵਿੱਚੋਂ ਗੁਜਰਦਾ ਹੈ। ਬਦਲਦੀਆਂ ਰਾਜਨੀਤਕ, ਸਮਾਜਿਕ, ਮਨੋਵਿਗਿਆਨਕ ਹਾਲਤਾਂ ਸਮਾਜ ਦੀ ਬਾਂਹ ਨੂੰ ਮਰੋੜਾ ਦੇਈ ਰਖਦੀਆਂ ਹਨ। ਪਹਿਲੇ ਸਮਾਜ ਦੀ ਰਹਿੰਦ ਖੂੰਹਦ ਲਗਾਤਾਰ ਨਵੇਂ ਸਮਾਜ ਦੇ ਉਸਰਣ ਦੀਆਂ ਜੰਮਣ ਪੀੜਾਂ ਵਿੱਚ ਵਾਧਾ ਕਰਨ ਦੇ ਯਤਨ ਕਰਦੀ ਰਹਿੰਦੀ ਹੈ। ਇਕ ਭਾਰੂ ਕੌਮ ਦੂਸਰੀ ਦੇ ਸਮਾਜਿਕ ਨਿਯਮਾਂ ਨੂੰ ਜ਼ਬਰੀ ਮੋੜਾ ਦਿੰਦੀ ਆਈ ਹੈ। ਭਾਰਤ ਅੰਦਰ ਬਦੇਸ਼ੀ ਕੌਮਾਂ ਦੇ ਵਾਰ ਵਾਰ ਦਾਖਲੇ ਨੇ ਇੱਥੋਂ ਦੇ ਸੱਭਿਆਚਾਰ ਨੂੰ ਵਾਰ ਵਾਰ ਪ੍ਰਭਾਵਿਤ ਕੀਤਾ ਹੈ ਅਤੇ ਇਸਦਾ ਔਰਤ ਅਤੇ ਮਰਦ ਦੇ ਰਿਸ਼ਤਿਆਂ ਤੇ ਵੀ ਭਾਰੀ ਅਸਰ ਪਿਆ ਹੈ। ਆਰੀਆ ਲੋਕਾਂ ਦੀ ਕੇਂਦਰੀ ਏਸ਼ੀਆ 'ਚੋਂ ਆਮਦ ਨੇ ਔਰਤ ਅਤੇ ਮਰਦ ਦੇ ਰਿਸ਼ਤੇ ਨੂੰ ਮੁੜ ਪ੍ਰੀਭਾਸ਼ਤ ਕੀਤਾ ਹੈ। ਇੱਥੇ ਵਸਦੇ ਦਰਾਵੜਾਂ ਦੀ ਸਮਾਜਿਕ ਜ਼ਿੰਦਗੀ ਵਿੱਚ ਭਾਰੀ ਦਖਲਅੰਦਾਜ਼ੀ ਕੀਤੀ ਅਤੇ ਰਿਸ਼ਤਿਆਂ ਦੀ ਤੋੜ ਭੰਨ ਕੀਤੀ। ਕੰਮ ਦੇ ਅਧਾਰ ਤੇ ਲੋਕਾਂ ਦੀ ਸਮਾਜਿਕ ਵੰਡ ਕੀਤੀ ਗਈ। ਮੰਨੂੰ ਸਿਮਰਤੀ ਰਾਹੀਂ ਸਥਾਪਤ ਰਾਜਨੀਤਿਕ ਨਿਯਮਾਂ ਨੇ ਸਮਾਜ ਵਿੱਚ ਭਾਰੀ ਦੁਫੇੜ ਪਾਈ ਉੱਥੇ ਔਰਤ ਦੀ ਦਰਜ਼ਾਬੰਦੀ ਤੇ ਵੀ ਭਾਰੀ ਸੱਟ ਮਾਰੀ। ਔਰਤ ਕਮਾਊ ਖੇਤਰ ਵਿੱਚੋਂ ਬਾਹਰ ਹੀ ਰੱਖੀ ਗਈ। ਇਸ ਤਰ੍ਹਾਂ ਆਰਥਿਕ ਪੱਖੋਂ ਗੈਰ ਉਪਜਾਊ ਹੋਣਾ ਹੀ ਔਰਤ ਲਈ ਮਰਦ ਦੀ ਅਧੀਨਗੀ ਝੱਲਣ ਦਾ ਕਾਰਨ ਬਣਿਆ।

ਗੌਰੀ, ਗਜਨਵੀ, ਬਾਬਰ ਜਾਂ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਤੋਂ ਬਾਅਦ ਭਾਰਤ ਦਾ ਸਿਆਸੀ ਨਕਸ਼ਾ ਵਾਰ ਵਾਰ ਰਾਜਨੀਤਿਕ ਅਤੇ ਸਮਾਜਿਕ ਤਬਦੀਲੀਆਂ ਦੇ ਦੌਰ ਵਿੱਚੋਂ ਗੁਜਰਿਆ। ਭਾਰਤ ਦੀ ਆਰਥਿਕਤਾ ਤੇ ਭੈੜੀ ਸੱਟ ਵਜਦੀ ਰਹੀ। ਆਰਥਿਕ ਕੰਮਜੋਰੀ ਦਾ ਭੰਨਿਆ ਭਾਰਤ ਅਖੀਰ ਇਸਲਾਮਿਕ ਕਬਜ਼ੇ ਅਧੀਨ ਆ ਗਿਆ। ਔਰਤਾਂ ਦੀ ਜੋ ਦੁਰਦਸ਼ਾ ਇਸ ਨਿਜ਼ਾਮ ਅਧੀਨ ਹੋਈ ਲੂੰ ਕੰਡੇ ਖੜੇ ਕਰਦੀ ਹੈ। ਇਹਨਾਂ ਹਮਲਿਆਂ ਦੌਰਾਨ ਪੰਜਾਬ ਅੰਦਰੋਂ ਸੁੰਦਰ ਔਰਤਾਂ ਨਾਲ ਧੱਕੇ ਨਾਲ ਵਿਆਹ ਰਚਾਏ ਗਏ ਜਾਂ ਉਹਨਾਂ ਦੇ ਉਧਾਲੇ ਕੀਤੇ ਗਏ। ਫਿਰ ਇਸਲਾਮ ਦੀ ਸਥਾਪਤੀ ਤੋਂ ਬਾਅਦ ਭਾਰਤ ਅੰਦਰ ਬੁਰਕੇ ਪਹਿਨਾਏ ਜਾਣ ਲੱਗੇ। ਘੁੰਢ ਕੱਢਣ ਦਾ ਰਿਵਾਜ਼ ਅਸਲੋਂ ਇਸਲਾਮ ਅਧੀਨ ਔਰਤ ਦੀ ਦੁਰਦਸ਼ਾ ਹੀ ਬਿਆਨ ਕਰਦਾ ਹੈ। ਇੱਥੋਂ ਦੇ ਰਿਆਸਤਾਂ ਦੇ ਰਾਜੇ ਆਪਣੇ ਹਰਮ ਵਿੱਚ ਸੈਂਕੜੇ ਔਰਤਾਂ ਰੱਖਣ ਦੇ ਸ਼ੁਕੀਨ ਰਹੇ। ਰਿਆਸਤ ਦੀ ਹਰ ਫੇਰੀ ਸਮੇਂ ਸੁੰਦਰ ਔਰਤ ਨੂੰ ਚੁਣਕੇ ਲਿਜਾਣਾ ਉਹਨਾਂ ਲਈ ਆਮ ਜਿਹੀ ਗੱਲ ਰਹੀ। ਅਜਿਹੇ ਸੱਭਿਆਚਾਰ ਨੇ ਮਰਦ ਅੰਦਰ ਇੱਕ ਤੋਂ ਵਧੇਰੇ ਔਰਤਾਂ ਰੱਖਣ ਦੀ ਹਬਸ਼ ਨੂੰ ਹਵਾ ਦਿੱਤੀ। ਔਰਤ ਦੇ ਹੱਕ ਵਿੱਚ ਕਾਨੂੰਨ ਤਾਂ ਬਣੇ ਹਨ ਪਰੰਤੂ ਲਾਗੂ ਕਰਨ ਦੀ ਪ੍ਰਸ਼ਾਸਨਿਕ ਕਮਜੋਰੀ ਅਤੇ ਸਿਆਸੀ ਸਵੈ-ਇੱਛਾ ਸ਼ਕਤੀ ਦੀ ਅਣਹੋਂਦ ਬੁਰੀ ਤਰ੍ਹਾਂ ਰੜਕਦੀ ਹੈ। ਪ੍ਰਸ਼ਾਸਨ ਸਮੰਤਵਾਦੀ ਰਹਿੰਦ ਖੂੰਹਦ ਦੇ ਅਸਰ ਹੇਠਾਂ ਅਕਸਰ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਦਿਲੋਂ ਜ਼ੁਰਮ ਹੀ ਨਹੀਂ ਸਮਝਦਾ ਸਗੋਂ ਅਚੇਤ ਮਨ ਅੰਦਰ ਔਰਤ ਉੱਪਰ ਮਰਦ ਦਾ ਹੱਕ ਹੀ ਗਰਦਾਨਦਾ ਹੈ। ਸਮੰਤਵਾਦੀ ਗ੍ਰਹਿਣੀ ਸੋਚ ਔਰਤ ਨੂੰ ਸੋਹਜ ਸੁਆਦ ਦੀ ਮੂਰਤੀ ਵਜੋਂ ਹੀ ਵੇਖਦੀ ਹੈ।

ਅਰਬ ਦੇਸ਼ਾਂ ਅੰਦਰ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਹਨਣ ਹੋਇਆ। ਉਥੋਂ ਦੇ ਸਮਾਜਿਕ ਅਤੇ ਰਾਜਨੀਤਿਕ ਤਾਣੇ ਬਾਣੇ ਵਿੱਚੋਂ ਔਰਤ ਲਗਭਗ ਮਨਫੀ ਹੈ। ਰਾਜਕੀ ਜ਼ਬਰ ਖਿਲਾਫ਼ ਅੱਜ ਅਰਬ ਦੇਸ਼ਾਂ ਅੰਦਰ ਭਰੀ ਉਥਲ ਪੁਥਲ ਹੋਈ ਹੈ। ਮੁਜ਼ਾਹਰਿਆਂ ਵਿੱਚ ਔਰਤਾਂ ਦੀ ਚੋਖੀ ਸ਼ਮੂਲੀਅਤ ਇਸਲਾਮਿਕ ਮੁਲਖਾਂ ਅੰਦਰ ਔਰਤ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦੇ ਸ਼ੁਭ ਸੰਕੇਤ ਹਨ। ਭਾਰਤ ਭਾਵੇਂ 1947 ਵਿੱਚ ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਵਿੱਚ ਸਫਲ ਹੋ ਗਿਆ ਪਰ ਸਰਮਾਏਦਾਰੀ ਨੇ ਇਸਦਾ ਚੀਰ ਹਰਨ ਕਰ ਲਿਆ। ਸਭ ਲਈ ਬਰਾਬਰੀ ਦੇ ਨਾਹਰੇ ਕੋਰਾ ਝੂਠ ਸਾਬਤ ਹੋਏ। ਵੋਟ ਦਾ ਅਧਿਕਾਰ ਤਾਂ ਮਿਲ ਗਿਆ ਪਰੰਤੂ ਇਸਦੀ ਵਰਤੋਂ ਸੰਬੰਧੀ ਸਮਾਜ ਨੂੰ ਸੁਚੇਤ ਕਰਨ ਦੇ ਉਪਰਾਲੇ ਕਰਨ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਗਈ। ਔਰਤ ਆਪਣੇ ਮਰਦ ਤੋਂ ਬਾਹਰ ਹੋਕੇ ਵੋਟ ਪਾਉਣ ਦੀ ਜੁਰਤ ਅੱਜ ਵੀ ਨਹੀਂ ਕਰ ਸਕਦੀ। ਅਜ਼ਾਦ ਹੋਣ ਤੋਂ ਬਾਅਦ 65 ਸਾਲ ਬੀਤ ਜਾਣ ਤੇ ਵੀ ਬਹੁਤ ਸਾਰਾ ਭਾਰਤ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਸੱਖਣਾ ਹੈ। ਅੱਜ ਵੀ ਕੁੜੀ ਨੂੰ ਪੜ੍ਹਾਉਣ ਤੋਂ ਗੁਰੇਜ਼ ਕਰਦਾ ਹੈ। ਕੁੜੀਮਾਰਾਂ ਵਿੱਚ ਪੰਜਾਬ ਦਾ ਦਰਜ਼ਾ ਦੁਨੀਆਂ ਭਰ ਵਿੱਚ ਸਭ ਤੋਂ ਉੱਪਰ ਹੈ। ਨੰਨ੍ਹੀ ਛਾਂ ਦੇ ਸ਼ੋਸ਼ੇ ਵੀ, ਪੰਜਾਬ ਵਿਚਲੇ ਗੁੰਡਾਰਾਜ ਦੇ, ਔਰਤਾਂ ਦੀ ਰੱਤ ਅਤੇ ਬਲਾਤਕਾਰਾਂ ਨਾਲ ਲਿਬੜੇ ਪੋਤੜੇ ਧੋਣ ਦੇ ਅਸਮਰਥ ਹਨ।

ਸ਼ਰੂਤੀ ਕਾਂਡ ਅਤੇ ਦਾਮਿਨੀ ਕਾਂਡ ਨੇ ਲੋਕਾਂ ਵਿੱਚ ਅੰਗੜਾਈ ਲਿਆਂਦੀ ਹੈ ਅਤੇ ਲੋਕ ਘੋਲਾਂ ਨੇ ਪੰਜਾਬ ਸਰਕਾਰ ਦੇ ਪੈਰਾਂ ਹੇਠੋਂ ਧਰਤੀ ਖਿਸਕਾ ਦਿੱਤੀ ਹੈ। ਲੋਕਾਂ ਦੇ ਦਬਾਅ ਸਦਕਾ ਸਰਕਾਰੀ ਸਰਪ੍ਰਸਤੀ ਪ੍ਰਾਪਤ ਗੁੰਡੇ ਸੀਖਾਂ ਪਿਛੇ ਦਿੱਤੇ ਗਏ। ਫਰੀਦਕੋਟ ਦਾ ਸ਼ਰੂਤੀ ਕਾਂਡ, ਸਮਾਨੇ ਦੇ ਲਾਗੇ ਦੇ ਪਿੰਡ ਬਾਦਸ਼ਾਹਪੁਰ ਦਾ ਲੜਕੀ ਦੇ ਸਮੂਹਕ ਬਲਾਤਕਾਰ ਅਤੇ ਖੁਦਕਸ਼ੀ ਕਾਂਡ ਆਦਿ ਇਸਦੀਆਂ ਉਦਾਹਰਣਾਂ ਹਨ। ਪਰ ਪੁਲੀਸ ਪ੍ਰਸ਼ਾਸਣ ਦੇ ਹੱਥਾਂ ਪੈਰਾਂ ਨੂੰ ਉਦੋਂ ਪਈ ਜਦੋਂ ਇਕ ਅਕਾਲੀ ਗੁੰਡੇ ਨੇ ਧੀ ਦੀ ਰਾਖੀ ਕਰਦੇ ਪੁਲੀਸ ਦੇ ਇੱਕ ਏ.ਐਸ. ਆਈ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ। ਪੀੜਤਾਂ ਦੇ ਵਾਰਸਾਂ ਨੂੰ ਉੱਚੀਆਂ ਨੌਕਰੀਆਂ ਦੇ ਕੇ ਸਮਾਜ ਦੀਆਂ ਅੱਖਾਂ ਨਹੀਂ ਪੂੰਝੀਆਂ ਜਾ ਸਕਦੀਆਂ। ਸਮਾਜ ਇੱਕ ਬਹੁਤ ਹੀ ਸਖ਼ਤ ਸਮਾਜਿਕ ਤਬਦੀਲੀ ਦੇ ਦਹਾਨੇ ਤੇ ਖੜ੍ਹਾ ਹੈ। ਅੱਖਾਂ ਪੂੰਝਣ ਦੇ ਹੱਥਕੰਡੇ ਆਖਰ ਨੀਰਸ਼ ਸਾਬਤ ਹੋਣਗੇ। ਦਿੱਲੀ ਦੇ ਦਾਮਿਨੀ ਕਤਲ ਅਤੇ ਸਮੂਹ ਬਲਾਤਕਾਰ ਦੇ ਖਿਲਾਫ ਰਾਸ਼ਟਰਪਤੀ ਭਵਨ ਵੱਧ ਵਧਦਾ ਭਾਰੀ ਲੋਕਾਂ ਦਾ ਰੋਸ ਜੇ ਜਥੇਬੰਦ ਹੋਣ ਦੇ ਰਸਤੇ ਪੈ ਗਿਆ ਅਤੇ ਪੰਜਾਬ ਵਿਚਲੇ ਸ਼ਰੂਤੀ ਕਾਂਡ ਲਈ ਜਥੇਬੰਦ ਹੋਏ ਕਾਫਲੇ ਜੇ ਦਿੱਲੀ ਦੇ ਲੋਕਾਂ ਸੰਗ ਜਾ ਰਲੇ ਫੇਰ ਪੈਸੇ ਦਾ ਜੋਰ ਨਹੀਂ ਚੱਲੇਗਾ। ਲੋੜ ਹੁਣ ਭਾਰੀ ਸਮਾਜਿਕ ਕਰਾਂਤੀ ਦੀ ਹੈ।

ਦਿੱਲੀ ਦੇ ਦਾਮਿਨੀ ਸਮੂਹਕ ਬਲਾਤਕਾਰ/ਹੱਤਿਆ ਕਾਂਡ ਨੇ ਲੋਕਾਂ ਦੀਆਂ ਅੱਖਾਂ ਖੋਲ ਦਿੱਤੀਆਂ ਤੇ ਦੱਸ ਦਿੱਤਾ ਕਿ ਦਿੱਲੀ ਅਤੇ ਪੰਜਾਬ ਦੀਆਂ ਸਰਕਾਰਾਂ ਮੂਲੋਂ ਇੱਕੋ ਸੁਭਾਅ ਅਤੇ ਇੱਕੋ ਕਿਸਮ ਦੇ ਨਿਜ਼ਾਮ ਦੀਆਂ ਹੀ ਸਰਕਾਰਾਂ ਹਨ। ਕੇਵਲ ਉਹਨਾਂ ਦੀ ਵਰਦੀ ਦੇ ਰੰਗ ਦਾ ਹੀ ਵਖਰੇਵਾਂ ਹੈ। ਬਲਾਤਕਾਰੀਆਂ ਨੂੰ ਸਿੱਧੀ ਫਾਂਸੀ ਦੀ ਸ਼ਜ਼ਾ ਜਾਂ ਉਹਨਾਂ ਨੂੰ ਖੱਸੀ ਕਰਨ ਵਰਗੀਆਂ ਸ਼ਜਾਵਾਂ ਦੀਆਂ ਦਲੀਲਾਂ ਵੀ ਭਰਵੇਂ ਰੂਪ ਵਿੱਚ ਉਭਰੀਆਂ। ਸਰਕਾਰ ਵੱਲੋਂ ਬਣਾਏ ਕਮਿਸ਼ਨ ਨੇ ਵੀ ਆਪਣੀ ਰੈਅ ਦੇ ਦਿੱਤੀ ਕਿ ਫਾਂਸੀ ਨਹੀਂ ਜੀਵਨ ਭਰ ਲਈ ਉਮਰ ਕੈਦ ਹੀ ਕਾਫੀ ਸਜ਼ਾ ਹੈ ਅਤੇ ਹੁਣ ਧੜਾਧੜ ਅਦਾਲਤਾਂ ਸਰਗਰਮ ਹੋ ਕੇ ਉਮਰ ਕੈਦਾਂ ਦੇਣ ਲੱਗ

ਪਈਆਂ ਹਨ। ਪਰ ਕੀ ਫਾਂਸੀ ਜਾਂ ਉਮਰ ਕੈਦ ਦੀਆਂ ਸ਼ਜਾਵਾਂ ਬਲਾਤਕਾਰ ਰੋਕ ਸਕਣਗੀਆਂ? ਨਾਰਵੇ ਵਰਗੇ ਮੁਲਕ ਅੰਦਰ ਫਾਂਸੀ ਦੀ ਸਜਾ ਹੀ ਨਹੀਂ ਅਤੇ ਬਲਾਤਕਾਰ ਵੀ ਨਹੀਂ ਹੁੰਦੇ, ਕਿਉਂ? ਸਮਾਜਵਾਦੀ ਮੁਲਕਾਂ ਅੰਦਰ ਬਲਾਤਕਾਰ ਨਾ ਮਾਤਰ ਹਨ, ਕਿਊਬਾ ਥੁੜਾਂ ਦੇ ਬਾਵਜੂਦ ਔਰਤ ਤੇ ਜ਼ਬਰ ਰਹਿਤ ਸਭਿਅਕ ਮੁਲਕ ਹੈ, ਕਿਉਂ? ਉਹ ਲੋਕ ਅਸ਼ਲੀਲਤਾ ਤੋਂ ਕੋਹਾਂ ਦੂਰ ਕਿਉਂ ਹਨ?

ਬਲਾਤਕਾਰੀਆਂ ਖਿਲਾਫ ਉਠਦੇ ਗੈਰ ਜਥੇਬੰਦਕ ਹਜ਼ੂਮ ਜੇ ਜਥੇਬੰਦ ਹੋ ਕੇ ਸਭਿਆਚਾਰ ਅਤੇ ਸਮਾਜਿਕ ਕ੍ਰਾਂਤੀ ਵੱਲ ਵਧਣ ਅਤੇ ਸਰਮਾਏਦਾਰੀ ਦੇ ਵਸਤੂ ਖਪਤ ਸੱਭਿਆਚਾਰ ਦੇ ਖਿਲਾਫ ਲਾਮਬੰਦ ਹੋਣ, ਅਸ਼ਲੀਲਤਾ ਖਿਲਾਫ਼ ਹਨੇਰੀ ਬਣਨ ਚਾਹੇ ਉਹ ਬਿਜਲਈ ਮੀਡੀਆ ਖਿਲਾਰਦਾ ਹੈ ਜਾਂ ਕਾਮ ਵਿੱਚ ਲਵਰੇਜ਼ ਮਾਨਸਿਕ ਬੀਮਾਰ ਗਾਇਕ। ਤਾਂ ਭਾਰੀ ਸਮਾਜਕ, ਰਾਜਨੀਤਕ ਤਬਦੀਲੀ ਅਟੱਲ ਹੈ। ਔਰਤਾਂ ਦੀ ਲਾਮਬੰਦੀ ਬੇਹੱਦ ਜਰੂਰੀ ਹੈ। ਉਹਨਾਂ ਦਾ ਵਿੱਦਿਅਕ ਅਦਾਰਿਆਂ ਵਿੱਚ ਦਾਖਲਾ ਯਕੀਨੀ ਬਣਾਇਆ ਜਾਵੇ। ਖਾਪ ਪੰਚਾਇਤਾਂ ਅਤੇ ਖੁੰਡ ਪੰਚਾਇਤਾਂ ਦੇ ਫੈਸਲੇ ਅਣਅਧਿਕਾਰਤ ਐਲਾਨੇ ਜਾਣੇ ਚਾਹੀਦੇ ਹਨ। ਪਰ ਵਿਆਹ ਦੀ ਅਜ਼ਾਦੀ ਕਿਸ਼ੋਰ ਅਵਸਥਾ ਦੇ ਲੰਘ ਜਾਣ ਬਾਅਦ ਹੀ ਬਾਲਗ ਬੱਚਿਆਂ ਨੂੰ ਮਿਲਣੀ ਚਾਹੀਦੀ ਹੈ। ਕਿਸ਼ੋਰ ਅਵਸਥਾ ਵਿੱਚ ਵਿਆਹ ਗੈਰ ਕਾਨੂੰਨੀ ਹੋਵੇ। ਅੰਤਰ ਜਾਤੀ ਵਿਆਹਾਂ ਲਈ ਅਜੇ ਉੱਚਿਤ ਵਾਤਾਵਰਣ ਸਿਰਜਣ ਦੀ ਲੋੜ ਹੈ। ਅਜ਼ਾਦੀ ਦੇ ਦਹਾਕੇ ਬੀਤ ਜਾਣ ਬਾਅਦ ਵੀ ਇਹ ਅਖੌਤੀ ਜਮਹੂਰੀਅਤ ਅਜਿਹਾ ਵਾਤਾਵਰਣ ਸਿਰਜ ਨਹੀਂ ਸਕੀ ਕਿ ਅਜਿਹੇ ਵਿਆਹਾਂ ਨੂੰ ਸਮਾਜਿਕ ਮਾਨਤਾ ਮਿਲ ਸਕੇ। ਅਜਿਹੇ ਵਿਆਹਾਂ ਸਮੇਂ ਇਕ ਧਿਰ ਵਿੱਚ ਹੀਣਤਾ ਅਤੇ ਦੂਸਰੀ ਵਿੱਚ ਜੇਤੂ ਹੋਣ ਦਾ ਅਹਿਸਾਸ ਸਮਾਜ ਵਿੱਚ ਜਾਤੀ ਰੰਜ਼ਸ ਦਾ ਕਾਰਨ ਬਣਕੇ ਵਧੇਰੇ ਜਾਤੀ ਵਖਰੇਵਾ ਪੈਦਾ ਕਰਦਾ ਹੈ। ਬਹੁਤ ਸਾਰੀਆਂ ਬਲਾਤਕਾਰੀ ਘਟਨਾਵਾਂ ਬਦਲੇ ਦੀ ਭਾਵਨਾਵਾਂ ਵਿੱਚੋਂ ਵੀ ਵਾਪਰੀਆਂ ਹਨ। ਅਜੇ ਤਾਂ ਉਸਾਰੂ ਸੋਚ ਰੱਖਦੇ ਲੋਕ ਵੀ ਆਪਣੇ ਮਨਾਂ ਵਿਚੋਂ ਜਾਤੀਵਾਦ ਦਾ ਸਫਾਇਆ ਨਹੀਂ ਕਰ ਸਕੇ ਕਿਉਂਕਿ ਸਮਾਜਿਕ ਦਬਾ ਉਹਨਾਂ ਲਈ ਸਿਰਦਰਦੀ ਬਣਿਆ ਹੋਇਆ ਹੈ। ਔਰਤ ਨੂੰ ਜਾਗਰੂਕ ਕਰਨ ਅਤੇ ਸਿੱਖਿਅਤ ਕਰਨ ਅਤੇ ਜਮਹੂਰੀ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਲਈ ਹਰ ਪੱਧਰ ਤੇ ਮੁਹਿੰਮਾਂ ਦਾ ਅਗਾਜ਼ ਹੋਣਾ ਜ਼ਰੂਰੀ ਹੈ। ਔਰਤ ਦੇ ਆਰਥਿਕ ਅਧਿਕਾਰਾਂ ਅਤੇ ਵਿਰਾਸਤੀ ਸੰਪਤੀ ਵਿੱਚ ਹੱਕਾਂ ਨੂੰ ਲਾਗੂ ਕਰਵਾਉਣ ਲਈ ਸਮਾਜਵਾਦੀ, ਤਰਕਸ਼ੀਲ, ਮਨੁੱਖੀ ਅਧਿਕਾਰਾਂ ਨੂੰ ਪ੍ਰਣਾਈਆਂ ਜਥੇਬੰਦੀਆਂ ਦਾ ਇਕਸੁਰ ਹੋ ਕੇ ਅੱਗੇ ਆਉਣਾ ਬੇਹੱਦ ਜਰੂਰੀ ਹੈ।

ਸਰਕਾਰਾਂ ਵੱਲੋਂ ਹਰ ਪਾਸੇ ਪੈਦਾ ਕੀਤੇ ਜਾ ਰਹੇ ਗੈਰ ਵਿੱਦਿਅਕ ਮਾਹੌਲ ਦਾ ਟਾਕਰਾ ਕਰਨਾ ਚਾਹੀਦਾ ਹੈ। ਵਿੱਦਿਅਕ ਢਾਂਚੇ ਅੰਦਰ ਕ੍ਰਾਂਤੀਕਾਰੀ ਤਬਦੀਲੀਆਂ ਅਤੇ ਇਸ ਨੂੰ ਆਸਥਾ ਤੋਂ ਪਰੇ ਧੱਕਕੇ ਵਿਗਿਆਨਕ ਲੀਹਾਂ ਉੱਪਰ ਪਾਉਣ ਲਈ ਲੋਕਾਂ ਦਾ ਦਬਾਅ ਵਧਣਾ ਚਾਹੀਦਾ ਹੈ। ਲੋਕਾਂ ਨੂੰ ਮਿੱਥਾਂ ਤੋਂ ਹਟਾਕੇ ਅਸਲੀਅਤ ਦੇ ਦਰਸ਼ਨ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ।

ਸ਼ੁਕਰਾਤ ਦੇ ਸਦੀਆਂ ਪਹਿਲਾਂ ਦਿੱਤੇ ਵਿਚਾਰਾਂ ਕਿ ਰਾਜੇ ਕਿਸੇ ਰੱਬ ਵੱਲੋਂ ਭੇਜੇ ਨੁਮਾਇੰਦੇ ਨਹੀਂ ਸਗੋਂ ਆਮ ਆਦਮੀ ਹਨ। ਉਸਨੇ ਏਥਨਜ ਦੀਆਂ ਸੜਕਾਂ ਤੇ ਕੂਕ ਕੂਕ ਕੇ ਕਿਹਾ ਕਿ ਰਾਜੇ ਧਰਮ ਦੀ ਵਰਤੋਂ ਆਪਣੇ ਰਾਜ ਦੀ ਸਥਾਪਤੀ ਵਾਸਤੇ ਹਥਿਆਰ ਵਜੋਂ ਕਰਦੇ ਹਨ ਅਤੇ ਕੋਰਾ ਝੂਠ ਬੋਲਦੇ ਹਨ ਕਿ ਉਹ ਲੋਕਾਂ ਤੇ ਰਾਜ ਕਰਨ ਲਈ ਰੱਬ ਦੇ ਭੇਜੇ ਨੁਮਾਇੰਦੇ ਹਨ। ਉਸਨੇ ਮਨੁੱਖ ਦੇ ਬਰਾਬਰੀ ਵਾਲੇ ਜਮਹੂਰੀ ਅਧਿਕਾਰਾਂ ਦੀ ਪੈਰਵਾਈ ਕੀਤੀ ਅਤੇ ਲੋਕਾਂ ਦੇ ਰਾਜ ਦੀ ਵਕਾਲਤ ਕੀਤੀ। ਇੱਥੇ ਔਰਤ ਦੇ ਅਧਿਕਾਰ ਵੀ ਬਹਿਸ਼ ਦਾ ਵਿਸ਼ਾ ਬਣੇ। ਜਮਹੂਰੀਅਤ ਦੇ ਸੰਕਲਪ ਦਾ ਜਨਮਦਾਤਾ ਸ਼ੁਕਰਾਤ ਬਣਿਆ। ਜਿਉਂ ਜਿਉਂ ਲੋਕ ਆਪਣੇ ਅਧਿਕਾਰਾਂ ਸੰਬੰਧੀ ਸੁਚੇਤ ਹੋਣ ਲੱਗੇ ਇਸਨੇ ਔਰਤਾਂ ਪ੍ਰਤੀ ਸਮਝ ਦੀ ਵੀ ਨਵੇਂ ਸਿਰੇ ਤੋਂ ਸਿਰਜਨਾ ਨੂੰ ਜਨਮ ਦਿੱਤਾ। ਸਮਾਜਵਾਦ ਸਮੇਂ ਦੀ ਲੋੜ ਹੈ। ਸਮਾਜ ਦੀ ਪੁਨਰਸੁਰਜੀਤੀ ਲਈ ਸਮਾਜਿਕ ਕ੍ਰਾਂਤੀਆਂ ਨੂੰ ਤਿੱਖਾ ਰੂਪ ਧਾਰਨ ਕਰਨ ਦੀ ਅੱਜ ਬੇਹੱਦ ਜ਼ਰੂਰਤ ਹੈ ਜਿਸ ਨਾਲ ਲੋਕਾਂ ਦੀ ਔਰਤ ਪ੍ਰਤੀ ਮਾਨਸਿਕ ਬਣਤਰ ਬਦਲੀ ਜਾ ਸਕੇ ਅਤੇ ਉਹਨਾਂ ਦੇ ਜਮਹੂਰੀ ਅਧਿਕਾਰਾਂ ਪ੍ਰਤੀ ਸੁਚੇਤ ਕੀਤਾ ਜਾ ਸਕੇ।

ਏਸ਼ੀਅਨ ਰੈਸਨੇਲਿਸਟ ਸੁਸਾਇਟੀ, ਬਰਤਾਨੀਆ ਦਾ ਪਤਾ

Asian Rationalist Society Britain
346, Soho Road, Hadsworth, Birmingham, England. UK, B21 9QL, Ph.: 0121 5540077
Sach Dev (0044) 07786150163
Navdeep Leicester. (0044) 07832483533
Bhagwant (0044) 07989303961
Birmingham Branch Secretary. A R S B

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੰਘ ਸਿੱਧੂ



? ਅੱਜ ਕੱਲ ਨੌਜੁਆਨ ਲੜਕਿਆਂ ਅਤੇ ਬੱਚਿਆਂ/ਕਿਸ਼ੋਰ ਅਵਸਥਾ(Adolescents) ਦੀ ਉਮਰ ਵਿੱਚ ਨਸ਼ਿਆਂ ਦਾ ਰੁਝਾਨ ਬਹੁਤ ਵੱਧ ਰਿਹਾ ਹੈ। ਇਸ ਉਮਰ ਦੇ ਬੱਚਿਆਂ ਜਾਂ ਨੌਜੁਆਨਾਂ ਦੀਆਂ ਨਸ਼ੇ ਸੰਬੰਧੀ ਵਿਸ਼ੇਸ਼ ਸਮੱਸਿਆਵਾਂ ਬਾਰੇ ਅਤੇ ਉਨ੍ਹਾਂ ਦੇ ਹੱਲ ਸੰਬੰਧੀ ਚਾਨਣਾ ਪਾਉ।

ਜੁਆਬ:- ਬੇਸ਼ਕ ਪਿਛਲੇ ਅੰਕਾਂ ਵਿੱਚ ਨਸ਼ਿਆਂ ਬਾਰੇ ਆਮ ਜਾਣਕਾਰੀ ਦਿੱਤੀ ਜਾ ਚੁਕੀ ਹੈ ਪਰ ਤੁਸੀਂ ਜਿਸ ਬੱਚਿਆਂ/ਨੌਜੁਆਨ ਵਰਗ ਬਾਰੇ ਗੱਲ ਕੀਤੀ ਹੈ ਉਹ ਬਹੁਤ ਹੀ ਅਹਿਮ ਮੁੱਦੇ ਦੀ ਗੱਲ ਹੈ। ਇਸ ਗੱਲ ਦੇ ਵਿਸ਼ੇਸ਼ ਕਾਰਣ ਹਨ।

- ਇਹ ਉਮਰ ਜ਼ਿੰਦਗੀ ਵਿੱਚ ਵਿਕਾਸ ਦਾ ਵਿਸ਼ੇਸ਼ ਦੌਰ ਹੈ। ਇਨਸਾਨ ਵਿੱਚ ਇਕਦਮ ਬਹੁਤ ਸਾਰੀਆਂ ਸ਼ਰੀਰਿਕ ਅਤੇ ਮਾਨਸਿਕ ਤਬਦੀਲੀਆਂ ਆ ਜਾਂਦੀਆਂ ਹਨ।
- ਇਸ ਵਰਗ ਦੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਹਨ।
- ਇਸ ਉਮਰ ਵਿੱਚ ਵਿਵਹਾਰ ਅਤੇ ਮਨ ਦੂਜਿਆਂ ਤੋਂ ਬਹੁਤ ਜਲਦੀ ਅਸਰਅੰਦਾਜ਼ ਹੁੰਦਾ ਹੈ।
- ਇਸ ਉਮਰ ਵਿੱਚ ਨਵੇਂ ਤਜਰਬੇ ਕਰਨ ਦਾ ਜ਼ਜ਼ਬਾ ਬਹੁਤ ਹਾਵੀ (ਭਾਰੂ) ਹੁੰਦਾ ਹੈ। ਇਹ ਉਮਰ ਬਗਾਵਤ ਦੀ ਉਮਰ ਹੁੰਦੀ ਹੈ, ਸਮਾਜੀ ਕਦਰਾਂ ਕੀਮਤਾਂ ਦੀ ਅਹਿਮੀਅਤ ਨਹੀਂ ਹੁੰਦੀ।
- ਇਸ ਉਮਰ ਵਿੱਚ ਖਤਰੇ ਮੁੱਲ ਲੈਣ ਵੇਲੇ ਡਰ ਨਹੀਂ ਲਗਦਾ ਜਾਂ ਪਰਵਾਹ ਨਹੀਂ ਹੁੰਦੀ।
- ਜ਼ਿਆਦਾਤਰ ਇਸ ਉਮਰ ਵਿੱਚ ਜ਼ਿੰਦਗੀ ਦੇ ਤਜਰਬਿਆਂ ਦੀ ਘਾਟ ਹੁੰਦੀ ਹੈ।
- ਇਸ ਉਮਰ ਵਿੱਚ ਅਸਲੀਅਤ ਸਮਝਣ ਦੀ ਕਾਬਲੀਅਤ ਕਾਫੀ ਘੱਟ ਹੁੰਦੀ ਹੈ।
- ਇਸ ਉਮਰ ਵਿੱਚ ਇਨਸਾਨ ਨੂੰ ਖਿਆਲੀ ਪੁਲਾਅ ਬਣਾਉਣ ਦੀ ਕਾਫੀ ਆਦਤ ਹੁੰਦੀ ਹੈ।

ਇਸ ਸਟੇਜ ਤੇ ਮਾਪਿਆਂ, ਅਧਿਆਪਕਾਂ ਅਤੇ ਹੋਰਾਂ ਵੱਲੋਂ ਕੀਤੀ ਗਈ ਸਹੀ ਰਹਿਨੁਮਾਈ ਜਾਂ ਗਲਤ ਮਾਰਗ-ਦਰਸ਼ਨ ਦੇ ਬਹੁਤ ਅਹਿਮ ਜਾਂ ਗੰਭੀਰ ਸਿੱਟੇ ਨਿਕਲਦੇ ਹਨ, ਜੋ ਆਉਣ ਵਾਲੀ ਸਾਰੀ ਜ਼ਿੰਦਗੀ ਦਾ ਰੁਖ ਬਦਲ ਦਿੰਦੇ ਹਨ।

ਸੋ ਉਪਰੋਕਤ ਤੱਥਾਂ ਤੋਂ ਇਹ ਗਲ ਸਪਸ਼ਟ ਹੈ ਕਿ ਕਿਸ਼ੋਰ ਅਵਸਥਾ ਜਿਸ ਨੂੰ ਅਸੀਂ ਅੱਲੜ-ਪੁਣੇ ਦੀ ਸਟੇਜ ਵੀ ਆਖ ਸਕਦੇ ਹਾਂ ਜ਼ਿੰਦਗੀ ਦਾ ਇਕ ਅਹਿਮ ਪੜਾਅ ਹੈ।

ਨਸ਼ਿਆਂ ਦੀ ਸ਼ੁਰੂਆਤ ਅਕਸਰ ਹੀ ਇਸ ਉਮਰ ਵਿੱਚ ਹੁੰਦੀ ਹੈ। ਬੇਸ਼ਕ ਸਰਕਾਰ ਵੱਲੋਂ ਕੌਮੀ ਪੱਧਰ ਤੇ ਕੋਈ ਨਸ਼ਿਆਂ ਦੀ ਵਰਤੋਂ ਬਾਰੇ ਵਿਸ਼ੇਸ਼ ਸਰਵੇਖਣ ਨਹੀਂ ਕਰਵਾਇਆ ਗਿਆ ਪਰ ਵੱਖ ਵੱਖ ਅਦਾਰਿਆਂ/ਵਿਗਿਆਨੀਆਂ ਵੱਲੋਂ ਕੀਤੇ ਸਰਵੇਖਣਾਂ ਤੋਂ ਕਾਫੀ ਜਾਣਕਾਰੀ ਮਿਲਦੀ ਹੈ। ਗਲੋਬਲ ਯੂਥ ਟੋਬੈਕੋ ਸਰਵੇ (Global Youth Tobaco Survey) ਰਾਹੀਂ ਸਕੂਲੀ ਬੱਚਿਆਂ ਵਿੱਚ ਨਸ਼ਿਆਂ ਬਾਰੇ ਮਿਲੀ ਜਾਣਕਾਰੀ ਦਸਦੀ ਹੈ ਕਿ ਅਕਸਰ ਹੀ ਨਸ਼ਿਆਂ ਦੀ ਸ਼ੁਰੂਆਤ ਇਸ ਉਮਰ ਵਿੱਚ ਹੀ ਹੁੰਦੀ ਹੈ। ਜ਼ਿਆਦਾਤਰ ਬੱਚੇ ਤੰਬਾਕੂ ਜਾਂ ਅਲਕੋਹਲ ਤੋਂ ਹੀ ਨਸ਼ਿਆਂ ਦੀ ਸ਼ੁਰੂਆਤ ਕਰਦੇ ਹਨ, ਫੇਰ ਹੌਲੀ ਹੌਲੀ ਹੋਰ ਨਸ਼ੇ ਕਰਨ ਲੱਗ ਜਾਂਦੇ ਹਨ। ਕਈ ਲੋਕ ਸ਼ਰਾਬ ਦੇ ਨਾਲ ਨਾਲ ਭੰਗ ਦਾ ਇਸਤੇਮਾਲ ਵੀ ਕਰਨ ਲਗਦੇ ਹਨ, ਅਤੇ ਅੱਗੇ ਹੋਰ ਗੈਰ ਕਾਨੂੰਨੀ ਨਸ਼ੇ ਵਰਤਣੇ ਸ਼ੁਰੂ ਕਰ ਦਿੰਦੇ ਹਨ। ਸਰਵੇਖਣਾਂ ਤੋਂ ਪਤਾ ਚਲਦਾ ਹੈ ਕਿ ਬੱਚਿਆਂ ਵਿੱਚ ਤੰਬਾਕੂ ਨੋਸ਼ੀ ਦੀ ਦਰ ਘਟਣ ਦੀ ਬਜਾਏ ਵਧ ਰਹੀ ਹੈ। ਭਾਰਤ ਵਿੱਚ ਤਕਰੀਬਨ 12 ਤੋਂ 13 ਫੀਸਦੀ ਬੱਚੇ ਤੰਬਾਕੂ ਨੋਸ਼ੀ ਕਰਦੇ ਹਨ। ਨਸ਼ੇ ਕਰਨ ਦੀ ਦਰ 14 ਸਾਲ ਦੀ ਉਮਰ ਵਿੱਚ 7 ਫੀਸਦੀ ਤੋਂ ਵੱਧ ਕੇ 21 ਸਾਲ ਦੀ ਉਮਰ ਵਿੱਚ ਤਕਰੀਬਨ 25 ਫੀਸਦੀ ਹੋ ਜਾਂਦੀ ਹੈ। ਦਿੱਲੀ ਵਿੱਚ ਗਲੀਆਂ ਵਿੱਚ ਫਿਰਦੇ ਬੇਸਹਾਰਾ ਬੱਚਿਆਂ ਵਿੱਚ ਨਸ਼ੇ ਦੀ ਦਰ 57 ਫੀਸਦੀ ਪਾਈ ਗਈ ਹੈ। ਇਨ੍ਹਾਂ ਨਸ਼ਿਆਂ ਵਿੱਚ ਪ੍ਰਮੁਖ ਨਸ਼ੇ ਤੰਬਾਕੂ, ਭੰਗ/ਚਰਸ, ਸੁੰਘਣ ਵਾਲੇ ਉਡਣਸ਼ੀਲ ਪਦਾਰਥ ਅਤੇ ਸ਼ਰਾਬ ਹਨ। ਪੰਜਾਬ ਵਿੱਚ ਨੋਜੁਆਨਾਂ ਵਿੱਚ ਜ਼ਿਆਦਾਤਰ ਵਰਤਣ ਵਾਲੇ ਨਸ਼ੇ ਹਨ-ਸ਼ਰਾਬ, ਭੰਗ, ਨਸ਼ੇ ਦੇ ਕੈਪਸੂਲ (ਪਰੌਕਸੀਵੋਨ), ਖੰਘ ਦੀਆਂ ਸ਼ੀਸ਼ੀਆਂ (ਕੋਰੈਕਸ) ਗੋਲੀਆਂ (ਲੋਮੋਟਿਲ, ਕੈਰੀਸੋਮਾ ਤੇ ਦਰਦ ਦੀਆਂ ਗੋਲੀਆਂ, ਨੀਂਦ ਦੀਆਂ ਗੋਲੀਆਂ ਜਾਂ ਕੈਪਸੂਲ), ਜ਼ਰਦਾ, ਅਫੀਮ, ਭੁੱਕੀ ਤੇ ਸਮੈਕ

ਆਦਿ।

ਬੇਸ਼ਕ ਨਸ਼ਿਆ ਨਾਲ ਹਰ ਉਮਰ ਵਿੱਚ ਬਹੁਤ ਨੁਕਸਾਨ ਹੁੰਦੇ ਹਨ ਪਰ ਇਸ ਉਮਰ ਵਿੱਚ ਨਸ਼ਿਆਂ ਤੋਂ ਹੋਣ ਵਾਲੇ ਵਿਸ਼ੇਸ਼ ਨੁਕਸਾਨ ਇਹ ਹਨ।

- ਟਰੈਫਿਕ ਐਕਸੀਡੈਂਟ ਅਤੇ ਹੋਰ ਦੁਰਘਟਨਾਵਾਂ।
- ਖੁਦਕਸ਼ੀ ਕਰਨਾ ਜਾਂ ਇਸ ਦੀ ਕੋਸ਼ਿਸ਼ ਕਰਨਾ।
- ਝਗੜੇ ਅਤੇ ਮਾਰ-ਕੁਟਾਈ ਕਰਨਾ ਜਾਂ ਹੋਰਾਂ ਨਾਲ ਦੁਰਵਿਵਹਾਰ ਕਰਨਾ।
- ਅਸੁਰੱਖਿਅਤ ਸੈਕਸ ਕਰਨਾ, ਲਿੰਗ ਰੋਗ ਲਗਵਾ ਲੈਣਾ, ਜਾਂ ਬਿਨਾਂ ਲੋੜ ਤੋਂ ਗਰਭ ਹੋਣਾ।
- ਨਸ਼ਿਆਂ ਸੰਬੰਧੀ ਹੋਰ ਖਤਰਨਾਕ ਰੋਗ ਜਿਵੇਂ ਕਿ ਨਸ਼ੇ ਦੇ ਟੀਕਿਆਂ ਨਾਲ ਪੀਲੀਆ ਰੋਗ (ਹੈਪੇਟਾਈਟਿਸ- ਸੀ), ਐਚ. ਆਈ. ਵੀ. ਅਤੇ ਏਡਜ਼ (HIV & AIDS) ਆਦਿ ਹੋਣਾ।
- ਗੈਰ ਕਾਨੂੰਨੀ ਕੰਮ ਕਰਨੇ, ਜਿਵੇਂ ਕਿ ਚੋਰੀਆਂ ਅਤੇ ਲੁੱਟਾਂ-ਖੋਹਾਂ ਕਰਨੀਆਂ, ਪੈਸਿਆਂ ਲਈ ਨਸ਼ੇ ਵੇਚਣੇ, ਜਾਂ ਵੇਸਵਾ-ਵ੍ਰਿਤੀ ਵਿੱਚ ਪੈਣਾ।
- ਗੈਰ ਕਾਨੂੰਨੀ ਗੱਲਾਂ ਕਰਕੇ ਸਕੂਲ ਜਾਂ ਕਾਲਜ ਵਿੱਚੋਂ ਕੱਢੇ ਜਾਣਾ,ਪੜਾਈ ਛੁੱਟਣਾ, ਪੁਲੀਸ ਨਾਲ ਵਾਹ ਪੈਣਾ ਜਾਂ ਜੇਲ੍ਹ ਜਾਣਾ ਆਦਿ।
- ਘਰ ਦਾ ਮਾਹੌਲ ਬਹੁਤ ਖਰਾਬ ਹੋਣਾ, ਪਰਿਵਾਰ ਦੀ ਖੁਸ਼ਹਾਲੀ ਖਤਮ ਹੋਣਾ, ਦੂਜੇ ਠੀਕ (ਨਾਰਮਲ) ਬੱਚਿਆਂ ਦੀ ਪੜਾਈ ਵਿੱਚ ਵਿਘਨ ਪੈਣਾ, ਆਰਥਿਕ ਹਾਲਤ ਖਰਾਬ ਹੋਣਾ ਆਦਿ।

ਉਪਰੋਕਤ ਕਿਸੇ ਇੱਕ ਜਾਂ ਜ਼ਿਆਦਾ ਕਾਰਣਾ ਕਰਕੇ ਸਾਰੀ ਜ਼ਿੰਦਗੀ ਦਾ ਰੁਖ ਬਦਲ ਸਕਦਾ ਹੈ ਅਤੇ ਜਿੰਦਗੀ ਬਰਬਾਦ ਹੋ ਸਕਦੀ ਹੈ। ਸੋ ਇਹ ਗੱਲ ਸਪੱਸ਼ਟ ਹੈ ਕਿ ਕਿਸ਼ੋਰ ਅਵਸਥਾ ਵਿੱਚ ਨਸ਼ਾ ਖੋਰੀ ਬਹੁਤ ਹੀ ਖਤਰਨਾਕ ਮਸਲਾ ਹੈ।

ਜਿਥੋਂ ਤੱਕ ਕਾਰਣਾਂ ਦੀ ਗੱਲ ਹੈ ਤਾਂ ਭੈੜੀ ਸੰਗਤ ਦਾ ਅਸਰ ਸਭ ਤੋਂ ਅਹਿਮ ਕਾਰਣ ਹੈ। ਸਕੂਲਾਂ ਕਾਲਜਾਂ ਜਾਂ ਹੋਰ ਕੰਮ-ਕਾਰ ਵਾਲੀਆਂ ਥਾਵਾਂ ਤੇ ਸਾਥੀਆਂ ਦਾ ਦਬਾਅ, ਉਤਸੁਕਤਾ, ਜਾਂ ਪਾਰਟੀਆਂ ਆਦਿ ਅਹਿਮ ਕਾਰਣ ਹਨ। ਇਸ ਤੋਂ ਬਿਨਾਂ ਪੇਸ਼ੇਵਰ ਨਸ਼ਾ ਵੇਚਣ ਵਾਲਿਆਂ ਦੇ ਚੁੰਗਲ ਵਿੱਚ ਫਸਣਾ ਵੀ ਇਸ ਦਾ ਕਾਰਣ ਹੋ ਸਕਦਾ ਹੈ। ਘਰ ਵਿੱਚ ਵੱਡਿਆਂ ਦਾ ਨਸ਼ੇ ਕਰਨਾ ਵੀ ਬੁਰਾ ਅਸਰ ਪਾਉਂਦਾ ਹੈ ਅਤੇ ਨੌਜੁਆਨਾਂ ਨੂੰ ਨਸ਼ੇ ਕਰਨ ਲਈ ਪ੍ਰੇਰਿਤ ਕਰਦਾ ਹੈ। ਕਈ ਖਿਡਾਰੀ ਆਪਣੀ ਕਾਰਗੁਜ਼ਾਰੀ ਵਧਾਉਣ ਲਈ ਵੀ ਨਸ਼ਿਆਂ ਦਾ ਸਹਾਰਾ ਲੈਣ ਲਗਦੇ ਹਨ ਅਤੇ ਇਨ੍ਹਾਂ ਦੇ ਸ਼ਿਕਾਰ ਹੋ ਜਾਂਦੇ ਹਨ।

ਆਮ ਤੌਰ ਤੇ ਕਿਸ਼ੋਰ ਅਵਸਥਾ ਵਿੱਚ ਬੱਚੇ ਜਦੋਂ ਨਸ਼ਾ ਸ਼ੁਰੂ ਕਰਦੇ ਹਨ ਤਾਂ ਮਾਂ-ਬਾਪ ਨੂੰ ਪਹਿਲਾਂ ਪਹਿਲ ਪਤਾ ਨਹੀ ਲਗਦਾ। ਜੇ ਕੋਈ ਉਹਨਾਂ ਨੂੰ ਬੱਚੇ ਦੀ ਇਸ ਹਰਕਤ ਬਾਰੇ ਦੱਸਦਾ ਵੀ ਹੈ ਤਾਂ ਉਹ ਦੱਸਣ ਵਾਲੇ ਨਾਲ ਹੀ ਨਰਾਜ਼ ਹੁੰਦੇ ਹਨ ਅਤੇ ਆਪਣੇ ਬੱਚੇ ਦਾ ਪੱਖ ਪੂਰਦੇ ਹਨ ਜੋ ਕਿ ਬਹੁਤ ਗਲਤ ਗੱਲ ਹੈ। ਇਸ ਨਾਲ ਬਹੁਤ ਨੁਕਸਾਨ ਹੁੰਦਾ ਹੈ ਅਤੇ ਇਲਾਜ ਕਰਾਉਣ ਵਿੱਚ ਬਹੁਤ ਦੇਰ ਹੋ ਜਾਂਦੀ ਹੈ। ਸਤਰਕ ਮਾਂ-ਬਾਪ ਹਮੇਸ਼ਾ ਆਪਣੇ ਬੱਚਿਆਂ ਪ੍ਰਤੀ ਸੁਚੇਤ ਰਹਿੰਦੇ ਹਨ। ਕੁਝ ਲੱਛਣ ਅਜੇਹੇ ਹਨ ਜੋ ਬੱਚਿਆਂ ਦੇ ਇਸ ਵਿਵਹਾਰ ਬਾਰੇ ਅਗਾਂਹ ਸੂਚਿਤ ਕਰ ਸਕਦੇ ਹਨ। ਜਿਵੇਂ ਕਿ ਬੱਚਿਆਂ ਦਾ ਪਹਿਲਾਂ ਨਾਲੋਂ ਵੱਧ ਪੈਸੇ ਮੰਗਣਾ ਜਾਂ ਖਰਚਣਾ, ਘਰ ਵਿੱਚੋਂ ਪੈਸੇ ਚੋਰੀ ਹੋਣੇ, ਕੀਮਤੀ ਚੀਜ਼ਾਂ ਗਾਇਬ ਹੋਣੀਆਂ, ਬੱਚਿਆਂ ਦਾ ਜ਼ਿਆਦਾ ਸਮਾਂ ਘਰ ਤੋਂ ਗਾਇਬ ਰਹਿਣਾ, ਪੁਰਾਣੇ ਚੰਗੇ ਦੋਸਤਾਂ ਤੋਂ ਕਤਰਾਉਣਾ ਅਤੇ ਨਵੇਂ ਅਣਜਾਣ ਦੋਸਤ ਬਣਾਉਣੇ, ਬਾਥਰੂਮ ਵਿੱਚ ਪਹਿਲਾਂ ਨਾਲੋ ਜ਼ਿਆਦਾ ਦੇਰ ਲਗਾਉਣਾ, ਸੁਸਤ ਰਹਿਣਾ, ਲੋੜ ਤੋਂ ਵੱਧ ਸੌਣਾ, ਅੱਖਾਂ ਬੋਝਲ ਰਹਿਣਾ,ਚਿੜਚਿੜਾ ਰਹਿਣਾ, ਪੜਾਈ ਵਿੱਚ ਪਿਛੜਨਾ, ਸਕੂਲ ਜਾਂ ਕਾਲਜ ਵਿਚੋਂ ਕਲਾਸਾਂ ਨਾ ਲਗਾਉਣੀਆਂ, ਕੱਪੜਿਆਂ ਦੀਆਂ ਜੇਬਾਂ ਵਿੱਚੋਂ ਜ਼ਰਦਾ, ਸਿਗਰਟਾਂ, ਗੋਲੀਆਂ ਜਾਂ ਕੈਪਸੂਲ ਜਾਂ ਹੋਰ ਨਸ਼ੇ ਦਾਂ ਸਮਾਨ ਮਿਲਣਾ, ਕਮਰੇ ਵਿੱਚੋ ਅਲਮੀਨਿਅਮ ਦੇ ਪਤਰੇ ਮਿਲਣਾ, ਮਾਚਿਸ ਦੀਆਂ ਜਲੀਆਂ ਜਾਂ ਅਣ-ਜਲੀਆਂ ਤੀਲੀਆਂ ਮਿਲਣਾ, ਕਮਰਾ ਜ਼ਿਆਦਾ ਸਮਾਂ ਅੰਦਰੋਂ ਕੁੰਡੀ ਲਾਕੇ ਬੰਦ ਰਖਣਾ, ਕਮਰੇ 'ਚੋਂ ਧੂੰਆਂ ਜਾਂ ਹੋਰ ਨਸ਼ਿਆਂ ਦੀ ਮੁਸ਼ਕ ਆਉਣਾ, ਬਾਹਰੋ ਆਉਣ ਤੇ ਮੂੰਹ ਤੋਂ ਸ਼ਰਾਬ ਜਾਂ ਸਿਗਰਟ ਦੀ ਮੁਸ਼ਕ ਆਉਣਾ ਆਦਿ।

ਜੇ ਸ਼ੱਕ ਪੈਦਾ ਹੋਣ ਲਗੇ ਤਾਂ ਬੱਚੇ ਬਾਰੇ ਉਸ ਦੇ ਦੋਸਤਾਂ ਵਿਸ਼ੇਸ਼ ਤੌਰ ਤੇ ਚੰਗੇ ਬੱਚਿਆਂ ਤੋਂ ਇਸ ਮਾਮਲੇ ਬਾਰੇ ਸਾਵਧਾਨੀ ਪੂਰਵਕ ਪਤਾ ਕਰੋ। ਉਸ ਦੇ ਕਮਰੇ ਅਤੇ ਹੋਰ ਸਮਾਨ ਦੀ ਸਮੇ ਸਮੇ ਨਾਲ ਜਾਂਚ ਜਾਂ ਤਲਾਸ਼ੀ ਲਵੋ। ਬੱਚੇ ਨਾਲ ਪਿਆਰ ਨਾਲ ਗੱਲ ਬਾਤ ਕਰੋ। ਸਕੂਲ ਜਾਂ ਕਾਲਜ ਵਿੱਚ ਕਲਾਸ ਟੀਚਰ ਨਾਲ

ਤਾਲਮੇਲ ਕਰੋ ਅਤੇ ਜਾਣਕਾਰੀ ਹਾਸਿਲ ਕਰੋ। ਜੇ ਸਿਰਫ ਸ਼ੱਕ ਹੀ ਹੈ ਅਤੇ ਕੋਈ ਪੱਕਾ ਸਬੂਤ ਨਹੀ ਹੈ ਤਾਂ ਘਬਰਾਉ ਨਹੀਂ ਬਲਕਿ ਅੱਗੇ ਤੋਂ ਸਤੱਰਕ ਰਹੋ ਅਤੇ ਬੱਚੇ ਦਾ ਵਿਸ਼ੇਸ਼ ਧਿਆਨ ਰੱਖੋ। ਪਰ ਜੇ ਕੋਈ ਸਬੂਤ ਮਿਲਦਾ ਹੈ ਜਾਂ ਕਿਸੇ ਤੋਂ ਬੱਚੇ ਦੇ ਨਸ਼ੇ ਕਰਨ ਦੀ ਖਬਰ ਮਿਲਦੀ ਹੈ ਤਾਂ ਬਿਨਾਂ ਸਮਾਂ ਗੁਆਏ ਕਿਸੇ ਚੰਗੇ ਮਨੋਰੋਗ ਵਿਭਾਗ/ਨਸ਼ਾ ਛੁਡਾਊ ਕੇਂਦਰ ਦੇ ਮਨੋਰੋਗ ਮਾਹਿਰ ਨਾਲ ਸਲਾਹ ਮਸ਼ਵਰਾ ਕਰੋ ਅਤੇ ਜੇ ਲੋੜ ਪਵੇ ਤਾਂ ਬੱਚੇ ਨੂੰ ਹਸਪਤਾਲ ਵਿੱਚ ਦਾਖਿਲ ਕਰਾ ਕੇ ਇਲਾਜ ਕਰਵਾਉ। ਹਸਪਤਾਲ ਤੋਂ ਛੁੱਟੀ ਹੋਣ ਤੋਂ ਬਾਅਦ ਵੀ ਲੰਬੇ ਸਮੇ ਲਈ ਕੁਝ ਦੁਆਈਆਂ ਖੁਆਉਣੀਆਂ ਜ਼ਰੂਰੀ ਹੁੰਦੀਆਂ ਹਨ ਜੋ ਕਿ ਦੁਬਾਰਾ ਨਸ਼ੇ ਲੱਗਣ ਤੋਂ ਬਚਾ ਕਰਦੀਆਂ ਹਨ। ਕਾਉਂਸਲਿੰਗ ਵੀ ਇਸ ਵਿੱਚ ਮਦਦ ਕਰਦੀ ਹੈ।

ਕਿਸੇ ਵੀ ਗੰਭੀਰ ਸਮੱਸਿਆਂ ਦੇ ਵਾਂਗ, ਨਸ਼ਿਆਂ ਵਿੱਚ ਪੈ ਕੇ ਬਾਅਦ ਵਿੱਚ ਹੱਲ ਨਾਲੋ ਉਸ ਦਾ ਬਚਾਅ ਹੀ ਬੇਹਤਰ ਹੁੰਦਾ ਹੈ। ਇਸ ਲਈ ਸਭ ਮਾਂ-ਬਾਪ ਜਾਂ ਬੱਚਿਆਂ ਦੇ ਸਰਪ੍ਰਸਤਾਂ ਨੂੰ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਜਿਵੇਂ ਕਿ ਹਮੇਸ਼ਾ ਧਿਆਨ ਰੱਖੋ ਕਿ ਬੱਚੇ ਦੇ ਦੋਸਤ-ਮਿੱਤਰ ਜਾਂ ਸਹੇਲੀਆਂ ਆਦਿ ਕਿਸ ਤਰਾਂ ਦੇ ਹਨ। ਬੱਚੇ ਨੂੰ ਹਮੇਸ਼ਾ ਬੁਰੀ ਸੰਗਤ ਤੋਂ ਦੂਰ ਰੱਖੋ। ਬੱਚੇ ਦੇ ਘਰੋਂ ਬਾਹਰ ਬਿਤਾਏ ਸਮੇ ਬਾਰੇ ਵੀ ਨਜ਼ਰ ਰੱਖੋ। ਬੱਚੇ ਦੇ ਸਕੂਲ ਜਾਂ ਕਾਲਜ ਦੇ ਅਧਿਆਪਕਾਂ ਨਾਲ ਵੀ ਸੰਪਰਕ ਰੱਖੋ। ਬੱਚੇ ਦੀ ਪੜ੍ਹਾਈ ਵਿੱਚ ਕਾਰਗੁਜ਼ਾਰੀ ਤੇ ਨਜ਼ਰ ਰੱਖੋ। ਘਰ ਵਿੱਚ ਹਮੇਸ਼ਾ ਪੈਸੇ ਸਾਂਭ ਕੇ ਰੱਖੋ। ਆਪ ਨਸ਼ੇ ਨਾ ਕਰੋ ਅਤੇ ਆਪਣਾ ਵਿਵਹਾਰ ਠੀਕ ਰੱਖੋ। ਬੱਚੇ ਨਾਲ ਹਰ ਰੋਜ਼, ਸਹੀ ਵਾਰਤਾਲਾਪ ਲਗਾਤਾਰ ਜਾਰੀ ਰੱਖੋ। ਬੱਚੇ ਨੂੰ ਪੜਾਈ ਦੇ ਨਾਲ ਨਾਲ ਹੋਰ ਲਾਭਵੰਦ ਕਾਰਗੁਜਾਰੀਆਂ ਜਿਵੇਂ ਕਿ ਖੇਡਾਂ, ਸੰਗੀਤ,ਕਲਾ ਜਾਂ ਸਾਹਿਤ ਆਦਿ ਵਿੱਚ ਵੀ ਸ਼ਮੂਲੀਅਤ ਕਰਾਉ। ਅਖੀਰ ਵਿੱਚ ਇਹ ਗੱਲ ਯਾਦ ਰੱਖਣੀ ਬਹੁਤ ਜ਼ਰੂਰੀ ਹੈ ਕਿ ਹਰ ਮਾਂ-ਬਾਪ ਦਾ ਆਪਣੀ ਜ਼ਿੰਦਗੀ ਦੇ ਕੰਮ-ਕਾਰ ਦੇ ਨਾਲ ਨਾਲ ਸਭ ਤੋਂ ਅਹਿਮ ਫਰਜ਼ ਆਪਣੇ ਬੱਚਿਆਂ ਦੀ ਸਹੀ ਪਰਵਰਿਸ਼ ਕਰਨਾ ਹੈ ਅਤੇ ਉਨ੍ਹਾਂ ਨੂੰ ਸਫਲ ਅਤੇ ਆਜ਼ਾਦ, ਸਵੈ-ਨਿਰਭਰ ਵਿਅਕਤੀ ਬਣਾਉਣਾ ਹੈ।

ਪ੍ਰੋਫੈਸਰ ਤੇ ਮੁਖੀ, ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ ,
ਰਜਿੰਦਰਾ ਹਸਤਾਲ, ਪਟਿਆਲਾ

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ । ਇਹ ਹਾਲ 300 ਕੁਰਸੀਆਂ ਦਾ ਹੋਵੇਗਾ । ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ । ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ । ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ । ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234, ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ । **ਵੱਲੋਂ : ਸੂਬਾ ਕਮੇਟੀ**

ਸ਼ੋਕ ਮਤਾ : ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਮਦਨ ਪਟਵਾਰੀ ਵਿੱਤ ਮੁਖੀ ਜੋਨ ਨਵਾਂ ਸ਼ਹਿਰ ਦੇ ਪਿਤਾ ਅਨੰਤ ਰਾਮ, ਸੁਰਜੀਤ ਪੈਲੀ ਮੀਡੀਆ ਮੁਖੀ ਇਕਾਈ ਬੇਗਮਪੁਰ ਦੇ ਮਾਤਾ ਸਵਰਨ ਕੌਰ, ਬੰਗਾ ਇਕਾਈ ਦੇ ਮੈਂਬਰ ਹਰਜਿੰਦਰ ਸੂੰਨੀ ਦੇ ਪਿਤਾ ਹਰਭਜਨ ਸਿੰਘ, ਸੁਨਾਮ ਇਕਾਈ ਦੇ ਆਗੂ ਗੁਰਮੇਲ ਬਖਸ਼ੀਵਾਲਾ ਦੇ ਛੋਟੇ ਭਰਾ ਮਿੱਠੂ ਸਿੰਘ, ਇਕਾਈ ਟਾਂਡਾ ਸਰਾਂ ਦੇ ਮੈਂਬਰ ਡਾ. ਦੀਦਾਰ ਸਿੰਘ ਦੇ ਪਿਤਾ ਪ੍ਰੀਤਮ ਸਿੰਘ, ਕੂਲਰੀਆਂ ਇਕਾਈ ਦੇ ਸਰਗਰਮ ਮੈਂਬਰ ਕਾਮਰੇਡ ਰਾਮੇਸ਼ਵਰ ਦੱਤ ਅਤੇ ਪ੍ਰਿਤਪਾਲ ਦੇ ਮਾਤਾ ਨਰਾਤੀ ਦੇਵੀ, ਮਹਿੰਦਰ ਸਿੰਘ ਚੱਕ ਅਲੀਸ਼ੇਰ ਦੇ ਦਾਦਾ ਪੂਰਨ ਸਿੰਘ, ਇਨਕਲਾਬੀ ਕਵੀ ਅਤੇ ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕਰੇਸੀ ਦੇ ਸੂਬਾ ਸਕੱਤਰ ਦਰਸ਼ਨ ਖਟਕੜ ਦੇ ਨੌਜਵਾਨ ਬੇਟੇ ਅਰਸ਼ਦੀਪ ਸਿੰਘ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

ਮਨੁੱਖੀ ਸਖਸ਼ੀਅਤ ਦਾ ਸੱਚ-8

ਔਰਤ ਦੀ ਸਖਸ਼ੀਅਤ : ਵਿਸ਼ੇਸ, ਵਿਲੱਖਣ ਜਾਂ ਅਜੂਬਾ

ਡਾ. ਸ਼ਿਆਮ ਸੁੰਦਰ ਦੀਪਤੀ



ਪਿਛਲੇ ਲੇਖਾਂ ਵਿੱਚ ਅਸੀਂ ਮਨੁੱਖੀ ਸਖਸ਼ੀਅਤ ਦੇ ਸਮਾਜਿਕ ਕੇਂਦਰ ਨੂੰ ਤਲਾਸ਼ਣ ਦਾ ਉਪਰਾਲਾ ਕੀਤਾ ਹੈ। ਆਪਾਂ ਸਮਝਿਆ ਹੈ ਕਿ ਕਿਵੇਂ ਬੱਚੇ ਅਤੇ ਕਿਸ਼ੋਰਾਂ ਦੀ ਪਰਵਰਿਸ਼ ਨੌਜਵਾਨੀ ਵਿੱਚ ਆਪਣੀ ਛਾਪ ਛੱਡਦੀ ਹੈ। ਇਸੇ ਤਰ੍ਹਾਂ ਸਮਾਜ ਦੇ ਵੱਖ ਵੱਖ ਪਹਿਲੂ, ਮਨੁੱਖ ਦੇ ਆਖਰੀ ਪੜਾਅ ਤੇ ਮਨਚਾਹੇ ਸਿੱਟੇ ਨਹੀਂ ਲਿਆਉਂਦੇ। ਇਸੇ ਤਰ੍ਹਾਂ ਜਨਮ ਤੋਂ ਲੈ ਕੇ ਅੰਤਮ ਪਹਿਰ ਤਕ, ਸਮਾਜ ਆਪਣੇ ਵੱਖ ਵੱਖ ਰੂਪਾਂ ਵਿੱਚ ਮਨੁੱਖੀ ਸਖਸ਼ੀਅਤ ਨੂੰ ਪ੍ਰਭਾਵਿਤ ਕਰਦਾ ਹੈ।

ਇਸੇ ਲੜੀ ਤਹਿਤ ਹੁਣ ਕੁਝ ਵਿਸ਼ੇਸ਼ ਵਰਗਾਂ ਬਾਰੇ ਮਨੁੱਖੀ ਸਖਸ਼ੀਅਤ ਦੇ ਸੱਚ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਵਾਰ ਔਰਤਾਂ ਦੀ ਸਖਸ਼ੀਅਤ ਅਤੇ ਸਮਝ ਦੀ ਭੂਮਿਕਾ ਦੇ ਕੁਝ ਪੱਖ ਪੇਸ਼ ਹਨ।

ਇੱਕ ਐਸ.ਐਮ.ਐਸ ਆਇਆ, ਹੋ ਸਕਦਾ ਹੈ ਤੁਹਾਡੀ ਵੀ ਨਜਰ ਪਿਆ ਹੋਵੇ, ਰਸਾਇਣ ਸ਼ਾਸਤਰ (ਕਮੀਸਟਰੀ) ਨੇ ਇੱਕ ਨਵੇਂ ਧਾਤੂ ਨੂੰ ਲੱਭਿਆ ਹੈ, ਉਸਦਾ ਨਾਂ ਵਾਈਫ ਹੈ। ਹਿੰਦੁਸਤਾਨੀ ਵਿੱਚ ਉਸ ਨੂੰ ਬੀਵੀ ਕਹਿੰਦੇ ਹਨ। ਪਤਨੀ ਅਤੇ ਘਰਵਾਲੀ, ਉਸ ਦੇ ਹੋਰ ਨਾਂ ਹਨ। ਉਸ ਦਾ ਭਾਰ ਜਾਣਨ ਦੀ ਅੱਜ ਤੱਕ ਕਿਸੇ ਵਿੱਚ ਹਿੰਮਤ ਨਹੀਂ ਹੋਈ। ਉਸ ਦੇ ਰੂਪ ਦੇ ਗੁਣ ਕੁਝ ਇਸ ਤਰ੍ਹਾਂ ਹਨ। ਉਹ ਕਿਸੇ ਵੀ ਵੇਲੇ ਉਬਾਲ ਖਾ ਸਕਦੀ ਹੈ ਤੇ ਕਿਸੇ ਵੀ ਪਲ ਠੰਡੀ ਬਰਫ਼ ਹੋ ਸਕਦੀ ਹੈ। ਜੇਕਰ ਪਿਆਰ ਅਤੇ ਕੋਮਲਤਾ ਨਾਲ ਗੱਲ ਕਰੋ ਤਾਂ ਪਿਘਲ ਜਾਂਦੀ ਹੈ। ਜੇਕਰ ਠੀਕ ਤਰ੍ਹਾਂ ਨਾ ਸੰਭਲੋ ਤਾਂ ਬਹੁਤ ਹੀ ਕੌੜਾ ਤਜਰਬਾ ਹੁੰਦਾ ਹੈ। ਉਸ ਦਾ ਰਸਾਇਣਕ ਗੁਣ ਹੈ ਕਿ ਉਹ ਬਹੁਤ ਹੀ ਜਿਆਦਾ ਪ੍ਰਤੀਕ੍ਰਿਆਵਾਂ ਦੀ, ਰਿਐਕਸ਼ਨਰੀ ਜਾਂ ਕਹਿ ਲਵੋ ਭੜਕਣ ਵਾਲੀ ਤੇ ਬਹੁਤ ਹੀ ਜਿਆਦਾ ਅਸਥਿਰ ਹੈ। ਇਸ ਦੀ ਖਿੱਚ ਸੋਨੇ, ਚਾਂਦੀ ਅਤੇ ਹੀਰਿਆਂ ਪ੍ਰਤੀ ਵੱਧ ਹੈ। ਇਸ ਦਾ ਮੁੱਖ ਗੁਣ ਪੈਸਿਆਂ ਨੂੰ ਖੋਰਾ ਲਗਾਉਣਾ ਹੈ। ਇਹ ਜਿਆਦਾਤਰ ਸ਼ੀਸ਼ੇ ਮੂਹਰੇ ਪਾਇਆ ਜਾਣ ਵਾਲਾ ਤੱਤ/ਧਾਤੂ ਹੈ।

ਇਸ ਤਰ੍ਹਾਂ ਦੇ ਮਿਲਦੇ ਜੁਲਦੇ ਹੋਰ ਖਿਆਲੀ, ਵਿਚਾਰਾਂ ਬਾਰੇ ਤੁਸੀਂ ਜਾਣੂ ਹੋਵੋਂਗੇ। ਔਰਤ ਦੀ ਅਜਿਹੀ ਸਖਸ਼ੀਅਤ ਨੂੰ ਉਘੜਣ ਦੇ ਅਨੇਕਾਂ ਹੀ ਚੁਟਕਲੇ ਹਨ। ਅਖਾਣ ਅਤੇ ਕਹਾਵਤਾਂ ਹਨ। ਇਨ੍ਹਾਂ ਸਾਰੀਆਂ ਧਾਰਨਾਵਾਂ ਪਿੱਛੇ, ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਕੁਝ ਇਸ ਤਰ੍ਹਾਂ ਹੈ :

- ਉਸ ਦਾ ਵਰਤਾਓ / ਵਿਵਹਾਰ / ਸੁਭਾਅ ਸਥਿਰ ਨਹੀਂ ਹੁੰਦਾ।
- ਔਰਤ ਭਟਕਾਉਣ ਵਾਲੀ, ਕੁਰਾਹੇ ਪਾਉਣ ਵਾਲੀ ਹੁੰਦੀ ਹੈ।
- ਔਰਤ ਤੋਂ ਵਫਾਦਾਰੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ।
- ਔਰਤ ਨੂੰ ਅਕਲ ਨਹੀਂ ਹੁੰਦੀ, ਉਸ ਦੀ ਮੱਤ ਗਿੱਟੇ ਵਿੱਚ ਹੁੰਦੀ ਹੈ, ਗੁੱਤ ਪਿੱਛੇ।
- ਔਰਤ ਫੈਸਲਾ ਲੈਣ ਦੇ ਕਾਬਲ ਨਹੀਂ ਹੁੰਦੀ।
- ਔਰਤ ਦੇ ਸੁਭਾਅ ਨੂੰ ਸਮਝਿਆ ਨਹੀਂ ਜਾ ਸਕਦਾ। ਉਸ ਦਾ ਚਰਿਤਰ ਦਿਖਾਵਾ, ਡਰਾਮੇਬਾਜ਼ੀ ਹੁੰਦਾ ਹੈ। ਉਸ ਨੂੰ ਅੱਜ ਤੱਕ ਕੋਈ ਨਹੀਂ ਸਮਝ ਸਕਿਆ - ਰਿਸ਼ੀ ਮੁਨੀ ਇੱਥੋਂ ਤੱਕ ਕਿ ਰੱਬ।
- ਇਨ੍ਹਾਂ ਧਾਰਨਾਵਾਂ/ਤੱਥਾਂ ਨੂੰ ਅਸੀਂ ਸੁਣਦੇ ਹਾਂ ਅਤੇ ਬਿਨਾਂ ਸੋਚੇ, ਸਮਝੇ, ਵਿਚਾਰੇ ਅਤੇ ਵਿਸ਼ਲੇਸ਼ਿਤ ਕੀਤੇ ਹੀ ਕਬੂਲ ਕਰਦੇ ਰਹਿੰਦੇ ਹਾਂ। ਸਾਡੇ ਮਨ ਵਿੱਚ ਕਦੇ ਵੀ ਇਹ ਸਵਾਲ ਖੜ੍ਹਾ ਨਹੀਂ ਹੁੰਦਾ ਕਿ ਇਸ ਧਾਰਨਾ ਦਾ ਅਧਾਰ ਕੀ ਹੈ? ਸਵਾਲ ਨਾ ਖੜ੍ਹੇ ਕਰਨ ਪਿੱਛੇ ਕਾਰਨ ਹੈ ਕਿ ਸਮਾਜ ਇੰਨ੍ਹਾਂ ਨੂੰ ਮਾਨਤਾ ਦਿੰਦਾ ਹੈ। ਇਹ ਗੱਲਾਂ ਸਮਾਨ ਦੇ ਕਹਿੰਦੇ - ਕਹਾਉਂਦੇ ਪਤਵੰਤੇ ਸੱਜਣਾਂ, ਬਜੁਰਗਾਂ ਆਦਿ ਵੱਲੋਂ ਪ੍ਰਚਾਰੀਆਂ ਅਤੇ ਪ੍ਰਸਾਰੀਆਂ ਜਾਂਦੀਆਂ ਹਨ। ਇੱਥੋਂ ਤੱਕ ਕਿ ਬਹੁਤ ਸਾਰੀਆਂ ਧਾਰਨਾਵਾਂ ਔਰਤਾਂ ਨੂੰ ਖ਼ੁਦ ਠੀਕ ਲਗਦੀਆਂ ਹਨ।

ਸਖਸ਼ੀਅਤ ਦੇ ਪਹਿਲੂ ਨੂੰ ਅਸੀਂ ਦੋ ਹਿੱਸਿਆਂ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸੂਰਤ ਅਤੇ ਸੀਰਤ ਦਾ, ਸ਼ਰੀਰ ਅਤੇ ਮਨ ਮਸਤਕ ਦਾ ਸੁਮੇਲ ਹੈ। ਸੂਰਤ ਦਾ ਬਹੁਤ ਵੱਡਾ ਹਿੱਸਾ, ਮਾਂ ਪਿਉ ਵੱਲੋਂ ਜੀਨਜ਼ ਦੇ ਰੂਪ ਵਿੱਚ ਮਿਲਦਾ ਹੈ ਤੇ ਸੀਰਤ ਦੀ ਉਸਾਰੀ ਵਿੱਚ ਪਰਿਵਾਰ ਅਤੇ ਸਮਾਜ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਵਿੱਚ ਵੀ ਅਨੇਕਾਂ ਹੀ ਅਜਿਹੇ ਪਹਿਲੂ ਹਨ, ਜੋ ਮਨੁੱਖੀ ਸਖਸ਼ੀਅਤ ਦੀ ਉਸਾਰੀ, ਉਸ ਦੇ ਬਣਨ ਸੰਵਰਨ ਵਿੱਚ

ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ।

ਜਨਮ ਤੋਂ ਮਰਨ ਤੱਕ ਇਹ ਸਾਰੇ ਪਹਿਲੂ ਕਾਰਜਸ਼ੀਲ ਰਹਿੰਦੇ ਹਨ। ਕਿਵੇਂ ਬੱਚੇ ਦੀ ਸਖਸ਼ੀਅਤ ਉਸਾਰੀ ਲਈ ਮਾਂ ਪਿਉ ਦੀ, ਫਿਰ ਅਧਿਆਪਕਾਂ ਦੀ ਤੇ ਉਸ ਤੋਂ ਬਾਅਦ ਪੜ੍ਹਾਈ ਦਾ ਪੱਧਰ ਅਤੇ ਕੰਮ ਦੀ ਤੇ ਕੰਮ ਵਾਲੀ ਥਾਂ ਦੀ ਆਪਣੀ ਭੂਮਿਕਾ ਹੁੰਦੀ ਹੈ। ਇਸ ਤੋਂ ਬਾਅਦ ਵਿਆਹ, ਇਕ ਨਵੇਂ ਜੀਵਨ ਸਾਥੀ ਦੇ ਆਉਣ ਨਾਲ, ਇਕ ਦੂਸਰੇ ਦੀ ਜ਼ਿੰਦਗੀ ਅਸਰ ਅੰਦਾਜ਼ ਹੁੰਦੀ ਹੈ। ਕਹਿਣ ਤੋਂ ਭਾਵ ਹੈ ਕਿ ਜ਼ਿੰਦਗੀ ਦੀ ਰਾਹ ਵਿੱਚ ਜਿੱਥੇ ਕਿਤੇ ਵੀ ਸਾਡਾ ਕਿਸੇ ਨਾਲ ਸੰਪਰਕ ਹੁੰਦਾ ਹੈ, ਅਸੀਂ ਦੂਸਰੇ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਾਂ ਤੇ ਦੂਸਰੇ ਦਾ ਪ੍ਰਭਾਵ ਗ੍ਰਹਿਣ ਕਰਦੇ ਹਾਂ।

ਇਸ ਸਾਰੇ ਪਰਿਪੇਖਾਂ ਵਿੱਚ, ਜਦੋਂ ਗੱਲ ਬੱਚੇ ਦੀ ਪਰਵਰਿਸ਼ ਦੌਰਾਨ ਮੁੰਡੇ ਕੁੜੀ ਦੀ ਪਰਵਰਿਸ਼ ਅਤੇ ਉਨ੍ਹਾਂ ਦੀ ਸਖਸ਼ੀਅਤ ਉਸਾਰੀ ਦੀ ਆਉਂਦੀ ਹੈ ਤਾਂ ਵੱਡੇ ਹੋ ਕੇ ਔਰਤ ਇੱਕ ਵਿਸ਼ੇਸ਼ ਧਾਤੂ ਕਿਉਂ ਬਣ ਜਾਂਦੀ ਹੈ। ਔਰਤ ਵਿਲੱਖਣ ਵਿਸ਼ੇਸ਼ ਦੇ ਨਾਲ ਨਾਲ ਅਜੀਬੋ ਗਰੀਬ ਜਾਂ ਇੱਕ ਰਹੱਸਮਈ ਰਸਾਇਣ ਤੱਤ ਵਾਂਗ ਕਿਉਂ ਪ੍ਰਚਾਰੀ ਵਿਚਾਰੀ ਜਾਂਦੀ ਹੈ?

ਜ਼ੀਨ ਦੇ ਪੱਖ ਤੋਂ ਦੇਖੀਏ ਤਾਂ ਮਨੁੱਖੀ ਸ਼ਰੀਰ ਦੇ ਤੇਈ ਕਰੋਮੋਸੋਮਜ਼ ਵਿੱਚੋਂ ਬਾਈ ਕਰੋਮੋਸੋਮਜ ਇਸਤਰੀ ਪੁਰਸ਼ ਵਿੱਚ ਇੱਕੋ ਜਿਹੇ ਹਨ। ਇੱਕ ਕਰੋਮੋਸੋਮ ਸੈਕਸ ਨਿਰਧਾਰਿਤ ਕਰਦਾ ਹੈ। ਇੱਕ ਸਖ਼ਸ ਦੇ ਤੌਰ ਤੇ ਜਦੋਂ ਕੋਈ ਬੱਚਾ ਪੈਦਾ ਹੁੰਦਾ ਹੈ।ਉਸ ਦਾ ਲਿੰਗ ਮੁੰਡਾ ਜਾਂ ਕੁੜੀ ਹੁੰਦਾ ਹੈ।ਇਹ ਇੱਕੋ ਇੱਕ ਫਰਕ ਹੈ ਜੋ ਦੋਹਾਂ ਨੂੰ ਵੱਖ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ। ਦੋਹਾਂ ਦੇ ਸ਼ਰੀਰਕ ਮੇਲ ਰਾਹੀਂ, ਇਸ ਵਿਸ਼ੇਸ਼ ਗੁਣ ਸਦਕਾ, ਮਨੁੱਖੀ ਜਾਤ ਨੂੰ ਅੱਗੇ ਤੋਰਨ ਦੀ ਸਮਰੱਥਾ ਹੈ।ਦੋਹਾਂ ਦੀ ਲੋੜ ਇਸਦੇ ਲਈ ਬਰਾਬਰ ਹੈ।

ਪਰ ਜਦੋਂ ਅਸੀਂ ਆਦਤਾਂ, ਵਿਵਹਾਰ, ਸੁਭਾਅ ਦੀ ਗੱਲ ਕਰਦੇ ਹਾਂ ਤਾਂ ਲੜਕੀ ਦਾ ਜਿਕਰ ਆਉਂਦੇ ਹੀ ਕਈ ਅਜਿਹੇ ਵਿਲੱਖਣ ਪਹਿਲੂ ਸਾਹਮਣੇ ਆਉਂਦੇ ਹਨ, ਜੋ ਇੱਕੋ ਦਮ ਔਰਤ ਨਾਲ ਜਾ ਜੁੜਦੇ ਹਨ :

ਔਰਤ ਦਾ ਨੀਵੀਂ ਪਾ ਕੇ ਤੁਰਨਾ
ਔਰਤ ਦਾ ਉੱਚੀ ਆਵਾਜ਼ ਵਿੱਚ ਨਾ ਬੋਲਣਾ
ਔਰਤ ਦਾ ਕੰਮ ਸਾਫ਼ ਸਫ਼ਾਈ, ਕੱਪੜੇ ਧੋਣੇ, ਰੋਟੀ ਬਨਾਉਣੀ
ਔਰਤ ਦਾ ਕੰਮ ਬੱਚੇ ਸਾਂਭਣੇ, ਤਿਆਰ ਕਰਨਾ।

ਇਹ ਸਾਰੇ ਗੁਣ ਔਰਤ ਦੇ ਕਿਸ ਜੀਨ ਕਰਕੇ ਹਨ? ਕੀ ਔਰਤ ਦੇ ਸ਼ਰੀਰ ਵਿੱਚ ਕੋਈ ਵੱਖਰੇ ਹਾਰਮੋਨਜ਼, ਇੰਜਮਾਇਮ ਜਾਂ ਰਸਾਇਣ ਹਨ, ਜੋ ਇੰਨ੍ਹਾਂ ਕੰਮਾਂ ਲਈ ਬਣੇ ਹਨ?

ਸ਼ਰੀਰ ਵਿਗਿਆਨ ਅਤੇ ਮੈਡੀਕਲ ਸ਼ਾਸ਼ਤਰ, ਇਸ ਤਰ੍ਹਾਂ ਦੀ ਕੋਈ ਪੁਸ਼ਟੀ ਨਹੀਂ ਕਰਦੇ।ਨਾ ਹੀ ਗਰਦਨ ਦੀ ਕਿਸੇ ਹੱਡੀ ਤੋਂ ਪਛਾਣ ਕੇ ਦੱਸਿਆ ਜਾ ਸਕਦਾ ਹੈ ਕਿ ਇਹ ਔਰਤ ਦੀ ਜਾਂ ਮਰਦ ਦੀ ਹੈ। ਅਜਿਹੀ ਕੋਈ ਵੀ ਮਾਸਪੇਸ਼ੀ ਨਹੀਂ ਹੈ ਜੋ ਔਰਤ ਨੂੰ ਨੀਵੀਂ ਪਾ ਕੇ ਤੁਰਨ ਲਈ ਮਜਬੂਰ ਕਰਦੀ ਹੈ। ਇਸੇ ਤਰ੍ਹਾਂ ਹੀ ਨਾ ਕੋਈ ਅਜਿਹੇ ਵੋਕਲ ਕਾਰਡ (ਆਵਾਜ਼ ਪੈਦਾ ਕਰਨ ਵਾਲੇ ਪੱਤੇ ਹਨ) ਜੋ ਉੱਚੀ ਨੀਵੀਂ ਆਵਾਜ਼ ਪੈਦਾ ਕਰਨ ਲਈ ਬਣੇ ਹੋਣ।ਮਰਦ ਦੀ ਆਵਾਜ਼ ਭਾਰੀ ਅਤੇ ਔਰਤ ਦੀ ਬਾਰੀਕ ਹੋਣਾ ਵੱਖਰੀ ਗੱਲ ਹੈ, ਪਰ ਚੀਖਣਾ ਦੋਹਾਂ ਨੂੰ ਹੀ ਆਉਂਦਾ ਹੈ।

ਪਰ ਜਦੋਂ ਅਸੀਂ ਪੂਰੇ ਸਮਾਜਿਕ ਪਰਿਪੇਖ ਵਿੱਚ, ਦੁਨੀਆਂ ਦੇ ਨਕਸ਼ੇ ਤੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਮਰਦਾਂ ਤੋਂ ਇਲਾਵਾ ਪੂਰਬ ਪੱਛਮ ਦੀਆਂ ਔਰਤਾਂ ਵਿੱਚ ਫਰਕ, ਵੱਖ ਵੱਖ ਧਰਮਾਂ ਜਾਤਾਂ ਨਾਲ ਜੁੜੀਆਂ ਔਰਤਾਂ ਦੇ ਸੁਭਾਅ ਵਿੱਚ ਫਰਕ, ਪੜ੍ਹੀਆਂ ਅਤੇ ਅਨਪੜ੍ਹ ਵਿਚਕਾਰ ਤੇ ਅਮੀਰ ਅਤੇ ਗਰੀਬ ਘਰਾਂ ਵਿੱਚ ਪਲੀਆਂ ਔਰਤਾਂ ਵਿੱਚ ਵੀ ਫ਼ਰਕ ਸਾਫ਼ ਤੌਰ ਤੇ ਨਜ਼ਰ ਆਉਂਦਾ ਹੈ। ਇਸ ਫ਼ਰਕ ਤੋਂ ਇਲਾਵਾ ਦੋਹਾਂ ਵਰਗਾਂ ਦੇ ਮਰਦ ਅਤੇ ਔਰਤਾਂ ਦਾ ਵਿਵਹਾਰਕ ਫ਼ਰਕ ਸਮਝਣ ਦੀ ਵਿਸ਼ੇਸ਼ ਲੋੜ ਹੈ। ਇਹ ਫ਼ਰਕ ਸ਼ਰੀਰਕ ਨਹੀਂ ਹੈ, ਇਹ ਫ਼ਰਕ ਜੀਨਜ ਅਤੇ ਹਾਰਮੋਨਜ਼ ਵੱਲੋਂ ਨਿਅੰਤ੍ਰਿਤ ਵੀ ਨਹੀਂ ਹੁੰਦਾ ਹੈ। ਇਸ ਫ਼ਰਕ ਨੂੰ ਭੂਗੋਲਿਕ ਅਤੇ ਸਮਾਜਿਕ ਵਿਵਸਥਾ ਦੇ ਤੌਰ ਤੇ ਸਮਝਣ ਦੀ ਵੱਧ ਲੋੜ ਹੈ। ਇਹ ਫ਼ਰਕ ਧਰਮ, ਜਾਤ, ਆਰਥਿਕ ਸਹੂਲਤਾਂ ਆਦਿ ਨਿਰਧਾਰਿਤ ਕਰਦੀਆਂ ਹਨ। ਵੱਡੇ ਪਰਿਪੇਖ ਵਿੱਚ ਇਹ ਉਸ ਖਿੱਤੇ ਜਾਂ ਸਮਾਜ ਦਾ ਸੱਭਿਆਚਾਰ ਕਿਹਾ ਜਾ ਸਕਦਾ ਹੈ, ਜੋ ਲੋਕਾਂ ਦੀ ਭੂਮਿਕਾ ਤੈਅ ਕਰਦਾ ਹੈ। ਇਸਦੇ ਆਧਾਰ ਤੇ ਹੀ ਕੱਪੜੇ ਪਾਉਣ, ਖਾਣ-ਪੀਣ, ਬੋਲਚਾਲ, ਘਰ ਤੋਂ ਬਾਹਰ ਨਿਕਲਣਾ ਜਾਂ ਖੇਡਣਾ ਪੜ੍ਹਨਾ ਤੈਅ ਹੁੰਦਾ ਹੈ।

ਸਾਡੇ ਸਾਹਮਣੇ ਬੁਰਕੇ ਵਿੱਚ ਰਹਿ ਰਹੀ ਔਰਤ ਵੀ ਹੈ ਤੇ ਖਾਪ ਪੰਚਾਇਤਾਂ ਵੱਲੋਂ ਘਰੋਂ ਬਾਹਰ ਨਾ ਜਾਣ ਦੀ ਗੱਲ ਸੁਣਦੀ ਔਰਤ ਵੀ। ਅਸੀਂ ਉਸ ਔਰਤ ਤੋਂ ਵੀ ਵਾਕਫ਼ ਹਾਂ ਜੋ ਪੜ੍ਹਨ ਦੀ

ਚਾਹ ਰੱਖਦੀ ਹੈ ਤੇ ਮਾਂ ਪਿਉ ਵੱਲੋਂ ਸਹੂਲਤ ਨਾ ਮਿਲਣ ਕਾਰਨ ਅਨਪੜ੍ਹ ਰਹਿ ਜਾਂਦੀ ਹੈ।

ਜੇਕਰ ਇੱਕੋ ਇੱਕ ਪਹਿਲੂ ਸੱਭਿਆਚਾਰਕ ਕਦਰਾਂ ਕੀਮਤਾਂ ਦੇ ਨਾਂ ਤੇ ਗੱਲ ਕੀਤੀ ਜਾਵੇ ਤਾਂ ਪੈਰ ਪੈਰ ਤੇ ਜੋ ਸਲੂਕ-ਵਿਵਹਾਰ ਸਾਡੇ ਸਮਾਜ ਵਿੱਚ ਲੜਕੀਆਂ ਨਾਲ ਹੁੰਦਾ ਹੈ, ਉਸ ਦੇ ਮੱਦੇਨਜ਼ਰ ਸਖਸ਼ੀਅਤ ਦੇ ਬੁਨਿਆਦੀ ਗੁਣਾਂ ਨੂੰ ਸਮਝਿਆ ਜਾ ਸਕਦਾ ਹੈ।

ਆਦਤ ਜਾਂ ਸੁਭਾਅ ਦੇ ਪੱਖ ਤੋਂ ਸਭ ਤੋਂ ਵੱਡੀ ਗੱਲ ਹੈ ਕਿਸੇ ਕੰਮ ਨੂੰ ਰੋਜ਼ ਰੋਜ਼ ਕਰਨਾ, ਉਸ ਨੂੰ ਲਗਾਤਾਰ ਕਹਿਣਾ ਦੁਹਰਾਉਣਾ, ਤਾਂ ਜੋ ਉਹ ਕਾਰਜ ਖੁਦ-ਬ-ਖੁਦ ਆਦਤ ਵਿੱਚ ਸ਼ਾਮਿਲ ਹੋ ਜਾਵੇ। ਚੀਨ ਦਾ ਇੱਕ ਤਜ਼ਰਬਾ ਹੈ ਕਿ ਇਕੋ ਕੰਮ, ਇੱਕੋ ਸਮੇਂ ਜੇਕਰ ਤਿੰਨ ਹਫਤੇ ਲਗਾਤਾਰ ਕੀਤਾ ਜਾਵੇ ਤਾਂ ਉਹ ਤੁਹਾਡੀ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ।

ਅਸੀਂ ਮਨੋਵਿਗਿਆਨਕ ਧਰਾਤਲ ਤੋਂ ਵੀ ਇਸ ਨੂੰ ਸਮਝ ਸਕਦੇ ਹਾਂ, ਉਸਦਾ ਇਸਤੇਮਾਲ ਬਹੁਵਿਦੇਸ਼ੀ ਕੰਪਨੀਆਂ ਆਪਣਾ ਮਾਲ ਵੇਚਣ ਲਈ ਵਰਤਦੀਆਂ ਹਨ। ਹੋਰ ਅਨੇਕਾਂ ਪੱਖਾਂ ਤੋਂ ਇਲਾਵਾ, ਤੁਸੀਂ ਦੇਖ ਸਕਦੇ ਹੋ ਕਿ ਜਦੋਂ ਵੀ ਉਹ ਕੋਈ ਨਵੀਂ ਚੀਜ ਬਾਜ਼ਾਰ ਵਿੱਚ ਉਤਾਰਦੇ ਹਨ, ਉਸ ਵੇਲੇ ਟੀ.ਵੀ. ਦੇ ਹਰ ਚੈਨਲ ਤੇ, ਗਲੀ ਬਾਜ਼ਾਰ ਦੇ ਹਰ ਨੁੱਕਰ ਤੇ, ਉਹ ਮਾਲ ਵੇਚਣ ਵਾਲੀ ਹਰ ਦੁਕਾਨ ਦੇ ਮੂਹਰਲੇ ਦਰਵਾਜੇ ਤੇ ਉਹ ਮਾਲ ਦਿਸਦਾ ਹੈ। ਇਕ ਦਿਨ ਵਿੱਚ ਵੀ ਉਹ ਤੁਹਾਡੀਆਂ ਨਜ਼ਰਾਂ ਸਾਹਮਣੇ ਏਨੀ ਵਾਰੀ ਆ ਜਾਂਦਾ ਹੈ ਕਿ ਲੋਕ ਮਜ਼ਬੂਰ ਹੋ ਜਾਂਦੇ ਹਨ, ਉਹ ਮਾਲ ਖਰੀਦਣ ਲਈ। ਇਸ ਤਰ੍ਹਾਂ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਇਸ ਦੀ ਜਰੂਰਤ ਜ਼ਿੰਦਗੀ ਵਿੱਚ ਬਹੁਤ ਅਹਿਮ ਹੈ।

ਅਸੀਂ ਆਪਣੀ ਸੱਭਿਆਚਾਰਕ ਸਿਖਲਾਈ ਵਿੱਚ, ਇਸ ਢੰਗ ਨੂੰ ਚੰਗੀ ਤਰ੍ਹਾਂ ਦੇਖ ਸਕਦੇ ਹਾਂ ਕਿ ਕਿਵੇਂ ਜਨਮ ਤੋਂ ਤੁਰੰਤ ਬਾਅਦ ਹੀ, ਕੁੜੀਆਂ ਨੂੰ ਰੋਜ਼ ਰੋਜ਼ ਸਮਝਾਇਆ, ਸਿਖਾਇਆ ਤੇ ਰਟਵਾਇਆ ਜਾਦਾ ਹੈ ਕਿ ਕੁੜੀਆਂ ਹੱਸਦੀਆਂ ਟੱਪਦੀਆ ਚੰਗੀਆਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਪਰਦੇ ਵਿੱਚ ਰਹਿਣਾ ਚਾਹੀਦਾ ਹੈ, ਉਨ੍ਹਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਕੁੜੀਆਂ ਵਾਲੇ ਚੱਜ ਸਿੱਖ। ਘਰ ਦਾ ਕੰਮ ਜਿਵੇਂ ਸਫਾਈ, ਭਾਂਡੇ ਆਦਿ। ਕੰਮ ਲਈ ਕੁੜੀਆਂ ਨੂੰ ਨਾਲ ਲਗਾਇਆ ਜਾਂਦਾ ਤੇ ਮੁੰਡਿਆਂ ਨੂੰ ਵਰਜਿਆ ਜਾਂਦਾ ਹੈ। ਗੁੱਸੇ ਹੋਣਾ ਜਾਂ ਚੀਖਣਾ ਕੁੜੀਆਂ ਲਈ ਵਰਜਿਤ ਹੁੰਦਾ ਹੈ। ਉਹ ਇਕੱਲੀ ਘਰੋਂ ਬਾਹਰ ਨਹੀਂ ਜਾ ਸਕਦੀ। ਹਨੇਰੇ ਤੋਂ ਡਰਾ ਕੇ ਰੱਖਿਆ ਜਾਂਦਾ ਹੈ। ਉਸ ਨੂੰ ਕਿਸੇ ਦਾ ਆਸਰਾ ਲੈਣ ਲਈ ਵਿਸ਼ੇਸ਼ ਕਰ ਪੁਰਸ਼ ਮੈਂਬਰ ਦਾ, ਪ੍ਰੇਰਿਤ ਕੀਤਾ ਜਾਂਦਾ ਹੈ। ਕਹਿਣ ਤੋਂ ਭਾਵ ਇਹ ਰੋਜ਼ ਰੋਜ਼ ਦੀ ਸਿਖਲਾਈ, ਇੰਨ੍ਹਾਂ ਪੱਖਾਂ ਨੂੰ ਇਕ ਆਦਤ ਵਿੱਚ ਬਦਲ ਦਿੰਦੀ ਹੈ।

ਮਨੋਵਿਗਿਆਨ ਦੇ ਇੱਕ ਹੋਰ ਪਹਿਲੂ ਦੇ ਮੱਦੇਨਜ਼ਰ, ਮਨੁੱਖੀ ਮਨੋਵਿਗਿਆਨਕ ਵਿਕਾਸ ਦੇ ਪਹਿਲੂ ਤੋਂ ਵੀ ਅਤੇ ਮਨੁੱਖੀ ਤਜਰਬਿਆਂ ਤੋਂ ਵੀ ਕਿਹਾ ਜਾਂਦਾ ਹੈ ਕਿ ਵਿਅਕਤੀ ਠੋਕਰ ਖਾ ਕੇ ਸਿੱਖਦਾ ਹੈ, ਗਲਤੀਆਂ ਕਰਕੇ ਸਮਝਦਾਰ ਹੁੰਦਾ ਹੈ। ਤਜਰਬੇ ਕਰਨਾ ਮਨੁੱਖ ਦੀ ਪ੍ਰਵਿਰਤੀ ਹੈ। ਮਨੁੱਖ ਦੇ ਵਿਕਾਸ ਵਿੱਚ ਸੰਘਰਸ਼ ਦੀ ਅਹਿਮ ਭੂਮਿਕਾ ਰਹੀ ਹੈ। ਪਰ ਅਸੀਂ ਲੜਕੀਆਂ ਨੂੰ ਇੰਨ੍ਹਾਂ ਕੁਦਰਤੀ ਕਾਰਜਾਂ ਤੋਂ ਵੀ ਵਰਜਦੇ ਹਾਂ। ਉਸ ਨੂੰ ਕੋਈ ਕੰਮ ਕਰਨ ਲਈ ਪਹਿਲ ਨਹੀਂ ਕਰਨ ਦਿੰਦੇ। ਕਿਸੇ ਤਰ੍ਹਾਂ ਦੇ ਤਜਰਬੇ ਤੋਂ ਜਾਂ ਕੋਈ ਫੈਸਲਾ ਖੁਦ ਲੈਣ ਤੋਂ ਰੋਕਦੇ ਹਾਂ। ਮਨੁੱਖੀ ਸ਼ਰੀਰ ਦਾ ਕੁਦਰਤੀ ਨਿਯਮ ਹੈ ਕਿ ਜਿਸ ਵੀ ਅੰਗ ਨੂੰ ਜਿੰਨ੍ਹਾਂ ਵੱਧ ਵਰਤਿਆ ਜਾਵੇ, ਉਹ ਜਿਆਦਾ ਤਾਕਤਵਰ ਹੁੰਦਾ ਹੈ ਤੇ ਵੱਧ ਸਮਰੱਥਾ ਵਾਲਾ ਬਣਦਾ ਹੈ।

ਔਰਤਾਂ ਦੀ ਸਖਸ਼ੀਅਤ ਦੇ ਇੰਨ੍ਹਾਂ ਗੁਣਾਂ ਨੂੰ ਸਿਰਫ਼ ਜਨਮ ਤੋਂ ਬਾਅਦ ਦੀ ਸਿਖਲਾਈ ਦੇ ਪਹਿਲੂ ਤੋਂ ਹੀ ਨਹੀਂ ਸਗੋਂ ਇਤਿਹਾਸਕ ਪਰਿਪੇਖ ਤੋਂ ਦੇਖਣ ਸਮਝਣ ਦੀ ਲੋੜ ਹੈ ਕਿ ਹਜ਼ਾਰਾਂ ਸਾਲਾਂ ਤੋਂ ਇੰਨ੍ਹਾਂ ਰਵਾਇਤਾਂ, ਇਸ ਤਰ੍ਹਾਂ ਦੀ ਸਿਖਲਾਈ ਨੂੰ ਹੂ-ਬ-ਹੂ ਉਸੇ ਤਰ੍ਹਾਂ ਤੋਰਨ ਦੀ ਕੋਸ਼ਿਸ਼ ਹੋ ਰਹੀ ਹੈ।

ਸਮਾਜ ਵਿਗਿਆਨ ਦਾ ਅਧਿਐਨ ਉਸ ਬਿੰਦੂ ਨੂੰ ਸਪੱਸ਼ਟ ਤੌਰ ਤੇ ਉਭਾਰਦਾ ਹੈ ਕਿ ਇਕ ਸਮੇਂ ਕਬੀਲੇ ਦੀਆਂ ਔਰਤਾਂ ਸਰਦਾਰੀ ਕਰਦੀਆਂ ਸੀ ਤੇ ਜਦੋਂ ਬੱਚੇ ਦੀ ਪਛਾਣ ਮਾਂ ਨਾਲ ਹੁੰਦੀ ਸੀ। ਇਸ ਹਾਲਤ ਨੂੰ ਸਮਾਂ ਪਾ ਕੇ ਮਰਦ ਨੇ ਆਪਣੇ ਉਚੇਚੇ ਤਰੀਕੇ ਨਾਲ ਤਿਆਰ ਕੀਤਾ ਕਿ ਔਰਤ ਨੂੰ ਕਮਜੋਰ, ਡਰਪੋਕ ਤੇ ਹੀਣਾ ਬਣਾ ਕੇ ਰੱਖਿਆ ਜਾਵੇ। ਉਸ ਦੀ ਅਕਲ ਨੂੰ ਵਿਕਸਿਤ ਹੋਣ ਦਾ ਮੌਕਾ ਨਾ ਦਿੱਤਾ ਜਾਵੇ। ਅਜੋਕੇ ਸਮੇਂ ਵਿੱਚ, ਜਿਥੇ ਕਿਤੇ ਵੀ ਲੜਕੀਆਂ ਨੂੰ ਮੁੰਡਿਆਂ ਦੇ ਬਰਾਬਰ ਖੇਡਣ, ਪੜ੍ਹਣ, ਤਜਰਬੇ ਕਰਨ ਦੇ ਬਰਾਬਰ ਮੌਕੇ ਮਿਲਦੇ ਹਨ, ਲੜਕੀਆਂ ਉਹ ਸਭ ਕਰ ਸਕਦੀਆਂ ਹਨ ਜੋ ਕਿਸੇ ਸਮੇਂ ਮਰਦ ਆਪਣੀ ਵਿਰਾਸਤ ਸਮਝਦੇ ਸਨ।

ਔਰਤ ਦਾ ਬੱਚੇ ਨੂੰ ਪਾਲਣ ਪੋਸ਼ਣ ਕਰਨ ਦੇ ਪਹਿਲੂ ਤੋਂ ਪਹਿਲਾਂ ਨਰਸਿੰਗ ਕਿੱਤੇ ਨੂੰ ਪ੍ਰਵਾਨਗੀ ਮਿਲੀ। ਇੱਕ ਤਰ੍ਹਾਂ ਲਈ ਨਰਸਿੰਗ ਲੜਕੀਆਂ ਲਈ ਰਾਖਵਾਂ ਕਿੱਤਾ ਬਣਿਆ। ਫਿਰ ਹੌਲੀ ਹੌਲੀ ਅਧਿਆਪਨ ਨੂੰ ਔਰਤਾਂ ਲਈ ਠੀਕ ਸਮਝਿਆ ਗਿਆ ਤੇ ਹੁਣ ਡਾਕਟਰੀ ਕਿੱਤੇ ਨੂੰ ਲੜਕੀਆਂ ਲਈ ਵਾਜਬ ਠਹਿਰਾਇਆ ਜਾਂਦਾ ਹੈ।

ਮਰਦ ਵੱਲੋਂ ਇਹ ਫੈਸਲਾ ਲੈਣਾ ਕਿ ਕੀ ਔਰਤ ਲਈ ਠੀਕ ਅਤੇ ਵਾਜਬ ਹੈ, ਪਿੱਛੇ ਵੀ ਮਾਨਸਿਕਤਾ ਇਹ ਹੈ ਕਿ ਇਨ੍ਹਾਂ ਕਿੱਤਿਆਂ ਵਿੱਚ ਕੰਮ ਕਰਦੇ ਹੋਏ, ਔਰਤ ਘਰ ਅਤੇ ਬੱਚੇ ਵੀ ਸਾਂਭ ਸਕਦੀ ਹੈ। ਭਾਰਤੀ ਖਿੱਤੇ ਵਿੱਚ ਅਜੇ ਇਹ ਗੱਲ ਕਬੂਲ ਨਹੀਂ ਹੋਈ ਕਿ ਬਾਹਰ ਕੰਮ ਕਰਨ ਵਾਲੀ ਔਰਤ ਦੇ ਘਰ ਦੀ ਜ਼ਿੰਮੇਵਾਰੀ ਕੋਈ ਹੋਰ ਸਾਂਭ ਲਵੇ।

ਸਮਾਜਿਕ ਭੂਮਿਕਾ ਵਿੱਚ ਤਬਦੀਲੀਆਂ ਆਉਣ ਤੋਂ ਬਾਅਦ, ਮਰਦ ਸਮਾਜ ਔਰਤ ਦੀ ਉਸ ਘਰੇਲੂ ਭੂਮਿਕਾ ਤੋਂ, ਉਸ ਨੂੰ ਛੁਟਕਾਰਾ ਦੇਣ ਲਈ ਤਿਆਰ ਨਹੀਂ ਹੋਇਆ ਹੈ। ਬੱਚੇ ਸਾਂਭਣਾ, ਘਰ ਦੀ ਸਫਾਈ, ਰਸੋਈ, ਕਪੜੇ ਧੋਣਾ, ਕੱਪੜੇ ਨੂੰ ਸਿਉਣਾ, ਤਰੋਪੇ ਲਗਾਉਣਾ ਆਦਿ ਕੰਮ ਜਿਵੇਂ ਔਰਤ ਦੀ ਸ਼ਰੀਰਕ ਪ੍ਰਵਿਰਤੀ ਹੋਣ। ਜੇਕਰ ਨਵੇਂ ਪਰਿਪੇਖ ਵੱਲ ਨਜ਼ਰ ਮਾਰੀਏ ਤਾਂ ਦੁਨੀਆਂ ਵਿੱਚ ਵੱਡੇ ਡਿਜਾਇਨਰ, ਵਧੀਆ ਕੁੱਕ ਮਰਦ ਵੀ ਬਹੁਤ ਹਨ ਅਤੇ ਦੇਸ਼ ਦੀ ਰਾਜਨੀਤੀ ਅਤੇ ਪ੍ਰਸਾਸ਼ਨ ਕਾਰਜਾਂ ਵਿੱਚ ਔਰਤਾਂ ਨੇ ਵੀ ਬਹੁਤ ਨਾਮਣਾ ਖੱਟਿਆ ਹੈ।

ਕਹਿਣ ਦਾ ਭਾਵ ਹੈ ਕਿ ਔਰਤ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਵਿੱਚ ਸਭ ਤੋਂ ਅਹਿਮ ਭੂਮਿਕਾ ਸਾਡੇ ਸਮਾਜ ਦੀ ਹੈ।

ਪ੍ਰਾਇਮਰੀ ਸਕੂਲ ਦੇ ਬੱਚਿਆਂ ਵਿੱਚ ਕੀਤੇ ਇੱਕ ਸਰਵੇਖਣ ਦੇ ਹਵਾਲੇ ਨਾਲ ਗੱਲ ਕਰਦੇ ਹਾਂ ਕਿ ਤੀਸਰੀ ਚੌਥੀ ਕਲਾਸ ਦੇ ਬੱਚਿਆਂ ਤੋਂ ਪੁੱਛਿਆ ਗਿਆ ਕਿ ਕੀ ਤੁਹਾਨੂੰ ਕਦੇ ਗੁੱਸਾ ਆਇਆ ਹੈ? ਉਸ ਦਾ ਕਾਰਨ ਕੀ ਸੀ ਅਤੇ ਉਸ ਵੇਲੇ ਤੁਸੀਂ ਕੀ ਪ੍ਰਤੀਕ੍ਰਿਆ ਦਿਖਾਈ? ਸਰਵੇਖਣ ਭਾਵੇਂ ਗੁੱਸੇ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣ ਬਾਰੇ ਸੀ, ਪਰ ਇੱਕ ਗੱਲ ਇਹ ਉਭਰ ਕੇ ਸਾਹਮਣੇ ਆਈ ਕਿ ਗੁੱਸਾ ਆਉਣ ਤੇ ਇਸ ਉਮਰ ਦੇ ਮੁੰਡਿਆਂ ਨੇ ਜਦੋਂ ਤੱਕ ਬਦਲਾ ਨਹੀਂ ਲਿਆ, ਉਨ੍ਹਾਂ ਨੂੰ ਅਰਾਮ ਨਹੀਂ ਮਿਲਿਆ ਤੇ ਇਸ ਹਾਲਤ ਵਿੱਚ ਲੜਕੀਆਂ ਨੇ ਰੋਟੀ ਨਹੀਂ ਖਾਧੀ।


ਅਸੀਂ ਆਪਣੇ ਆਲੇ ਦੁਆਲੇ ਦੇਖ ਸਕਦੇ ਹਾਂ ਕਿ ਕਿਵੇਂ ਅਸੀਂ ਲੜਕਿਆਂ ਨੂੰ ਬਹਾਦੁਰੀ ਦੇ ਨਾਂ ਤੇ ਲੜਣਾ, ਬਦਲਾ ਲੈਣਾ ਸਿਖਾਉਂਦੇ ਹਾਂ ਤੇ ਲੜਕੀਆਂ ਨੂੰ ਜਿਆਦਤੀ ਹੋਣ ਤੇ ਵੀ ਚੁੱਪ ਰਹਿਣ ਦੀ ਸਿੱਖਿਆ ਦਿੰਦੇ ਹਾਂ।

ਮਨੁੱਖੀ ਸਖਸ਼ੀਅਤ ਦੀ ਗੱਲ ਕਰਦਿਆਂ, ਔਰਤਾਂ ਲੜਕੀਆਂ ਦੀ ਸਖ਼ਸ਼ੀਅਤ ਦੀ ਆਪਣੀ ਵਿਸ਼ੇਸ਼ਤਾ ਤੇ ਉਸ ਵਿੱਚ ਕੁਦਰਤੀ ਵਿਲੱਖਣਤਾ ਹੈ। ਉਸ ਨੂੰ ਅਜੂਬਾ ਜਾਂ ਰਹੱਸਮਈ ਕਹਿਣਾ ਦਰਅਸਲ ਮਰਦ ਸਮਾਜ ਨੂੰ ਮਾਫ਼ਕ ਆਉਂਦਾ ਹੈ ਕਿ ਇਸ ਦੇ ਨਾਂ ਹੇਠ ਜਿੰਨੀ ਮਰਜੀ ਜਿਆਦਤੀ ਕਰ ਲਵੇ ਤੇ ਫਿਰ ਉਸ ਅਜੂਬੇ ਨੂੰ ਕਾਬੂ ਹੇਠ ਰੱਖਣ ਦਾ ਇੱਕੋ ਇੱਕ ਢੰਗ ਤਾੜ ਕੇ ਰੱਖਣਾ ਹੀ ਸਹੀ ਠਹਿਰਾਵੇ।

98158-08506

ਪੁਸਤਕ ਜਾਣ-ਪਛਾਣ

ਤਰਕ ਦੇ ਖੰਭ, ਵਿਗਿਆਨਕ ਸੋਚ ਤੇ ਆਧਾਰਿਤ ਮਿੰਨੀ ਕਹਾਣੀਆਂ ਦੀ ਪੁਸਤਕ ਹੈ ਜਿਸ ਦਾ ਸੰਪਾਦਨ ਡਾ. ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ ਅਤੇ ਬਿਕਰਮਜੀਤ ਨੂਰ ਨੇ ਕੀਤਾ । ਪ੍ਰੇਰਣਾ ਪ੍ਰਕਾਸ਼ਨ, ਅੰਮ੍ਰਿਤਸਰ ਨੇ ਇਸ ਕਿਤਾਬ ਨੂੰ ਪ੍ਰਕਾਸ਼ਿਤ ਕੀਤਾ ਹੈ । ਪੰਜਾਬੀ ਵਿੱਚ ਮੂਲ ਰੂਪ ਵਿੱਚ ਲਿਖੀਆਂ ਮਿੰਨੀ ਕਹਾਣੀਆਂ ਦੇ ਨਾਲ-ਨਾਲ ਹਿੰਦੀ ਅਤੇ ਹੋਰ ਵਿਦੇਸ਼ੀ ਭਾਸ਼ਾਵਾਂ ਤੋਂ ਅਨੁਵਾਦਤ ਕਰ ਕੇ ਤਰਕਸ਼ੀਲ ਕਹਾਣੀਆਂ ਨੂੰ ਇਸ ਸੰਗ੍ਰਹਿ ਵਿੱਚ ਸ਼ਾਮਲ ਕੀਤਾ ਗਿਆ ਹੈ । ਸੌ ਤੋਂ ਵੱਧ ਕਹਾਣੀਆਂ ਵਿੱਚ ਸਮਾਜ ਦੇ ਉਹਨਾਂ ਪੱਖਾਂ ਨੂੰ ਉਭਾਰਨ ਦਾ ਉਪਰਾਲਾ ਕੀਤਾ ਗਿਆ ਹੈ ਜਿਸ ਤੋਂ ਅਸੀਂ ਅੰਧ-ਵਿਸਵਾਸ਼ਾਂ ਦੇ ਕਾਰਣਾਂ, ਉਨ੍ਹਾਂ ਨੂੰ ਜਾਰੀ ਰੱਖਣ ਦੇ ਸੰਦਾਂ ਅਤੇ ਉਸ ਸੋਚ ਵਿੱਚੋਂ ਬਾਹਰ ਨਿਕਲਣ ਦੇ ਢੰਗਾਂ ਨੂੰ ਸਮਝ ਸਕੀਏ ।



ਤਰਕਸ਼ੀਲ ਲਹਿਰ ਸੰਗ ਸਿਲਵਰ ਜੁਬਲੀ

ਜਸਵੰਤ ਮੋਹਾਲੀ



ਇਹ ਕੋਈ 84 ਜਾਂ 85 ਦੀ ਗੱਲ ਹੈ। ਮੈਂ ਦਸਵੀਂ ਵਿੱਚ ਪੜ੍ਹਦਾ ਸਾਂ। ਉਨ੍ਹੀਂ ਦਿਨੀਂ ਵੱਡੇ ਭਾਈ ਸਾਹਬ ਤੋਂ ਸਾਹਿਤ ਪੜ੍ਹਣ ਦੀ ਆਦਤ ਮੈਨੂੰ ਵੀ ਲੱਗ ਗਈ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਸੁਜਾਨ ਸਿੰਘ, ਵਿਰਕ, ਟਾਲਸਟਾਏ ਆਦਿ ਲੇਖਕਾਂ ਦੀਆਂ ਕਿਤਾਬਾਂ ਤੋਂ ਬਿਨ੍ਹਾਂ ਅਨੇਕਾਂ ਮੈਗਜ਼ੀਨ ਪੰਜਾਬੀ ਦੁਨੀਆਂ, ਜਾਗ੍ਰਤੀ, ਆਰਸੀ, ਨਾਗਮਣੀ, ਜਨ-ਸਾਹਿਤ ਆਦਿ ਘਰ ਆਉਂਦੇ। ਗੱਲ ਕੀ ਸਾਹਿਤ ਘਰ ਦੇ ਹਰ ਕੋਣੇ ਵਿੱਚ ਸੀ। ਪਿਛਲੇ ਤਿੰਨ ਚਾਰ ਸਾਲਾਂ ਤੋਂ ਮੈਂ ਇਹਨਾਂ ਕਿਤਾਬਾਂ, ਮੈਗਜ਼ੀਨਾਂ ਨੂੰ ਨਿੱਠ ਕੇ ਪੜ੍ਹ ਰਿਹਾ ਸੀ ਜੋ ਹੁਣ ਮੇਰੀ ਦਸਵੀਂ ਦੀ ਪੜ੍ਹਾਈ ਲਈ ਘਾਤਕ ਸੀ। ਇਸ ਮਹੌਲ ਵਿੱਚ ਵੱਡੇ ਸਾਹਬ ਇੱਕ ਦਿਨ ਇੱਕ ਕਿਤਾਬ ਘਰੇ ਲੈ ਆਏ - "ਤੇ ਦੇਵ ਪੁਰਸ਼ ਹਾਰ ਗਏ।" ਲੇਖਕ ਸਨ-ਇਬਰਾਹੀਮ ਟੀ ਕਾਵੂਰ। ਸ਼ਾਮ ਤੱਕ ਮੈਂ ਸਾਰੀ ਕਿਤਾਬ ਪੜ੍ਹ ਦਿੱਤੀ। ਪਿੰਡ ਦੇ ਮਹੌਲ ਵਿੱਚ ਵਿਚਰਦਿਆਂ ਭੂਤਾਂ ਪ੍ਰੇਤਾਂ, ਟੂਣਿਆਂ, ਛਲੇਡਿਆਂ ਆਦਿ ਨੇ ਮਨ ਨੂੰ ਘੇਰਾ ਪਾਇਆ ਹੋਇਆ ਸੀ। ਕਿਤਾਬ ਨੇ ਸਭ ਤੋਂ ਪਹਿਲਾਂ ਇੰਨ੍ਹਾਂ ਤੇ ਹੀ ਜ਼ੋਰਦਾਰ ਸੱਟ ਮਾਰੀ। ਹੁਣ ਦਸ ਕੁ ਘਰ ਪਾਰਲੇ ਗੁਆਂਢੀਆਂ ਦੇ ਘਰ ਸਿਰ ਘੁਮਾਉਂਦੀ ਕੁੜੀ ਬਾਰੇ ਜਦੋਂ ਪਿੰਡ ਦੇ ਲੋਕੀ ਗੱਲਾਂ ਕਰਦੇ ਕਿ ਇਹਦੇ ਵਿੱਚ ਰਾਜੀ ਦਾ ਭੂਤ ਆਇਆ ਤਾਂ ਮੇਰਾ ਉਨ੍ਹਾਂ ਨੂੰ ਸਮਝਾਉਣ ਨੂੰ ਜੀਅ ਕਰਦਾ। ਪਰ ਉਦੋਂ ਮੈਂ 'ਵੱਡਿਆਂ' ਤੇ 'ਸਿਆਣਿਆਂ' ਦੇ ਕੰਮ ਵਿੱਚ ਟੰਗ ਨਾਂ ਫਸਾਈ। ਇੱਕ ਨਵੇਂ ਸ਼ਬਦ 'ਤਰਕਸ਼ੀਲ' ਨੇ ਜ਼ਿੰਦਗੀ ਦਾ ਮੁਹਾਣ ਬਦਲਣ ਦਾ ਰਾਹ ਖੋਲ੍ਹ ਦਿੱਤਾ। ਟੀ. ਕਾਵੂਰ ਦੁਆਰਾ ਚਮਤਕਾਰਾਂ ਦੇ ਦਾਅਵੇਦਾਰਾਂ ਨੂੰ ਦਿੱਤੀ ਚੁਣੌਤੀ ਤਾਂ ਤਲੀ ਤੇ ਸਰ੍ਹੋਂ ਜਮਾਉਣ ਵਾਲੀ ਗੱਲ ਸੀ। ਮੈਨੂੰ ਇਹ ਚੁਣੌਤੀ ਅਜਿਹਾ ਦਾਅ ਜਾਪਦੀ ਜਿਹਦੇ ਨਾਲ ਕਰਾਮਾਤਾਂ ਦੇ ਵੱਡੇ ਤੋਂ ਵੱਡੇ ਭਲਵਾਨ ਨੂੰ ਢਾਹਿਆ ਜਾ ਸਕਦਾ ਸੀ। ਡਾ. ਕਾਵੂਰ, ਸਾਈਂ ਬਾਬੇ ਵਰਗੇ 'ਚੋਟੀ ਦੇ ਭਲਵਾਨਾਂ' ਨੂੰ ਟੱਕਰ ਲੈਣ ਲਈ ਲਲਕਾਰ ਰਿਹਾ ਜਾਪਦਾ।

ਅਗਲੀਆਂ ਕਿਤਾਬਾਂ ਦੇਵ ਦੈਂਤ ਤੇ ਰੂਹਾਂ, ਰੌਸ਼ਨੀ, ਤਰਕਬਾਣੀ ਆਦਿ ਨੇ ਕੁਦਰਤ, ਜਨਮ, ਮੌਤ, ਰਸਮਾਂ, ਸਮਾਜ ਆਦਿ ਦੇ ਸੰਕਲਪਾਂ ਬਾਰੇ ਨਵੀਂ ਜਾਣਕਾਰੀ ਅਤੇ ਨਵੀਆਂ ਦਲੀਲਾਂ ਸਾਹਮਣੇ ਲਿਆ ਧਰੀਆਂ। ਪਹਿਲਾਂ ਜਪੁਜੀ ਸਾਹਿਬ ਤੇ ਰਹਿਰਾਸ ਮੇਰਾ ਨਿੱਤਨੇਮ ਸੀ। ਪਹਿਲਾਂ ਮੈਂ ਸਿਰਫ ਗਿਆਨ ਦੇ ਗਰਾਰੇ ਕਰਦਾ ਸੀ, ਹੁਣ ਘੁੱਟਾਂ ਅੰਦਰ ਲੰਘਾਉਣ ਦੀ ਕੋਸ਼ਿਸ਼ ਕਰਨ ਲੱਗਾ। ਪੰਜ ਗ੍ਰੰਥੀ ਪੜ੍ਹੀ। ਧਾਰਮਿਕ ਕਿਰਤਾਂ ਨੂੰ ਰਟਣ, ਮੰਤਰਾਂ ਦੀ ਥਾਂ ਸਮਝਣ ਦੀ ਕੋਸ਼ਿਸ਼ ਕਰਨ ਲੱਗਾ।

ਸਮਾਜ ਨੂੰ ਅੰਧ-ਵਿਸ਼ਵਾਸ਼ਾਂ, ਵਹਿਮਾਂ ਭਰਮਾਂ ਦੇ ਸੰਗਲਾਂ ਤੋਂ ਆਜ਼ਾਦ ਕਰਾਉਣ ਵੱਲ ਤੁਰਨਾ ਤਰਕਸ਼ੀਲ ਸੁਸਾਇਟੀ ਦੀ ਇੱਕ ਪ੍ਰਾਪਤੀ ਹੈ ਪਰ ਸੁਸਾਇਟੀ ਦੀ ਅਸਲ ਪ੍ਰਾਪਤੀ ਦਾਰਸ਼ਨਿਕ ਵਿਚਾਰਾਂ ਜਿਵੇਂ ਜੀਵਨ ਕੀ ਹੈ, ਮੌਤ ਤੋਂ ਬਾਅਦ ਜੀਵਨ, ਆਤਮਾ, ਪ੍ਰਮਾਤਮਾ ਆਦਿ ਸੁਆਲਾਂ ਤੇ ਚਰਚਾ ਛੇੜਨਾ ਹੈ। ਮੁੱਢਲੀਆਂ ਕਿਤਾਬਾਂ ਪੜ੍ਹ ਲੈਣ ਨੇ ਵਹਿਮਾਂ ਭਰਮਾਂ, ਕਰਾਮਾਤਾਂ ਆਦਿ ਤੋਂ ਤਾਂ ਮੁਕਤ ਕੀਤਾ ਹੀ, ਤਰਕਸ਼ੀਲ ਸਾਹਿਤ ਨੇ ਅਸਲ ਕੰਮ ਜੋ ਕੀਤਾ ਉਹ ਵਿਗਿਆਨਕ ਨਜ਼ਰੀਆ ਬਣਾਉਣਾ ਸੀ। ਵਿਗਿਆਨਕ ਨਜ਼ਰੀਆ ਦਰਅਸਲ ਠੀਕ ਗਲਤ ਦਾ ਨਿਰਣਾ ਕਰਨ ਵਿੱਚ ਸਹਾਈ ਹੋਣ ਵਾਲਾ ਮਹੱਤਵਪੂਰਣ ਸੰਦ ਹੈ।

ਗੁਰਬਖਸ਼ ਸਿੰਘ ਪ੍ਰੀਤਲੜੀ ਦੀਆ ਲਿਖਤਾਂ ਅਤੇ ਸ਼ਹੀਦ ਭਗਤ ਸਿੰਘ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ?' ਨੇ ਪੂਜਾ-ਪਾਠਾਂ ਨਾਲ ਖੁਸ਼ ਹੋਣ ਵਾਲੇ 'ਰੱਬ' ਦਾ ਤਾਂ ਅੰਤ ਕਰ ਦਿੱਤਾ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਰੱਬ ਬਾਰੇ ਪਹੁੰਚ ਗੈਰ ਵਿਵਾਦਤ ਤੇ 'ਸਰਬਸਾਂਝੀ' ਜਿਹੀ ਸੀ। ਧਰਤੀ, ਚੰਦ, ਤਾਰੇ, ਜੀਵਨ ਅਤੇ ਮਨੁੱਖ ਦੀ ਹੋਂਦ ਬਾਰੇ ਕੋਈ ਮਨ ਨੂੰ ਜਚਵੀਂ ਦਲੀਲ ਨਹੀਂ ਸੀ ਮਿਲੀ। ਕਈ ਦਾਰਸ਼ਨਿਕ ਸੁਆਲਾਂ ਦੇ ਜਵਾਬ ਅਜੇ ਬਾਕੀ ਸਨ। ਇਹ ਕਾਰਜ ਸੰਪੂਰਨ ਹੋਇਆ ਤਰਕਸ਼ੀਲ ਮੈਗਜ਼ੀਨ ਦੇ ਸ਼ੁਰੂ ਦੇ ਅੰਕਾਂ ਵਿੱਚ ਲੜੀਵਾਰ ਛਪੀ ਸ੍ਰੀ ਰਾਜਪਾਲ ਦੀ ਲਿਖਤ ਨਾਲ, ਜੋ ਬਾਅਦ ਵਿੱਚ 'ਮਿੱਟੀ ਤੋਂ ਮਨੁੱਖ ਤੱਕ' ਕਿਤਾਬ ਦੇ ਰੂਪ ਵਿੱਚ ਛਪੀ। ਜਦੋਂ ਮੈਂ ਸਜੀਵ ਵਸਤਾਂ ਦੀ ਉਤਪਤੀ, ਨਿਰਜੀਵ ਤੋਂ

ਹੋਣ ਬਾਰੇ ਪੜ੍ਹਿਆ ਤਾਂ ਮੇਰੇ ਮਨ ਵਿੱਚ ਪਹਿਲਾਂ ਹੀ ਤਿੜਕਿਆ ਪਿਆ ਰੱਬ ਦਾ ਸੰਕਲਪ ਢਹਿ ਢੇਰੀ ਹੋ ਗਿਆ। ਇਸ ਸਾਰੇ ਕੁਦਰਤੀ ਤੇ ਸਮਾਜਿਕ ਪਸਾਰੇ ਦੀ ਹੋਂਦ ਤੇ ਸੰਚਾਲਨ ਲਈ ਜਿੰਮੇਵਾਰ ਕਿਸੇ ਰੱਬੀ ਹਸਤੀ ਦੀ ਥਾਂ ਨਿਰੰਤਰ ਵਿਕਾਸ ਦੇ ਸਿਧਾਂਤ ਨੇ ਲੈ ਲਈ। ਸੁਆਲ ਅਜੇ ਵੀ ਬੜੇ ਬਾਕੀ ਸਨ ਪਰ ਹੁਣ ਉਨ੍ਹਾਂ ਦਾ ਪੱਧਰ ਉੱਚਾ ਉੱਠ ਗਿਆ ਸੀ। ਹੁਣ ਹਰ ਗੱਲ ਰੱਬ ਤੇ ਜਾ ਕੇ ਨਹੀਂ ਸੀ ਮੁੱਕਦੀ। ਫਰੈਡਰਿਕ ਏਂਗਲਜ਼ ਦੀ 'ਬਾਂਦਰ ਤੋਂ ਮਨੁੱਖ ਤੱਕ ਤਬਦੀਲੀ ਵਿੱਚ ਕਿਰਤ ਵੱਲੋਂ ਪਾਇਆ ਹਿੱਸਾ' ਨਾਂ ਦੀ ਕਿਰਤ ਨੇ ਧੋਣੇ ਹੀ ਧੋ ਦਿੱਤੇ। ਪੜ੍ਹਣ ਸੋਚਣ ਵਿਚਾਰਨ ਦੀ ਦਿਸ਼ਾ ਸਪੱਸ਼ਟ ਹੋ ਗਈ।

ਮੈਂ ਤਰਕਸ਼ੀਲ ਸੁਸਾਇਟੀ ਦਾ ਕੋਈ ਬਕਾਇਦਾ ਮੈਂਬਰ ਨਹੀਂ ਸਾਂ। ਮੈਗਜ਼ੀਨ ਮੈਂ ਬੱਸ ਅੱਡੇ ਤੋਂ ਖਰੀਦ ਕੇ ਪੜ੍ਹਦਾ। ਮੈਨੂੰ ਜਦੋਂ ਤਰਕਸ਼ੀਲ ਸੁਸਾਇਟੀ ਦੇ ਟੁੱਟਣ ਦਾ ਪਤਾ ਲੱਗਿਆ ਤਾਂ ਬੜਾ ਅਫਸੋਸ ਹੋਇਆ।

1985 ਵਿੱਚ ਹੁਸ਼ਿਆਰਪੁਰ ਇਲੈਕਟ੍ਰਾਨਿਕਸ ਇੰਜਨੀਅਰਿੰਗ ਬ੍ਰਾਂਚ ਵਿੱਚ ਦਾਖਲਾ ਮਿਲ ਗਿਆ। ਹੋਸਟਲ ਵਿੱਚ ਰਹਿੰਦੇ ਸਾਂ। ਵਿਦਿਆਰਥੀਆਂ ਦੇ ਖੱਬੇ ਪੱਖੀ ਕਾਰਕੁੰਨਾਂ ਨਾਲ ਮੇਰੀ ਨੇੜਤਾ ਸੀ। ਵਿਜੈ ਬੰਬੇਲੀ, ਜੋ ਪਾਰਟ ਟਾਈਮ ਡਿਪਲੋਮਾ ਕਰ ਰਿਹਾ ਸੀ, ਨੇ ਤਰਕਸ਼ੀਲ ਸੁਸਾਇਟੀ ਦੀ ਹੁਸ਼ਿਆਰਪੁਰ ਇਕਾਈ ਬਣਾਈ। 1987 ਵਿੱਚ ਮੈਂ ਤਰਕਸ਼ੀਲ ਸੁਸਾਇਟੀ ਇਕਾਈ ਹੁਸ਼ਿਆਰਪੁਰ ਦਾ ਮੈਂਬਰ ਬਣਿਆ। ਦਸ ਕੁ ਮੈਗਜ਼ੀਨ ਮੈਂ ਹੋਸਟਲ ਲੈ ਆਉਂਦਾ। ਕੁੱਝ ਸਾਥੀ ਪੜ੍ਹਦੇ। ਆਤਮਾ, ਪ੍ਰਮਾਤਮਾ, ਭੂਤਾਂ, ਪ੍ਰੇਤਾਂ ਬਾਰੇ ਬਹਿਸ਼ ਚਲਦੀ। ਖਾਲਿਸਤਾਨੀ ਲਹਿਰ ਦਾ ਸਾਰੇ ਪੰਜਾਬ ਦੀ ਤਰ੍ਹਾਂ ਇਥੇ ਵੀ ਪ੍ਰਭਾਵ ਸੀ। ਬਾਜ਼ਾਰ ਗਏ ਹੋਸਟਲ ਦੇ ਮੁੰਡਿਆਂ ਦੀਆਂ ਪੱਗਾਂ ਉੱਥੋਂ ਦੇ ਫਿਰਕੂ ਦੁਕਾਨਦਾਰਾਂ ਵੱਲੋਂ ਲਾਹੇ ਜਾਣ ਨਾਲ ਕਈ ਵਾਰ ਹੋਸਟਲ ਦਾ ਮਾਹੌਲ ਖਰਾਬ ਹੋਣ ਦੀ ਹਾਲਤ ਬਣ ਜਾਣੀ ਪਰ ਖੱਬੇ ਪੱਖੀ ਵਿਦਿਆਰਥੀਆਂ ਦੇ ਚੰਗੇ ਪ੍ਰਭਾਵ ਕਾਰਨ ਹਾਲਾਤ ਸੁਖਾਵੇਂ ਬਣੇ ਰਹੇ। ਤਰਕਸ਼ੀਲ ਲਹਿਰ ਦਾ ਹੋਂਦ ਵਿੱਚ ਆਉਣਾ ਇੱਕ ਹੋਰ ਪੱਖ ਤੋਂ ਕਮਾਲ ਦੀ ਘਟਨਾ ਸੀ। ਬਹੁਤੇ ਲੋਕਾਂ ਦੇ ਵਿਚਾਰ ਹਵਾ ਦੀ ਦਿਸ਼ਾ ਨਿਰਧਾਰਿਤ ਕਰਦੀ ਹੈ। ਤਰਕਸ਼ੀਲ ਲਹਿਰ ਨੇ ਹਵਾ ਦੀ ਦਿਸ਼ਾ ਦੇ ਉਲਟ ਉਦੋਂ ਜਨਮ ਲਿਆ ਜਦੋਂ ਖਾਲਿਸਤਾਨੀ ਲਹਿਰ ਆਪਣੇ ਜ਼ੋਰਾਂ ਤੇ ਸੀ। ਤਰਕਸ਼ੀਲ ਲਿਖਤਾਂ ਨੇ ਜਿੱਥੇ ਅੰਧ-ਵਿਸ਼ਵਾਸ਼ਾਂ ਅਤੇ ਰੱਬ ਨਾਲ ਆਢਾ ਲਾਇਆ ਹੋਇਆ ਸੀ, ਉਥੇ ਫਿਰਕਾਪ੍ਰਸਤ ਤਾਕਤਾਂ ਨਾਲ ਸਿੱਧਾ ਮੱਥਾ ਲਾਈ ਬੈਠੇ ਖੱਬੇ ਪੱਖੀ ਆਗੂਆਂ ਦੀਆਂ ਲਿਖਤਾਂ ਹਨੇਰੇ ਵਿੱਚ ਜੁਗਨੂੰਆਂ ਦਾ ਕੰਮ ਕਰ ਰਹੀਆਂ ਸਨ। ਅੰਨ੍ਹੇ ਨਿਸ਼ਾਨਚੀ ਬੜੀ ਮਿਹਨਤ ਤੇ ਚਿੰਤਨ ਨਾਲ ਪੈਦਾ ਹੋਈਆਂ ਸਖਸ਼ੀਅਤਾਂ ਤੇ ਪੰਜਾਬ ਅਤੇ ਪੰਜਾਬੀਅਤ ਦਾ ਸ਼ਿਕਾਰ ਕਰ ਰਹੇ ਸਨ। ਖੈਰ! ਅਜਿਹੇ ਤਣਾਅ ਭਰੇ ਮਾਹੌਲ ਵਿੱਚ ਵੀ ਭੈਅ ਦਾ ਕਿਧਰੇ ਨਾਂ ਨਿਸ਼ਾਨ ਨਹੀਂ ਸੀ।

ਡਿਪਲੋਮੇ ਦੇ ਆਖਰੀ ਸਾਲ 1949 ਵਿੱਚ ਮੇਰੀ ਕੈਂਪਸ ਇੰਟਰਵਿਊ ਵਿੱਚ ਮੋਹਾਲੀ ਦੀ ਇੱਕ ਫਰਮ ਵਿੱਚ ਨੌਕਰੀ ਲੱਗ ਗਈ। ਵੀਹ ਸਾਲ ਦੀ ਵੱਧ ਜੋਸ਼, ਘੱਟ ਹੋਸ਼ ਵਾਲੀ ਉਮਰ, ਭਗਤ ਸਿੰਘ ਦੇ ਵਿਚਾਰਾਂ ਦੀ ਪਾਣ, ਨਿਮਨ ਮੱਧਵਰਗੀ ਪੇਂਡੂ ਆਰਥਿਕਤਾ ਵਾਲੇ ਪਿਛੋਕੜ ਦੇ ਮੁਕਾਬਲੇ ਚੰਡੀਗੜ੍ਹ ਦੀ ਜੀਵਨਸ਼ੈਲੀ ਵਿਚਲਾ ਪਾੜਾ, ਕਿਧਰੇ ਨਿਰਦੋਸ਼ ਹਿੰਦੂਆਂ/ਸਿੱਖ ਨੌਜਵਾਨਾਂ ਤੇ ਕਿਤੇ ਗਰੀਬ ਹਾਕਰਾਂ ਦੇ ਕਤਲਾਂ ਕਾਰਣ ਪਸਰਦੀ ਉਦਾਸੀ, ਮਾਰਕਸ ਏਂਗਲਜ਼ ਦੀਆਂ ਲਿਖਤਾਂ ਦਾ ਪ੍ਰਭਾਵ - ਅਜਿਹੀਆਂ ਸਨ ਹਾਲਤਾਂ ਜਿੰਨ੍ਹਾਂ ਵਿੱਚ ਮਜ਼ਦੂਰਾਂ ਨੂੰ ਜਥੇਬੰਦ ਕਰਨ ਦਾ ਕੰਮ ਸ਼ੁਰੂ ਕੀਤਾ। ਉਸ ਸਮੇਂ ਮੋਹਾਲੀ ਵਿੱਚ ਟਰੇਡ ਯੂਨੀਅਨ ਆਗੂਆਂ ਤੇ ਲਗਾਤਾਰ ਜਾਨਲੇਵਾ ਹਮਲੇ ਹੋ ਰਹੇ ਸਨ। ਪੰਜਾਬ ਦਾ ਵਿਗੜਿਆ ਮਾਹੌਲ ਫੈਕਟਰੀ ਮਾਲਕਾਂ ਨੂੰ ਯੂਨੀਅਨ ਆਗੂਆਂ ਤੇ ਟਾਂਡਾ ਵਰਗਾ ਸਖਤ ਕਾਨੂੰਨ ਲਾ ਕੇ ਦਹਿਸ਼ਤਜ਼ਦਾ ਕਰਨ ਦੇ ਕੰਮ ਆ ਰਿਹਾ ਸੀ। ਚੱਕੀ ਦਾ ਦੂਜਾ ਪੁੜ, ਅੱਤਵਾਦੀ ਸਨ ਜੋ ਮੋਹਾਲੀ ਦੇ ਟਰੇਡ ਯੂਨੀਅਨ ਆਗੂਆਂ ਨੂੰ ਪੀਹ ਰਿਹਾ ਸੀ।

ਮੋਹਾਲੀ ਕਿਰਾਏ ਤੇ ਰਹਿੰਦੇ ਸਾਂ। ਯੂਨੀਅਨ ਦੀਆਂ ਮੀਟਿੰਗਾਂ ਅਕਸਰ ਮੇਰੇ ਕਮਰੇ ਵਿੱਚ ਹੁੰਦੀਆਂ। ਕੁੱਝ ਕੁ ਸਾਥੀ ਕਮਰੇ ਵਿੱਚ ਪਏ ਤਰਕਸ਼ੀਲ ਮੈਗਜ਼ੀਨ ਤੇ ਕਿਤਾਬਾਂ ਆਦਿ ਲੈ ਜਾਂਦੇ, ਪੜ੍ਹ ਕੇ ਮੋੜ ਜਾਂਦੇ। ਇੱਕ ਵਾਰ ਫਿਰ ਕਿਤਾਬ "..... ਤੇ ਦੇਵ ਪੁਰਸ਼ ਹਾਰ ਗਏ" ਨੇ ਆਪਣਾ ਜਾਦੂ ਦਿਖਾਇਆ। ਪੜ੍ਹ ਕੇ ਕੁੱਝ ਸਾਥੀਆਂ ਨੇ ਮੋਹਾਲੀ ਇਕਾਈ ਬਣਾਉਣ ਦੀ ਇੱਛਾ ਜਤਾਈ। ਰਜਿੰਦਰ ਭਦੌੜ ਜੋ ਉਦੋਂ ਸੂਬਾ ਪ੍ਰਧਾਨ ਸਨ, ਨੂੰ ਬੁਲਾਕੇ ਮੀਟਿੰਗ ਰਖਵਾ

ਦਿੱਤੀ। ਇਹ ਕੋਈ 93 ਜਾਂ 94 ਦੀ ਗੱਲ ਹੈ। ਤਰਕਸ਼ੀਲ ਸੁਸਾਇਟੀ ਦੀ ਮੋਹਾਲੀ ਇਕਾਈ ਬਣ ਗਈ ਜੀਹਦੇ ਬਹੁਤੇ ਮੈਂਬਰ ਮੇਰੇ ਨਾਲ ਹੀ ਨੌਕਰੀ ਕਰਦੇ ਸਨ। ਪਹਿਲਾਂ ਅਸੀਂ ਯੂਨੀਅਨ ਵੱਲੋਂ ਹਰ ਸਾਲ ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾਉਂਦੇ ਸੀ, ਹੁਣ ਇਹ ਦਿਨ ਤਰਕਸ਼ੀਲ ਸੁਸਾਇਟੀ ਨਾਲ ਮਿਲਕੇ ਮਨਾਉਂਦੇ। ਮੈਂ ਟਰੇਡ ਯੂਨੀਅਨ ਸਰਗਰਮੀ ਘਟਾਕੇ ਫਿਰ ਤਰਕਸ਼ੀਲ ਸੁਸਾਇਟੀ ਵਿੱਚ ਸਰਗਰਮ ਹੋ ਗਿਆ। ਫਿਰ ਮੋਹਾਲੀ ਸ਼ਹਿਰ ਦੀ ਥਾਂ ਨੇੜੇ ਦੇ ਪਿੰਡਾਂ ਵਿੱਚ ਪ੍ਰੋਗਰਾਮ ਕੀਤੇ। ਕੁੱਝ ਸਮੇਂ ਲਈ ਇਕਾਈ ਵਿੱਚ ਸਰਗਰਮ ਮੈਂਬਰਾਂ ਦੀ ਘਾਟ ਰਹੀ। ਫਿਰ ਜਰਨੈਲ ਕ੍ਰਾਂਤੀ, ਹਰਪ੍ਰੀਤ ਤੇ ਸਤਨਾਮ ਦਾਊਂ ਵਰਗੇ ਮੈਬਰਾਂ ਦੀ ਸਰਗਰਮੀ ਨਾਲ ਇਕਾਈ ਨੂੰ ਹੁਲਾਰਾ ਮਿਲਿਆ।ਕੁੱਝ ਹੋਰ ਨਵੇਂ ਮੈਂਬਰ ਮਿਲੇ।

ਇਸ ਸਮੇਂ ਦੌਰਾਨ ਮਾਨਸਿਕ ਸਮੱਸਿਆਵਾਂ ਦੇ ਸੰਬੰਧ ਵਿੱਚ ਲੋਕਾਂ ਨੂੰ ਕਰੀਬ ਤੋਂ ਜਾਨਣ ਦਾ ਮੌਕਾ ਮਿਲਿਆ। ਸਾਧਾਂ, ਪਾਖੰਡੀਆਂ, ਜੋਤਸ਼ੀਆਂ ਤੇ ਉਨ੍ਹਾਂ ਦੇ ਰਾਜਨੀਤਕ ਜੋਟੀਦਾਰਾਂ ਦੇ ਗਠਜੋੜ ਤੇ ਸਮਾਜ ਵਿਰੋਧੀ ਕਿਰਦਾਰ ਨੂੰ ਸਮਝਿਆ ਤੇ ਯਥਾ-ਸੰਭਵ ਲੋਕਾਂ ਵਿੱਚ ਨੰਗਾ ਕੀਤਾ। ਮੇਰਾ ਇਹ ਮੰਨਣਾ ਹੈ ਕਿ ਜੇ ਕਿਸੇ ਨੇ ਪੰਜਾਬੀ ਮਾਨਸਿਕਤਾ ਵਿੱਚ ਡੂੰਘੀ ਝਾਤ ਮਾਰਨੀ ਹੈ ਤਾਂ ਉਸਨੂੰ ਤਰਕਸ਼ੀਲਾਂ ਦੁਆਰਾ ਹੱਲ ਕੀਤੀਆਂ ਮਾਨਸਿਕ ਉਲਝਣਾਂ ਦੇ ਕੇਸਾਂ ਵਾਲੀਆਂ ਕਿਤਾਬਾਂ ਤੇ ਵੀਡੀਓ! (ਭਾਵੇਂ ਕਲਾ ਤੇ ਨਿਰਦੇਸ਼ਨ ਦੇ ਪੱਖ ਤੋਂ ਕੁੱਝ ਊਣੀਆਂ ਵੀ ਜਾਪਣ) ਨੂੰ ਜ਼ਰੂਰ ਵਾਚਣਾ ਚਾਹੀਦਾ ਹੈ।

ਖੈਰ! ਕੁੱਲ ਮਿਲਾਕੇ ਲੋਕਾਂ ਦੀਆਂ ਮਾਨਸਿਕ ਗੰਢਾਂ ਖੋਲ੍ਹਦੇ ਹੋਏ, ਸਾਧਾਂ ਪਾਖੰਡੀਆਂ ਜੋਤਸ਼ੀਆਂ ਨੂੰ ਚੁਣੌਤੀ ਦਿੰਦੇ ਹੋਏ, ਸਕੂਲਾਂ, ਕਾਲਜਾਂ, ਪਿੰਡਾਂ ਵਿੱਚ ਪ੍ਰੋਗਰਾਮ ਕਰਦੇ ਹੋਏ, ਤਰਕਸ਼ੀਲ ਸਾਹਿਤ, ਨਾਟਕਾਂ ਤੇ ਫਿਲਮਾਂ ਰਾਹੀਂ ਪ੍ਰਚਾਰ ਕਰਦੇ ਹੋਏ ਪਰਵਾਰਕ ਤੇ ਸਮਾਜਕ ਜੀਵਨ ਜਾਂਚ ਨੂੰ ਤਰਕਸ਼ੀਲ ਢਾਂਚੇ ਵਿੱਚ ਢਾਲਣ ਦਾ ਯਤਨ ਲਗਾਤਾਰ ਜਾਰੀ ਹੈ। ਆਖਰ ਤਰਕਸ਼ੀਲਤਾ ਕੋਈ ਮੰਜ਼ਿਲ ਨਹੀਂ, ਜੀਵਨ ਜਾਂਚ ਹੀ ਤਾਂ ਹੈ।

ਮਾਸਟਰ ਜਰਨੈਲ ਕ੍ਰਾਂਤੀ ਵੱਲੋਂ ਨਿਵੇਕਲਾ ਉਪਰਾਲਾ : ਇਕਾਈ ਦੇ ਵਿੱਤ ਮੁਖੀ ਜਰਨੈਲ ਕ੍ਰਾਂਤੀ ਨੇ ਮਰਨ ਉਪਰੰਤ ਆਪਣਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਅਨਾਟੀਮੀ ਵਿਭਾਗ ਪੀ.ਜੀ.ਆਈ. ਚੰਡੀਗੜ੍ਹ ਨੂੰ ਭੇਂਟ ਕਰਨ ਦੀ ਵਸੀਅਤ ਕੀਤੀ ।ਖ਼ਾਸ ਗੱਲ ਇਹ ਸੀ ਕਿ ਇਹ ਵਸੀਅਤ ਉਨ੍ਹਾਂ ਨੇ ਆਪਣੇ ਪੋਤੇ ਬੀਰਪ੍ਰਤਾਪ ਦੇ ਜਨਮ ਦਿਨ ਮੌਕੇ ਕੀਤੀ । 72 ਸਾਲਾ ਇਹ ਆਗੂ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਕੁਲਵਕਤੀ ਕਾਮਾ ਹੈ।

ਵਿਗਿਆਨਕ ਸੋਚ ਦੇ ਪ੍ਰਸਾਰ ਲਈ ਹੁਣ ਹੋਰ ਵੀ ਵੱਧ ਕੰਮ ਕਰੇਗਾ : ਲਾਭ ਸਿੰਘ ਛਾਜਲਾ

ਤਰਕਸ਼ੀਲ ਲਹਿਰ 'ਚ ਲਾਭ ਸਿੰਘ ਛਾਜਲਾ ਇੱਕ ਜਾਣਿਆ-ਪਛਾਣਿਆ ਨਾਮ ਹੈ ।ਉਹ ਜ਼ੋਨ ਬਰਨਾਲਾ ਦਾ ਜਥੇਬੰਦਕ ਵਿਭਾਗ ਦਾ ਮੁਖੀ ਹੈ ।ਉਹ 31 ਜਨਵਰੀ 2013 ਨੂੰ ਸਹਿਕਾਰਤਾ ਮਹਿਕਮੇ ਵਿੱਚੋਂ ਬਤੌਰ ਇੰਸਪੈਕਟਰ 34 ਸਾਲ ਨੌਕਰੀ ਕਰਨ ਉਪਰੰਤ ਸੇਵਾ ਮੁਕਤ ਹੋਇਆ ਹੈ ।ਆਪਣੀ ਸੇਵਾ ਮੁਕਤੀ ਦਾ ਸਮਾਗਮ ਉਸ ਨੇ ਤਰਕਸ਼ੀਲ, ਅਗਾਂਹ ਵਧੂ ਸਮਾਗਮ ਦੇ ਰੂਪ ਵਿੱਚ, ਉਸਾਰੂ ਵਿਚਾਰ ਵਟਾਂਦਰੇ ਦਾ ਮਾਧਿਅਮ ਬਣਾਇਆ । ਕਾਮਰੇਡ ਹਰਦੇਵ ਸਿੰਘ ਬਖਸੀਵਾਲਾ ਨੇ ਆਪਣੇ ਮਹਿਕਮੇ ਦੀਆਂ ਹੱਕੀ ਮੰਗਾਂ ਲਈ ਛਾਜਲਾ ਜੀ ਦੇ 4 ਮਹੀਨੇ ਬੜੈਲ ਜੇਲ੍ਹ ਵਿੱਚ ਰਹਿਣ ਦੀ ਪ੍ਰਸੰਸ਼ਾ ਕੀਤੀ ।ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਹੇਮ ਰਾਜ ਸਟੈਨੋ, ਕਾਮਰੇਡ ਰਾਮ ਸਿੰਘ ਦੇ ਪ੍ਰਧਾਨ ਨਾਮਦੇਵ ਭੂਟਾਲ, ਤਰਕਸ਼ੀਲ ਆਗੂ ਜੁਝਾਰ ਲੌਂਗੋਵਾਲ, ਸੁਖਦੇਵ ਧੂਰੀ, ਪਰਮ ਵੇਦ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਲਾਭ ਸਿੰਘ ਛਾਜਲਾ ਇੱਕ ਸਫਲ ਕਿਸਾਨ ਵੀ ਹੈ । ਕਾਲਜ ਦੀ ਪੜ੍ਹਾਈ ਸਮੇਂ ਉਸ ਨੇ ਪੀ.ਐਸ.ਯੂ. ਅਤੇ ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ 'ਚ ਸਾਂਝੇ ਘੋਲਾਂ ਮੋਗਾ ਸੰਗਰਾਮ ਰੈਲੀ, ਬੱਸ ਕਿਰਾਇਆ ਘੋਲ, ਰੰਧਾਵਾ ਐਜੀਟੇਸ਼ਨ 'ਚ ਵਧ ਚੜ੍ਹ ਕੇ ਭਾਗ ਲਿਆ ।ਉਹਨਾਂ ਦੀ ਦੇਣ ਵਿੱਚ ਉਹਨਾਂ ਦੀ ਪਤਨੀ ਗੁਰਮੇਲ ਕੌਰ, ਬੇਟਿਆਂ ਮਾਲਵਿੰਦਰ ਸਿੰਘ, ਰਾਜਵਿੰਦਰ ਸਿੰਘ ਅਤੇ ਉਹਨਾਂ ਦੀਆਂ ਨੂੰਹਾਂ ਦਾ ਹਮੇਸ਼ਾ ਯੋਗਦਾਨ ਰਿਹਾ ਹੈ ।ਲਾਭ ਸਿੰਘ ਛਾਜਲਾ ਨੇ ਸਭ ਦਾ ਧੰਨਵਾਦ ਕਰਦਿਆਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਹਾਲ ਦੀ ਉਸਾਰੀ ਲਈ ਪੰਜਾਹ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ । ਜਿਸ ਦੀ ਪਹਿਲੀ ਕਿਸ਼ਤ ਦੇ ਰੂਪ ਵਿੱਚ ਪੱਚੀ ਹਜ਼ਾਰ ਦਾ ਚੈੱਕ ਉਹਨਾਂ ਨੇ ਤਰਕਸ਼ੀਲ ਆਗੂ ਹੇਮ ਰਾਜ ਸਟੈਨੋ ਨੂੰ ਭੇਂਟ ਕੀਤਾ।



ਲੜੀ-1



ਕੁਦਰਤ ਦੇ ਭੇਤਾਂ ਦੀ ਗੱਲ

ਬ੍ਰਹਿਮੰਡ ਯਾਤਰਾ

ਡਾ. ਅਵਤਾਰ ਸਿੰਘ ਢੀਂਡਸਾ



ਦੋਸਤੋ, ਤੁਸੀਂ ਬੱਚੇ, ਜਵਾਨ, ਬੁੱਢੇ, ਔਰਤ ਜਾਂ ਮਰਦ ਕੁਝ ਵੀ ਹੋਵੋ.... ਬ੍ਰਹਿਮੰਡ ਯਾਤਰਾ ਉੱਪਰ ਚਾਲੇ ਪਾਉਣ ਤੋਂ ਪਹਿਲਾਂ ਸਾਡੇ ਵਿਚਕਾਰ ਜਾਣ ਪਹਿਚਾਣ ਬਹੁਤ ਜਰੂਰੀ ਹੈ। ਤੁਹਾਡੇ ਬਾਰੇ ਤਾਂ ਮੈਨੂੰ ਜਰੂਰ ਪਤਾ ਹੈ ਕਿ ਤੁਸੀਂ 'ਵਿਗਿਆਨਕ ਸੋਚ' ਦੇ ਧਾਰਨੀ ਤਾਂ ਹੋਵੋਂਗੇ ਹੀ... ਅਗਾਂਹਵਧੂ ਵਿਚਾਰਾਂ ਵਾਲੇ ਵੀ ਜਰੂਰ ਹੋਵੋਗੇ... ਪਰ ਇਸਦੇ ਉਲਟ ਜੇਕਰ ਤੁਸੀਂ ਵਹਿਮਾਂ-ਭਰਮਾਂ ਵਿੱਚ ਵੀ ਯਕੀਨ ਰੱਖਦੇ ਹੋ... ਜੋਤਸ਼ੀ ਤੋਂ ਪੁੱਛਿਆ ਵੀ ਲੈਂਦੇ ਹੋ ਤਾਂ ਕੋਈ ਗੱਲ ਨਹੀਂ... ਸਾਨੂੰ ਖੁਸ਼ੀ ਹੋਵੇਗੀ ਕਿ ਤੁਸੀਂ ਸਾਡੇ ਨਾਲ ਬ੍ਰਹਿਮੰਡ ਯਾਤਰਾ ਉੱਪਰ ਜਰੂਰ ਚੱਲੋ... ਸਾਡੇ ਸੰਗੀ ਸਾਥੀ ਬਣੋ। ਪ੍ਰੰਤੂ ਮੇਰਾ ਪੂਰਾ ਪਤਾ.... ਕਹੋ ਤਾਂ ਦੱਸ ਦੇਵਾਂ... ਲਓ ਫਿਰ ਸਭ ਤੋਂ ਪਹਿਲਾਂ ਮੈਂ ਆਪਣਾ ਪੂਰਾ ਪਤਾ ਹੀ ਨੋਟ ਕਰਵਾ ਦੇਵਾਂ। ਮੇਰਾ ਪਤਾ ਹੈ .....

ਬੁਲਾਰਾ	"ਵਿਗਿਆਨਕ-ਸੋਚ ਦਾ ਧਾਰਨੀ"
ਵਾਸੀ	ਇੱਕ ਛੋਟਾ ਜਿਹਾ ਪਿੰਡ -- ਧਾਂਦਰਾ
ਡਾਕਖਾਨਾ	ਬਰੜਵਾਲ ਤਹਿਸੀਲ ਧੂਰੀ
ਜ਼ਿਲ੍ਹਾ	ਸੰਗਰੂਰ
ਰਾਜ	ਪੰਜਾਬ
ਦੇਸ਼	ਭਾਰਤ
ਮਹਾਂਦੀਪ	ਏਸ਼ੀਆ
ਗ੍ਰਹਿ	ਧਰਤੀ
ਮੰਡਲ	ਸੂਰਜ ਮੰਡਲ
ਗਲੈਕਸੀ	ਆਕਾਸ਼ ਗੰਗਾ
ਨੇੜੇ	ਐਂਡਰੋਮੈਡਾ ਬ੍ਰਹਿਮੰਡ ਗਲੈਕਸੀ

ਹੈਰਾਨ ਨਾ ਹੋਣਾ.... ਜੇਕਰ ਤੁਸੀਂ ਚਿੱਠੀ ਸੰਗਰੂਰ ਵਿੱਚੋਂ ਹੀ ਲਿਖੋਗੇ ਤਾਂ ਸੰਗਰੂਰ ਲਿਖਣ ਦੀ ਜਰੂਰਤ ਨਹੀਂ, ਚਿੱਠੀ ਮੇਰੇ ਪਿੰਡ ਪਹੁੰਚ ਹੀ ਜਾਵੇਗੀ। ਜੇਕਰ ਤੁਸੀਂ ਚਿੱਠੀ ਪੰਜਾਬ ਵਿੱਚੋਂ ਹੀ ਲਿਖੋਗੇ ਤਾਂ ਪੰਜਾਬ ਲਿਖਣ ਦੀ ਜਰੂਰਤ ਨਹੀਂ। ਜੇਕਰ ਚਿੱਠੀ ਭਾਰਤ ਦੇ ਕਿਸੇ ਹੋਰ ਸੂਬੇ ਤੋਂ ਲਿਖੋਗੇ ਤਾਂ ਪੰਜਾਬ ਲਿਖਣਾ ਹੀ ਪਵੇਗਾ... ਪਰੰਤੂ ਜੇਕਰ ਚਿੱਠੀ ਕਿਸੇ ਹੋਰ ਦੇਸ਼ ਵਿੱਚੋਂ ਲਿਖਣੀ ਹੋਵੇ ਤਾਂ ਭਾਰਤ ਲਿਖਣਾ ਪਵੇਗਾ... ਪਰ ਜੇਕਰ ਚਿੱਠੀ ਸੂਰਜ ਮੰਡਲ ਦੇ ਅੱਠਾਂ ਗ੍ਰਹਿਆਂ ਵਿੱਚੋਂ ਕਿਸੇ ਤੋਂ ਵੀ ਆਉਣੀ ਹੋਵੇ ਤਾਂ ਗ੍ਰਹਿ-ਧਰਤੀ ਜਰੂਰ ਲਿਖਣਾ ਪਵੇਗਾ।


ਇਉਂ ਹੀ ਜੇਕਰ ਸਾਡੇ ਰਿਸ਼ਤੇਦਾਰ ਕਿਸੇ ਹੋਰ ਗਲੈਕਸੀ ਤੋਂ ਚਿੱਠੀ ਲਿਖਣਗੇ ਤਾਂ ਸਾਡੇ ਪਤੇ ਵਿੱਚ ਸਾਡੀ ਗਲੈਕਸੀ ਦਾ ਨਾਮ ਆਕਾਸ਼ ਗੰਗਾ ਲਿਖਣਾ ਜ਼ਰੂਰੀ ਹੋਵੇਗਾ। ਨਹੀਂ ਤਾਂ ਸਾਡੀ ਚਿੱਠੀ ਬ੍ਰਹਿਮੰਡ ਦੀਆਂ ਹੋਰਨਾਂ ਗਲੈਕਸੀਆਂ ਵਿੱਚ ਹੀ ਘੁੰਮਦੀ ਰਹੇਗੀ। ਜਿਹਨਾਂ ਦੀ ਗਿਣਤੀ ਅਰਬਾਂ ਖਰਬਾਂ ਹੈ!!! ਅਤੇ ਸਾਡੀ ਉਮਰ ਤਾਂ ਸੌ ਕੁ ਸਾਲ ਦੇ ਵਿੱਚ-ਵਿੱਚ ਹੀ ਹੈ!! ਕਦੋਂ ਮਿਲੇਗੀ ਚਿੱਠੀ???

ਸਪੱਸ਼ਟ ਹੈ ਕਿ ਅਸੀਂ ਬ੍ਰਹਿਮੰਡ ਦੀ ਗਲੈਕਸੀ "ਆਕਾਸ਼ ਗੰਗਾ' ਵਿੱਚ ਸਥਿਤ ਸੂਰਜ ਮੰਡਲ ਦੇ ਗ੍ਰਹਿ ਧਰਤੀ ਦੇ ਵਸਨੀਕ ਹਾਂ। ਸਾਥੀਓ, ਜੇਕਰ ਤੁਹਾਡਾ ਦਿਲ ਭਾਰਤ ਦੇ ਸ਼ਿਮਲਾ, ਦਾਰਜੀਲਿੰਗ ਅਤੇ ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਘੁੰਮਣ ਨੂੰ ਕਰਦਾ ਹੈ ਤਾਂ ਅਸੀਂ ਸੋਚਿਆ ਕਿ ਅਸੀਂ ਤੁਹਾਨੂੰ ਸਾਡੇ ਗ੍ਰਹਿਆਂ, ਤਾਰਿਆਂ, ਗਲੈਕਸੀਆਂ ਆਦਿ ਉੱਪਰ ਵੀ ਘੁੰਮਾ ਕੇ ਲਿਆਈਏ।

ਚਲੋ ਚੱਲੀਏ : ਅਸੀਂ ਆਪਣੇ ਹਰੇ ਭਰੇ, ਜੀਵਨ ਭਰਪੂਰ ਗ੍ਰਹਿ ਧਰਤੀ ਤੋਂ ਆਪਣੀ ਯਾਤਰਾ ਦੀ ਦੋ ਦਿਸ਼ਾਵਾਂ ਵਿੱਚ ਵੰਡ ਕਰ ਸਕਦੇ ਹਾਂ। ਇੱਕ ਸੂਰਜ ਵੱਲ ਅਤੇ ਦੂਜੀ ਦਿਸ਼ਾ ਸੂਰਜੀ ਦਿਸ਼ਾ ਤੋਂ ਉੱਲਟ ਵੱਲ। ਚਲੋ, ਪਹਿਲਾਂ ਅਸੀਂ ਧਰਤੀ ਤੋਂ ਸੂਰਜ ਵੱਲ ਆਪਣੀ ਯਾਤਰਾ ਸ਼ੁਰੂ ਕਰਦੇ ਹਾਂ।

ਪਹਿਲੀ ਯਾਤਰਾ ਧਰਤੀ ਤੋਂ ਸੂਰਜ ਵੱਲ : ਯਾਤਰਾ ਉੱਪਰ ਜਾਣ ਲਈ ਸਾਨੂੰ ਇੱਕ ਰਾਕਟ ਦੀ ਵੀ ਲੋੜ ਪਵੇਗੀ। ਜਿਸਦੀ ਗਤੀ 12 ਕਿ.ਮੀ. ਪ੍ਰਤੀ ਸੈਕਿੰਡ ਹੋਣੀ ਚਾਹੀਦੀ ਹੈ, ਨਹੀਂ ਤਾਂ ਅਸੀਂ ਧਰਤੀ ਦੀ ਗੁਰੂਤਾ-ਖਿੱਚ ਤੋਂ ਬਾਹਰ ਨਹੀਂ ਜਾ ਸਕਾਂਗੇ। ਸੋ ਤਿਆਰ ਹੋ ਜਾਓ, ਆਪਣੇ ਕਲਪਨਾ ਰੂਪੀ ਸੋਚ ਦੇ ਰਾਕਟ ਉੱਪਰ ਸਵਾਰ ਹੋਣ ਲਈ।

ਧਰਤੀ ਦਾ ਵਾਯੂਮੰਡਲ (ਗੈਸੀ ਗਿਲਾਫ਼) : ਅਸੀਂ ਜਿਉਂ ਹੀ ਧਰਤੀ ਦੇ ਤਲ ਤੋਂ ਉੱਪਰ ਉੱਠਦੇ ਜਾਵਾਂਗੇ ਤਾਂ ਠੰਢ ਵਧਦੀ ਜਾਵੇਗੀ ਅਤੇ ਇਹ ਠੰਢ ਲੱਗਭੱਗ 12 ਕਿਲੋਮੀਟਰ ਤੱਕ ਵਧਦੀ ਹੀ




ਜਾਵੇਗੀ। ਹਰ ਕਿਲੋਮੀਟਰ ਤੋਂ ਬਾਅਦ ਤਾਪਮਾਨ 6.5° ਸੈਲਸੀਅਸ ਘਟਦਾ ਜਾਂਦਾ ਹੈ। ਪ੍ਰੰਤੂ 12 ਕਿਲੋਮੀਟਰ ਤੋਂ ਘਟਣਾ ਬੰਦ ਹੋ ਜਾਂਦਾ ਹੈ। ਬੱਦਲ ਵੀ ਇੱਥੋਂ ਤੱਕ ਹੀ ਬਣਦੇ ਹਨ। ਮੀਂਹ, ਹਨੇਰੀ, ਤੂਫਾਨ ਅਤੇ ਝੱਖੜ ਆਦਿ ਸਾਰੇ ਇੱਥੋਂ ਤੱਕ ਹੀ ਸੀਮਤ ਹਨ। ਵਾਯੂਮੰਡਲ ਦੀ ਇਸ ਪੱਟੀ ਨੂੰ ਅਸ਼ਾਂਤ ਮੰਡਲ (ਟਰੋਪੋਸਫੀਅਰ) ਕਿਹਾ ਜਾਂਦਾ ਹੈ।

ਜਿਉਂ ਜਿਉਂ ਅਸੀਂ ਉੱਪਰ ਉੱਠਦੇ ਜਾਵਾਂਗੇ ਤਿਉਂ ਤਿਉਂ ਅਸਮਾਨ ਵੀ ਆਪਣਾ ਰੰਗ ਬਦਲੇਗਾ। ਸਭ ਤੋਂ ਪਹਿਲਾਂ ਉੱਪਰ ਉੱਠਦੇ ਹੋਏ ਸਾਨੂੰ ਵੈਂਗਣੀ ਰੰਗ ਚਾਰੇ ਪਾਸੇ ਵਿਖਾਈ ਦੇਵੇਗਾ। ਫਿਰ ਚਮਕਦਾਰ ਨੀਲੇ ਤੋਂ ਆਸਮਾਨੀ ਨੀਲਾ ਰੰਗ ਬਦਲੇਗਾ। ਹੋਰ ਉੱਪਰ ਜਾਣ ਤੇ ਸਭ ਪਾਸੇ ਹਰਾ ਹੀ ਹਰਾ ਰੰਗ ਦਿਖੇਗਾ। ਇਹ ਰੰਗ ਪੀਲਾ, ਸੰਤਰੀ ਅਤੇ ਅਖੀਰ ਵਿੱਚ ਲਾਲ ਰੰਗ ਵਿੱਚ ਬਦਲ ਜਾਵੇਗਾ। ਤੁਸੀਂ ਜ਼ਰੂਰ ਜਾਨਣਾ ਚਾਹੋਗੇ ਕਿ ਇਹ ਰੰਗਾਂ ਦਾ ਕੀ ਕਾਰਨ ਹੈ?? ਦੋਸਤੋ, ਇਹ ਉਹ ਰੰਗ ਜਿੰਨ੍ਹਾਂ ਤੋਂ ਮਿਲ ਕੇ ਸੂਰਜ ਦੀ ਰੋਸ਼ਨੀ ਬਣੀ ਹੋਈ ਹੈ। ਇਹਨਾਂ ਸੱਤ (7) ਰੰਗਾਂ ਬਾਰੇ ਜਾਣਕਾਰੀ ਸਭ ਤੋਂ ਪਹਿਲਾਂ ਨਿਊਟਨ ਨੇ ਦਿੱਤੀ ਸੀ, ਪਰੰਤੂ ਧਰਤੀ ਉਪਰੋਂ ਤਾਂ ਅਸਮਾਨ ਸਿਰਫ਼ ਨੀਲੇ ਰੰਗ ਦਾ ਨਜ਼ਰ ਆਉਂਦਾ ਹੈ, ਇਸਦਾ ਕਾਰਨ? ...ਕਾਰਨ ਇਹ ਹੈ ਕਿ ਸਾਰੇ ਸੱਤ ਰੰਗਾਂ ਵਿੱਚੋਂ ਨੀਲਾ ਰੰਗ ਸਭ ਤੋਂ ਜਿਆਦਾ ਬਿਖਰਦਾ ਹੈ, ਇਸ ਲਈ ਅਸਮਾਨ ਨੀਲਾ ਨਜ਼ਰ ਆਉਂਦਾ ਹੈ। ਅਸਾਂਤ ਮੰਡਲ ਵਿੱਚ ਆਕਸੀਜਨ 21 ਪ੍ਰਤੀਸ਼ਤ ਅਤੇ ਨਾਈਟਰੋਜਨ 78%, ਕਾਰਬਨ 0.03 ਪ੍ਰਤੀਸ਼ਤ ਅਤੇ ਬਾਕੀ ਹੋਰ ਗੈਸਾਂ ਮੌਜੂਦ ਹਨ। ਪਾਣੀ ਦੇ ਵਾਸ਼ਪ ਤੇ ਬਰਫ਼ ਦੇ ਬਹੁਤ ਛੋਟੇ ਕ੍ਰਿਸਟਲ, ਸੂਰਜ ਦੀ ਰੋਸ਼ਨੀ ਨੂੰ ਉਪਰੋਕਤ ਸੱਤ ਰੰਗਾਂ ਵਿੱਚ ਵੰਡ ਦਿੰਦੇ ਹਨ।

ਸਾਡੇ ਪਹਾੜਾਂ ਦੀਆਂ ਚੋਟੀਆਂ ਵਿੱਚ ਸਭ ਤੋਂ ਉੱਚੀ ਐਵਰੈਸਟ ਚੋਟੀ ਵੀ 8 ਕਿਲੋਮੀਟਰ 848 ਮੀਟਰ ਹੀ ਉੱਚੀ ਹੈ। ਇਸੇ ਕਾਰਨ ਇਹਨਾਂ ਪਹਾੜਾਂ ਉੱਪਰ ਹਮੇਸ਼ਾ ਬਰਫ਼ ਪੈਂਦੀ ਰਹਿੰਦੀ ਹੈ। ਪਾਇਲਟ ਹਵਾਈ ਜਹਾਜ਼ ਨੂੰ ਇਸ ਮੌਸਮ ਪੱਟੀ ਤੋਂ ਉੱਪਰ ਉਡਾਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਕਿ ਹਨੇਰੀ, ਝੱਖੜ ਨਾਲ, ਜੈੱਟ ਜਹਾਜ਼ਾਂ ਨੂੰ ਅਤੇ ਮੁਸਾਫਰਾਂ ਨੂੰ ਕਿਸੇ ਦੁਰਘਟਨਾ ਦਾ ਸਾਹਮਣਾ ਨਾ ਕਰਨਾ ਪਵੇ।

ਬੱਸ 12 ਕਿਲੋਮੀਟਰ ਦੀ ਪੱਟੀ ਤੋਂ ਬਾਹਰ ਨਿਕਲਦੇ ਹੀ "ਸਟਰੈਟੋਸਫੀਅਰ" ਸ਼ੁਰੂ ਹੋ ਜਾਂਦਾ ਹੈ, ਜਿਸਨੂੰ ਸਮਤਾਪ ਮੰਡਲ ਕਿਹਾ ਜਾਂਦਾ ਹੈ ਕਿਉਂਕਿ ਇਸ ਵਿੱਚ ਹਵਾ ਇੱਕਦਮ ਸਿੱਧੀ ਚਲਦੀ ਹੈ, ਕੋਈ ਝੱਖੜ ਨਹੀਂ, ਕੋਈ ਤੂਫਾਨ ਨਹੀਂ, ਆਕਸੀਜਨ ਦੀ ਮਾਤਰਾ ਘਟਣੀ ਸ਼ੁਰੂ ਹੋ ਜਾਂਦੀ ਹੈ। ਤਾਪਮਾਨ ਮਨਫੀ 60 ਡਿਗਰੀ ਸੈਲਸੀਅਸ ਤੋਂ ਮਨਫੀ 18 ਡਿਗਰੀ ਸੈਲਸੀਅਸ ਤੱਕ ਰਹਿੰਦਾ ਹੈ। ਇਸ ਮੰਡਲ ਵਿੱਚ ਹੀ ਬਹੁਤ ਪਤਲੀ ਓਜ਼ੋਨ ਪੱਟੀ ਹੈ ਜੋ ਸੂਰਜ ਦੀਆਂ ਪਰਾ ਵੈਂਗਣੀ ਵਿਕਿਰਣਾਂ ਨੂੰ ਸੋਖ ਲੈਂਦੀ ਹੈ। ਪਰਾ ਵੈਂਗਣੀ ਵਿਕਿਰਣ ਚਮੜੀ ਦਾ ਕੈਂਸਰ ਕਰ ਦਿੰਦੇ ਹਨ। ਜੇਕਰ ਓਜ਼ੋਨ ਪੱਟੀ ਨਾ ਹੁੰਦੀ ਸ਼ਾਇਦ ਅੱਜ ਧਰਤੀ ਉੱਪਰ ਜੀਵਨ ਨਾ ਹੁੰਦਾ। ਦੋਸਤੋ, ਧਰਤੀ ਉੱਪਰ ਜੀਵਨ ਹੋਣ ਦੇ ਅਜਿਹੇ ਹੀ ਹੋਰ ਕਾਰਨ ਵੀ ਹਨ। ਜਿੰਨ੍ਹਾਂ ਬਾਰੇ ਆਪਾਂ ਨਾਲ ਨਾਲ ਵਿਆਖਿਆ ਕਰਦੇ ਰਹਾਂਗੇ। ਇਹ "ਸਟਰੈਟੋਸਫੀਅਰ" 12 ਕਿਲੋਮੀਟਰ ਤੋਂ ਲੈ ਕੇ ਲੱਗਭੱਗ 50 ਕਿ.ਮੀ. ਤੱਕ ਫੈਲਿਆ ਹੋਇਆ ਹੈ।



ਸਾਥੀਓ, ਸਾਵਧਾਨ! ਅਸੀਂ ਸਾਡੇ ਵਾਯੂਮੰਡਲ ਦੀ ਤੀਜੀ ਤਹਿ...... ਮੱਧ ਮੰਡਲ (ਮੀਜੋਸ਼ਫੀਅਰ) ਵਿੱਚ ਦਾਖਲ ਹੋ ਰਹੇ ਹਾਂ। ਇਹ 50 ਕਿ.ਮੀ. ਤੋਂ 85 ਕਿ.ਮਿ. ਤੱਕ ਫੈਲੀ ਹੋਈ ਹੈ, ਠੰਡ ਇੰਨ੍ਹੀ ਜਿਆਦਾ ਕਿ ਤਾਪਮਾਨ ਬਰਫ ਦੇ ਤਾਪਮਾਨ ਤੋਂ ਵੀ 90 ਡਿਗਰੀ ਸੈਲਸੀਅਸ ਘੱਟ ਭਾਵ ਨਫੀ 90 ਦਰਜੇ ਸੈਲਸੀਅਸ। ਜਿੰਨੇ ਵੀ ਉਲਕਾ ਪਿੰਡ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੁੰਦੇ ਹਨ ਤਾਂ ਇਹ ਮੀਜੋਸਫੀਅਰ ਵਿੱਚ ਹੀ ਜਲ ਕੇ ਰਾਖ ਹੋ ਜਾਂਦੇ ਹਨ। ਦੇਖੋ ਹੁਣ ਅਸਮਾਨ ਨੀਲਾ ਨਹੀਂ ਹੈ ਸਗੋਂ ਕਾਲਾ ਹੈ... ਕਿਉਂਕਿ ਇੱਥੇ ਹਵਾ ਬਹੁਤ ਪਤਲੀ ਹੈ, ਸਾਡੇ ਸਾਹ ਲੈਣ ਲਈ ਵੀ ਕਾਫੀ ਨਹੀਂ ਹੈ। ਆਸਮਾਨ ਕਾਲਾ ਹੋਣ ਸ਼ੁਰੂ ਹੋ ਗਿਆ। ਔਹ ਵੇਖੋ ਕੁੱਝ ਤਾਰੇ ਵੀ ਨਜ਼ਰ ਆਉਣ ਲੱਗ ਪਏ ਹਨ।

ਲਓ, ਸਾਡਾ ਰਾਕਟ ਹੁਣ ਵਾਯੂਮੰਡਲ ਦੀ ਅਗਲੀ ਪਰਤ ਯਾਨੀ ਕਿ ਤਾਪਮੰਡਲ (thermosphere) ਵਿੱਚ ਦਾਖਲ ਹੋ ਗਿਆ ਹੈ। ਚਾਰੇ ਪਾਸੇ ਹਲਕਾ ਹਨੇਰਾ ਹੈ। ਸੂਰਜ, ਚੰਦ ਅਤੇ ਤਾਰੇ ਹੀ ਨਜ਼ਰ ਆ ਰਹੇ ਹਨ। ਪ੍ਰੰਤੂ ਧਰਤੀ ਦਾ ਮਨਮੋਹਕ ਨਜ਼ਾਰਾ ਸਾਫ

ਨਜ਼ਰ ਆਉਂਦਾ ਹੈ। ਇਹ ਪਰਤ 85-90 ਕਿ.ਮੀ. ਤੋਂ ਲੈ ਕੇ 800-1000 ਕਿ.ਮੀ. ਤੱਕ ਫੈਲੀ ਹੋਈ ਹੈ। ਜਰਾ ਬਚ ਕੇ ਰਹਿਣਾ... ਮੀਜੋਸ਼ਫੀਅਰ ਤੋਂ ਉੱਲਟ ਇੱਥੇ ਤਾਪਮਾਨ ਬਹੁਤ ਜਿਆਦਾ ਹੈ। ਲੱਗਭੱਗ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ 200 ਦਰਜੇ ਸੈਲਸੀਅਸ ਤੋਂ ਵੀ ਵੱਧ ਦਾ ਫਰਕ ਆ ਜਾਂਦਾ ਹੈ। ਤਾਪ ਮੰਡਲ ਦੇ ਉਪਰਲੇ ਪਾਸੇ ਤਾਪਮਾਨ 500 ਦਰਜੇ ਸੈਲਸੀਅਸ ਤੋਂ 1000 ਦਰਜੇ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਇੱਥੇ ਕੋਈ ਵੀ ਪ੍ਰਾਣੀ ਜਿਉਂਦਾ ਨਹੀਂ ਰਹਿ ਸਕਦਾ।

ਤਾਪ ਮੰਡਲ ਦੀ ਬਾਹਰੀ ਤਹਿ ਆਇਨਸਟੋਪੱਟੀ ਅਖਵਾਉਂਦੀ ਹੈ। ਇੱਥੇ ਗੈਸਾਂ ਦੇ ਅਣੂਆਂ ਵਿੱਚੋਂ ਇਲੈਕਟ੍ਰਾਨ ਟੁੱਟ ਜਾਂਦੇ ਹਨ ਅਤੇ ਉਹ ਆਇਨ ਬਣ ਜਾਂਦੇ ਹਨ। ਇਹਨਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਹੁਣ ਤਾਪਮਾਨ ਹੋਰ ਵਧਣਾ ਸ਼ੁਰੂ ਹੋ ਜਾਂਦਾ ਹੈ। ਇੱਥੇ ਆਪ ਜੀ ਨੂੰ ਇਸ ਤਾਪਮਾਨ ਦੇ ਵਾਧੇ ਨਾਲ ਜੁੜੀ ਇੱਕ ਮੰਦਭਾਗੀ ਘਟਨਾ ਬਾਰੇ ਵੀ ਯਾਦ ਕਰਵਾ ਦੇਵਾਂ। ਕਲਪਨਾ ਚਾਵਲਾ (ਪੁਲਾੜ ਯਾਤਰੀ) ਵਾਲੀ 'ਸਟਲ' ਜਦੋਂ ਧਰਤੀ ਦੀਆਂ ਇਹਨਾਂ ਪੱਟੀਆਂ ਵਿੱਚ ਦਾਖਲ ਹੋਈ ਸੀ ਤਾਂ ਇਸ ਤਾਪਮਾਨ ਦੇ ਵਾਧੇ ਅਤੇ ਵਾਯੂਮੰਡਲੀ ਕਣਾਂ ਨਾਲ ਰਗੜ ਤੋਂ ਪੈਦਾ ਹੋਏ ਹਜ਼ਾਰਾਂ ਡਿਗਰੀ ਤਾਪਮਾਨ ਨੇ 'ਸ਼ਟਲ' ਨੂੰ ਟੁਕੜਿਆਂ ਵਿੱਚ ਵੰਡ ਦਿੱਤਾ ਸੀ ਅਤੇ 6 ਪੁਲਾੜ ਯਾਤਰੀ (ਸਮੇਤ ਕਲਪਨਾ ਚਾਵਲਾ) ਸਾਡੇ ਤੋਂ ਸਦਾ ਲਈ ਵਿੱਛੜ ਗਏ, ਕਿਉਂਕਿ 'ਸ਼ਟਲ' ਦੀਆਂ ਬਾਹਰੀ ਗਰਮੀ ਰੋਧਕ ਪਲੇਟਾਂ ਵਿੱਚ ਤ੍ਰੇੜਾਂ ਆ ਗਈਆਂ ਸਨ।

ਤੁਸੀਂ ਪੁੱਛੋਗੇ ਕਿ ਕੀ 'ਇਹਨਾਂ ਵਾਯੂਮੰਡਲੀ ਪੱਟੀਆਂ ਦਾ ਸਾਨੂੰ ਕੋਈ ਫਾਇਦਾ ਵੀ ਹੈ?' ਹਾਂ, ਹਾਂ ਬਹੁਤ ਫਾਇਦਾ ਹੈ। ਪੁਲਾੜ ਵਿੱਚ ਘੁੰਮਦੇ ਛੋਟੇ-ਵੱਡੇ ਪੁਲਾੜੀ ਪੱਥਰ ਦੇ ਟੁਕੜੇ ਜਦੋਂ ਧਰਤੀ ਦੀ ਗੁਰੂਤਾ ਖਿੱਚ ਵਿੱਚ ਆ ਜਾਂਦੇ ਹਨ ਤਾਂ ਇਹ ਇਹਨਾਂ ਪਰਤਾਂ ਵਿੱਚ ਹੀ ਸੜਕੇ ਸੁਆਹ ਹੋ ਜਾਂਦੇ ਹਨ। ਨਹੀਂ ਤਾਂ ਇਹ ਧਰਤੀ ਉੱਪਰ ਡਿੱਗ ਕੇ ਜੀਵ, ਜੰਤੂਆਂ, ਇਮਾਰਤਾਂ ਅਤੇ ਹਵਾਈ ਜਹਾਜ਼ਾਂ ਦਾ ਬਹੁਤ ਨੁਕਸਾਨ ਕਰ ਦੇਣ। ਪਤਾ ਹੈ, ਇਹਨਾਂ ਬਲਦੇ ਅਤੇ ਡਿਗਦੇ ਪੱਥਰ ਦੇ ਟੁਕੜਿਆਂ ਨੂੰ ਅਸੀਂ "ਟੁੱਟਦੇ ਤਾਰੇ" ਕਹਿੰਦੇ ਹਾਂ। ਇਹ ਤਾਰੇ ਨਹੀਂ ਸਗੋਂ 'ਉਲਕਾ ਪਿੰਡ' (meteor) ਹੁੰਦੇ ਹਨ। "ਆਈਨੋਸੀਫੀਅਰ" ਦੀ ਆਇਨੀ-ਪੱਟੀ ਬੜਾ ਰੋਚਕ ਕੰਮ ਕਰਦੀ ਹੈ। ਦੁਨੀਆਂ ਭਰ ਦੇ ਟਰਾਂਜਿਸਟਰ ਰੇਡੀਓ ਦੇ ਪ੍ਰੋਗਰਾਮਾਂ ਨੂੰ ਸਾਰੀ ਧਰਤੀ ਤੇ ਆਲੇ ਦੁਆਲੇ ਘੁੰਮਾਉਣ ਵਿੱਚ ਮਦਦ ਕਰਦੀ ਹੈ। ਇਸੇ ਲਈ ਤਾਂ ਰੇਡੀਓ ਪ੍ਰੋਗਰਾਮ ਸੁਣਨ ਲਈ ਸਾਨੂੰ ਕਿਸੇ ਵੀ ਤਰ੍ਹਾਂ ਦੇ ਐਂਟੀਨੇ ਦੀ ਲੋੜ ਨਹੀਂ ਪੈਂਦੀ। ਭਾਵ ਕਿ ਇਹ ਪਰਤ ਰੇਡੀਓ ਕਿਰਣਾਂ ਨੂੰ ਬਾਹਰ ਪੁਲਾੜ ਵਿੱਚ ਜਾਣ ਤੋਂ ਰੋਕ ਦਿੰਦੀ ਹੈ।



ਆਇਨੀ ਪਰਤ ਤੋਂ ਬਾਹਰ ਨਿਕਲਦੇ ਹੀ, ਚਾਰੇ ਪਾਸੇ ਰਾਤ ਵਰਗਾ ਕਾਲਾ ਹਨੇਰਾ ਨਜ਼ਰ ਆਵੇਗਾ। ਇਸ ਨੂੰ ਪੁਲਾੜ ਕਹਿੰਦੇ ਹਨ। ਇੱਥੇ ਹਵਾ ਵੀ ਨਹੀਂ ਹੁੰਦੀ। ਹਾਂ ਇੱਕ ਪੁਲਾੜੀ ਪਦਾਰਥ 'ਈਥਰ' ਹੁੰਦਾ ਹੈ ਜਿਸਦਾ ਵਿਸ਼ੇਸ਼ ਪ੍ਰਭਾਵ ਹਾਲੇ ਤੱਕ ਪੂਰੀ ਤਰ੍ਹਾਂ ਗਿਆਤ ਨਹੀ. ਹੈ। ਪਰ ਇਹ ਜੀਵਾਂ ਦੇ ਜਿਉਂਦੇ ਰਹਿਣ ਲਈ ਤਾਂ ਕਿਸੇ ਤਰ੍ਹਾਂ ਵੀ ਸਹਾਇਕ ਨਹੀਂ ਹੈ। ਤਾਰਿਆਂ ਦੀ ਗਿਣਤੀ ਤਾਂ ਧਰਤੀ ਤੋਂ ਨਜ਼ਰ ਆਉਣ ਵਾਲੇ ਤਾਰਿਆਂ ਦੀ ਗਿਣਤੀ ਤੋਂ ਕਈ ਗੁਣਾ ਜਿਆਦਾ ਹੋ ਜਾਂਦੀ ਹੈ। ਕਿਉਂਕਿ ਪੁਲਾੜ ਵਿੱਚ ਪ੍ਰਦੂਸ਼ਨ ਨਹੀਂ ਹੈ। ਪਿੱਛੇ ਮੁੜ ਕੇ ਵੇਖੋ ਜਰਾ.... ਹੁਣ ਚੰਦ, ਤਾਰਿਆਂ ਦੇ ਨਾਲ ਨੀਲੀ ਭਾਅ ਮਾਰਦੀ ਸਾਡੀ ਗੋਲ ਧਰਤੀ ਵੀ ਨਜ਼ਰ ਆਉਣ ਲੱਗ ਜਾਵੇਗੀ।

ਜੋਤਿਸ਼ ਅਨੁਸਾਰ ਨੌ ਗ੍ਰਹਿ ਹਨ... ਸੂਰਜ, ਚੰਦ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤੀ, ਸ਼ਨੀ, ਰਾਹੂ ਅਤੇ ਕੇਤੂ। ਪਰ ਜੇਕਰ ਜੋਤਸ਼ੀਆਂ ਨੂੰ ਧਰਤੀ ਤੋਂ ਬਾਹਰ ਨਿਕਲਕੇ ਪੁਲਾੜ ਵਿੱਚੋਂ ਅਕਾਸ਼ ਵਿਖਾਈਏ ਤਾਂ ਉਹ ਇਕ ਹੋਰ ਨੀਲੇ ਰੰਗ ਦੇ ਗ੍ਰਹਿ ਨੂੰ ਵੇਖਕੇ ਹੱਕੇ ਬੱਕੇ ਰਹਿ ਜਾਣਗੇ ਕਿ ਇਹ ਦਸਵਾਂ ਗ੍ਰਹਿ ਕਿੱਥੋਂ ਆ ਗਿਆ। ਦੋਸਤੋ ਸਾਡੀ ਧਰਤੀ ਵੀ ਸੂਰਜ ਦੁਆਲੇ ਘੁੰਮਦਾ ਇੱਕ ਗ੍ਰਹਿ ਹੀ ਹੈ ਜਿਸਨੂੰ ਅਸੀਂ ਸਤਿਕਾਰ ਵਜੋਂ ਧਰਤੀ ਮਾਂ ਵੀ ਕਹਿੰਦੇ ਹਾਂ। ਇਸਨੇ ਸਾਨੂੰ ਜੀਵਨ ਦਿੱਤਾ ਹੈ, ਸਾਨੂੰ ਇਸ ਤੋਂ ਡਰ ਨਹੀਂ ਲੱਗਦਾ ਤਾਂ ਫਿਰ ਅਸੀਂ ਬਾਕੀ ਦੇ ਗ੍ਰਹਿਆਂ ਤੋਂ ਕਿਉਂ ਡਰੀਏ!!? ਇੱਥੇ ਅਸੀਂ ਜੋਤਿਸ਼ ਦਾ ਇਹ ਭਾਂਡਾ ਵੀ ਭੰਨ ਦੇਈਏ ਕਿ ਸੂਰਜ ਅਤੇ ਚੰਦ ਗ੍ਰਹਿ ਨਹੀਂ ਹਨ। ਰਾਹੂ ਕੇਤੂ ਕੋਈ ਵੀ ਸਥੂਲ ਗ੍ਰਹਿ ਨਹੀਂ ਹਨ। ਸਥੂਲ ਭਾਵ ਅਸੀਂ ਇਹਨਾਂ ਨੂੰ ਨਾ ਵੇਖ ਸਕਦੇ ਹਾਂ, ਨਾ ਇਹਨਾਂ ਉੱਪਰ ਤੁਰ ਫਿਰ ਸਕਦੇ ਹਾਂ। ਨਾ ਫੋਟੋ ਖਿੱਚ ਸਕਦੇ ਹਾਂ। ਸੱਚ ਮੰਨੋਂ ਇਹ ਤਾਂ ਮਨੁੱਖ ਦੀ ਕਲਪਨਾ ਦੇ ਹੀ ਰਚੇ ਹੋਏ ਗ੍ਰਹਿ ਹਨ ਜਿਹਨਾਂ ਦੀ ਕੋਈ ਹੋਂਦ ਹੀ ਨਹੀਂ ਹੈ, ਫਿਰ ਇਹ ਸਾਡਾ ਵਿਗਾੜ ਵੀ ਕੀ ਸਕਦੇ ਹਨ?? ਪ੍ਰੰਤੂ ਇਹ ਰਾਹੂ ਕੇਤੂ ਧਰਤੀ ਦੁਆਲੇ ਚੰਦ ਦੇ ਚੱਕਰ ਪਥ ਉਪਰ ਸਿਰਫ ਦੋ ਬਿੰਦੂ ਤਾਂ ਹੋ ਸਕਦੇ ਹਨ ਜਿਹਨਾਂ ਉੱਪਰ ਚੰਨ ਦੇ ਹੋਣ ਸਮੇਂ ਕਦੇ ਸੂਰਜ ਗ੍ਰਹਿਣ ਜਾਂ ਕਦੇ ਚੰਨ ਗ੍ਰਹਿਣ ਲੱਗਦੇ ਹਨ। ਜੋਤਿਸ਼ੀਆਂ ਨੂੰ ਸਮਝਾਉਣਾ ਤਾਂ ਔਖਾ ਹੈ... ਪਰ ਤੁਸੀਂ ਤਾਂ ਮੇਰੇ ਨਾਲ ਹੋ ਹੀ... ਸੋ ਸਾਨੂੰ ਹੋਰ ਕਿਸੇ ਦੀ ਪਰਵਾਹ ਨਹੀਂ। ਚਲੋ ਅੱਗੇ ਵਧੀਏ... ਔਹ ਸਾਡੇ ਨੇੜੇ ਦੇ ਗੁਆਂਢੀ.... ਚੰਨ ਵੱਲ....

(ਚਲਦਾ)

94634-89789

ਮੈਂ ਸੂਰਜ ਨਹੀਂ ਜੋ ਹਰ ਸ਼ਾਮ ਢਲਦਾ ਹਾਂ

ਬਦ ਕਿਰਦਾਰ ਬਾਬੇ



ਕਾਤਲ, ਬਲਾਤਕਾਰੀ ਦੋਸ਼ੀ ਨੇ ਕਾਨੂੰਨ ਦੇ,
ਤਾਂਹਵੀ ਹੋਵਦੇ ਨਾ ਭੋਰਾ, ਸ਼ਰਮਸਾਰ ਬਾਬੇ।
ਅਦਾਲਤੀ ਕਟਹਿਰਿਆਂ 'ਚ ਦੋਸ਼ੀ ਬਣ ਖੜ ਜਾਂਦੇ,
ਅਖਬਾਰਾਂ ਦੀਆਂ ਸੁਰਖੀਆਂ ਦਾ ਸ਼ਿੰਗਾਰ ਬਾਬੇ।
ਗਿਆਨ ਤੋਂ ਵਿਹੂਣੀਆਂ ਜੋ ਲਾਈ ਲੱਗ ਭੀੜਾਂ,
ਵਰਤਦੇ ਉਹਨਾਂ ਨੂੰ ਹਰ ਵਾਰ ਬਾਬੇ।
ਆਪਣੇ ਹੀ ਨਾਮ ਦੀਆਂ ਟੱਲੀਆਂ ਪਵਾਕੇ ਗਲੀਂ
ਸੰਗਤਾਂ ਨੂੰ ਰਹੇ ਭੇਡਾਂ ਵਾਂਗ ਚਾਰ ਬਾਬੇ।
ਤਰਕਸ਼ੀਲ ਲਹਿਰ ਨੇ ਮਖੌਟੇ ਸਾਰੇ ਲਾਹਤੇ,
'ਬੇਨਕਾਬ' ਕੀਤੇ ਬਦ-ਕਿਰਦਾਰ ਬਾਬੇ।

ਰਾਮ ਸਿੰਘ ਨਿਰਮਾਣ ਚੁੱਘੇ ਕਲਾਂ, (94173-20864)

ਨਾਸਤਿਕਤਾ ਮਨੁੱਖ ਦੇ ਲਈ ਕੋਈ ਸੌਖੀ ਸਥਿਤੀ ਨਹੀਂ ਹੈ। ਕੋਈ ਵੀ ਮੂਰਖ ਆਪਣੇ ਆਪ ਨੂੰ ਆਸਤਿਕ ਕਹਿ ਸਕਦਾ ਹੈ। ਰੱਬ ਦੀ ਸੱਤਾ ਮੰਨਣ ਵਿੱਚ ਭੋਰਾ ਵੀ ਅਕਲ ਦੀ ਲੋੜ ਨਹੀਂ ਪੈਂਦੀ। ਪ੍ਰੰਤੂ ਨਾਸਤਿਕਤਾ ਦੇ ਲਈ ਵੱਡੇ ਹੌਂਸਲੇ ਅਤੇ ਦ੍ਰਿੜ ਵਿਸਵਾਸ਼ ਦੀ ਜ਼ਰੂਰਤ ਹੁੰਦੀ ਹੈ। ਇਹ ਸਥਿਤੀ ਉਹਨਾਂ ਲੋਕਾਂ ਲਈ ਸੰਭਵ ਹੈ ਜਿਨ੍ਹਾਂ ਕੋਲ ਤਰਕ ਅਤੇ ਬੁੱਧੀ ਦੀ ਸ਼ਕਤੀ ਹੁੰਦੀ ਹੈ।

– ਪੈਰੀਅਰ ਰਾਮਾਸਵਾਮੀ

ਮੁੰਡਾ ਕੰਨਾਂ 'ਚ ਪਲੱਗ ਡਾਈ ਰੱਖਦਾ
ਚੰਡੀਗੜ੍ਹੋਂ ਆਇਆ ਪੜ੍ਹ ਕੇ

ਜਫਰਨਾਮਾ ਤਾਂ ਉਨ੍ਹਾਂ ਨੂੰ ਚੰਗਾ ਲਗਦੈ
ਕਲਮਾਂ ਦੇ ਕਾਤਲ ਬਣੈ **ਜਗਸੀਰ ਜੀਦਾ**

ਡੇਰੇ ਬਾਬਿਆਂ ਦੇ !

ਸੇਵਾ ਖੂਬ ਕਮਾਉਂਦੇ, ਡੇਰੇ ਬਾਬਿਆਂ ਦੇ
ਭੰਬਲਭੂਸੇ ਪਾਉਂਦੇ, ਡੇਰੇ ਬਾਬਿਆਂ ਦੇ !
ਆਪੋ ਆਪਣੀ ਮਰਿਆਦਾ ਤੇ ਚਾਲਾਂ ਨੇ,
ਆਪਣੇ ਡੇਰੇ, ਨਾਮ-ਸ਼ਬਦ, ਟਕਸਾਲਾਂ ਨੇ,
ਚਿਮਟਿਆਂ ਦੀ ਗੜਗੱਜ, ਢੋਲ ਖੜਤਾਲਾਂ ਨੇ,
ਆਪਣੇ ਨਾਮ ਜਪਾਉਂਦੇ, ਡੇਰੇ ਬਾਬਿਆਂ ਦੇ।
ਓਟ ਗੁਰੂ ਦੀ ਪਰ ਆਪਣੀ ਮੁਖਤਿਆਰੀ ਏ,
ਡੇਰੇ ਦੀ ਹਰ ਚੀਜ਼ ਉੱਤੇ ਸਰਦਾਰੀ ਏ,
ਆਪਣੇ ਨਿਯਮ-ਕਾਨੂੰਨ ਅਜਰਾਏਦਾਰੀ ਏ,
ਉਂਜ ਨਿਰਲੇਪ ਕਹਾਉਂਦੇ, ਡੇਰੇ ਬਾਬਿਆਂ ਦੇ।
ਮਹਿਲ ਸਰੀਖ਼ੇ ਭੋਰੇ ਮਹਿੰਗੀਆਂ ਕਾਰਾਂ ਨੇ,
ਚਰਨ ਘੁੱਟਣ ਲਈ ਭਰ ਜੋਬਨ ਮੁਟਿਆਰਾਂ ਨੇ,
ਸੰਤ ਭੇਸ ਵਿੱਚ ਗੁੰਡੇ ਕਈ ਹਜ਼ਾਰਾਂ ਨੇ,
ਦਹਿਸ਼ਤ ਜਿਹੀ ਫੈਲਾਉਂਦੇ, ਡੇਰੇ ਬਾਬਿਆਂ ਦੇ।
ਨਾਲ ਨੇਤਾਵਾਂ ਅੰਦਰੋਂ ਸਾਂਝ ਪੁਰਾਣੀ ਏ,
ਇੱਥੇ ਸੱਭ ਦੀ ਗੁੱਪ ਚੁੱਪ ਆਉਣੀ ਜਾਣੀ ਏ,
ਵੋਟਾਂ ਵਿੱਚ ਜੋ ਬੇੜੀ ਪਾਰ ਪੁਚਾਣੀ ਏ,
ਸਰਕਾਰਾਂ ਬਣਵਾਉਂਦੇ, ਡੇਰੇ ਬਾਬਿਆਂ ਦੇ।



ਜਿੰਨੇ ਸ਼ਹਿਰ ਪੰਜਾਬ 'ਚ ਉਨੇ ਡੇਰੇ ਨੇ,
ਰੰਗ ਬਿਰੰਗੇ ਫਿਰਦੇ ਸਾਧ ਬਥੇਰੇ ਨੇ,
ਤਾਂ ਵੀ ਲੋਕੀ ਦੁੱਖ ਦਰਦਾਂ ਕਿਉਂ ਘੇਰੇ ਨੇ,
ਕੀ ਨੇ ਖੁਸ਼ੀਆਂ ਲਿਆਉਂਦੇ, ਡੇਰੇ ਬਾਬਿਆਂ ਦੇ।
ਧੀਆਂ ਤੇ ਮਜ਼ਲੂਮ ਉਵੇਂ ਦੁਖਿਆਰੇ ਨੇ,
ਗ਼ੁਰਬਤ ਬੇਰੁਜ਼ਗਾਰੀ ਦੁਖੜੇ ਭਾਰੇ ਨੇ,
ਕਿਸ ਕੰਮ ਦੇ ਜਗਦੀਸ਼ ! ਇਹ ਢੋਂਗੀ ਲਾਰੇ ਨੇ,
ਕੀ ਨੇ ਦਰਦ ਵੰਡਾਉਂਦੇ, ਡੇਰੇ ਬਾਬਿਆਂ ਦੇ??

– ਜਗਦੀਸ਼ ਬਹਾਦਰਪੁਰੀ, 98882-38855

ਮੈਂ ਨਿੱਕਾ ਦੀਵਾ, ਪਰ ਲਗਾਤਾਰ ਬਲਦਾ ਹਾਂ

ਕੁਲਵਿੰਦਰ

ਕਿਰਤੀ ਦੇ ਨਾਂ

ਤੇਰੇ ਕੰਮ ਵੱਡੇ ਪਰ ਸੋਚ ਨਾਹੀ
ਛੱਡ ਕਿਸਮਤਾਂ-ਕਰਮਾਂ ਜਿਹੇ ਚੱਕਰਾਂ ਨੂੰ
ਏਥੇ ਪੂਜਣ ਦੇ ਯੋਗ ਤਾਂ ਤੂੰ ਹੀ ਹੈਂ
ਕਾਹਤੋਂ ਪੂਜਦਾ ਫਿਰੇਂ ਐਵੇਂ ਪੱਥਰਾਂ ਨੂੰ
ਜੇ ਤੂੰ ਜ਼ਿੰਦਗੀ 'ਚ ਚਾਹੁਨੈਂ ਖੁਸ਼ਹਾਲੀਆਂ, ਸੋਚ ਰੁਸ਼ਨਾਉਣੀ ਪਊਗੀ

ਛਾਈ ਅੰਧ ਵਿਸਵਾਸ਼ਾਂ ਦੀ ਦਿਮਾਗਾਂ ਤੇ ਧੁੰਦ, ਉਹ ਮਿਟਾਉਣੀ ਪਊਗੀ
ਤੂੰ ਹੈਂ ਤਾਂ ਦੁਨੀਆਂ ਹੈ ਤੂੰ ਨਹੀਂ ਤਾਂ ਕੁੱਝ ਨਈਂ
ਏਨਾ ਵੱਡਾ ਮੁੱਲ ਤੇਰਾ ਇਹ ਗੱਲ ਬੁੱਝ ਲਈਂ

ਤੈਨੂੰ ਦੁਨੀਆਂ ਦੀ ਹਰ ਇੱਕ ਸ਼ੈਅ ਤੇ ਮਾਲਕੀ ਜਤਾਉਣੀ ਪਊਗੀ
ਸੋਚ ਵਿਗਿਆਨ ਵਾਲੀ ਜੇ ਤੂੰ ਅਪਣਾ ਲਵੇਂ
ਫੋਕੇ ਜਿਹੇ ਵਹਿਮਾਂ ਕੋਲੋਂ ਖਹਿੜਾ ਜੇ ਛੁਡਾ ਲਵੇਂ

ਤੈਨੂੰ ਮੁੱਦਤਾਂ ਤੋਂ ਲੁੱਟ ਕੇ ਜੋ ਖਾ ਰਹੇ ਕਰਨੀ ਸੁਨਾਉਣੀ ਪਊਗੀ
ਹੱਥ ਨਾ ਹਿਲਾਵੇਂ ਜੇ ਤੂੰ ਕਿੱਥੋਂ ਆ ਜੂ ਮਾਲ ਉਏ
ਪੂਰੀਆਂ ਕਰੇਂਦਾ ਜੱਗ ਲੋੜਾਂ ਜੀਦੇ ਨਾਲ ਉਏ

ਤੈਨੂੰ ਤਰਸ ਦਾ ਜੋ ਪਾਤਰ ਬਣਾਵੇ ਸੋਚ ਉਹ ਮੁਕਾਉਣੀ ਪਊਗੀ
ਜ਼ਿੰਦਗੀ ਬੇਹਾਲ ਹੋਈ ਕਰਮਾਂ ਨੂੰ ਕੋਸਦੈਂ
ਕਿੱਥੇ ਹੈ ਅਸਲ ਜੜ ਜ਼ਰਾ ਵੀ ਨੀ ਸੋਚਦੈਂ

ਵੰਡ ਦੌਲਤਾਂ-ਖਜ਼ਾਨਿਆਂ ਦੀ ਰਲ ਕੇ ਮੁੱਢ ਤੋਂ ਕਰਾਉਣੀ ਪਊਗੀ
ਰੱਬ ਦਾ ਖਿਡੌਣਾ ਤੇਰੇ ਹੱਥ ਦਿੱਤਾ ਡਾਢਿਆਂ
ਏਸੇ ਖਾਤੇ ਪਾਈ ਜਾਨੈਂ ਕੁੱਲ ਘਾਟੇ ਵਾਧਿਆਂ
ਊਚ-ਨੀਚ ਵਾਲੇ ਯੱਭ ਨੂੰ ਮੁਕਾਉਣ ਲਈ ਹਿੰਮਤ ਜਗਾਉਣੀ ਪਊਗੀ

- ਗੁਰਮੇਲ ਭੁਟਾਲ, 94177-59042

ਕੂੜ ਫਿਰੇ ਪ੍ਰਧਾਨ ਵੇ ਲਾਲੋ

ਕੂੜ ਫਿਰੇ ਪ੍ਰਧਾਨ ਵੇ ਲਾਲੋ
ਕਿੰਨੀਆਂ ਸਦੀਆਂ ਬੀਤ ਗਈਆਂ ਨੇ

ਫਿਰ ਵੀ ਮੰਦੜੇ ਹਾਲ ਵੇ ਲਾਲੋ
ਆਖ ਰਹੀ ਸੀ ਲੀਡਰ ਮਾਈ, ਘਰ ਦੇ ਮਾਲਕ ਬਣ ਜਾਉ ਭਾਈ
ਲੰਡਨ ਦੇ ਵਿੱਚ ਵਾਹ-ਵਾਹ ਹੋਈ, ਕੁੱਟਣ ਲੱਗੇ ਢੋਲ ਕਸਾਈ
ਕਰਨ ਇਸ਼ਾਰੇ ਤਿੱਖੀਆਂ ਧਾਰਾਂ, ਕੋਹਣੇ ਯੂਨੀਅਨ ਲਾਲ ਵੇ ਲਾਲੋ
ਕੂੜ ਫਿਰੇ ਪ੍ਰਧਾਨ ਵੇ ਲਾਲੋ

ਕਿੰਨੀਆਂ ਸਦੀਆਂ ਬੀਤ ਗਈਆਂ ਬੀਤ ....
ਵੰਡ ਦੀ ਅੱਗ ਧੁਖਾਈ ਰੱਖਦੇ, ਥਾਂ ਥਾਂ ਜੰਗਾਂ ਲਾਈ ਰੱਖਦੇ
ਮੂੰਹੋਂ ਮਿੱਠੜੇ ਬੋਲ ਪਏ ਬੋਲਣ, ਸਦਾ ਹੀ ਰੱਤ ਵਹਾਈ ਰੱਖਦੇ
ਅਮਨਾਂ ਦੇ ਇਹ ਨਾਚ ਵਿਖਾਵੇ, ਅੱਖੀਂ ਘੱਟਾ ਚਾਲ ਵੇ ਲਾਲੋ

ਕਿੰਨੀਆਂ ਸਦੀਆਂ ਬੀਤ ਗਈਆਂ ਬੀਤ ....
ਬੈਂਕਰ ਖਾ ਗਏ ਬੈਂਕਾਂ ਲੁੱਟ ਕੇ, ਵਾੜ ਵੀ ਸਾਡੀ ਲੈ ਗਏ ਪੁੱਟ ਕੇ
ਕਰਜ਼ੇ ਹੇਠਾਂ ਸਾਨੂੰ ਦੱਬ ਕੇ, ਖੋਹਣ ਕਮਾਈਆਂ ਗਲ ਨੂੰ ਘੁੱਟ ਕੇ
ਆਗੂ ਸ਼ਾਹ ਨਾ ਟੈਕਸ ਭਰਦੇ ਹੋ ਗਏ ਮਾਲੋ ਮਾਲ ਵੇ ਲਾਲੋ

ਕਿੰਨੀਆਂ ਸਦੀਆਂ ਬੀਤ ਗਈਆਂ ਬੀਤ ....
ਟੈਲੀ ਤੇ ਨਿੱਤ ਬੋਲੇ ਬੋਲਣ, ਲਾਈ-ਲੱਗ ਨਾ ਸੱਚ ਫਰੋਲਣ
ਨੇਰ ਘਰਾਂ ਦੀ ਬੱਲੇ ਬੱਲੇ, ਚਾਨਣ ਨੂੰ ਸਦਾ ਘੱਟੇ ਰੋਲਣ
'ਖਰਲਵੀਰ' ਨਿੱਭ ਹੋਰ ਨਹੀਂ ਹੋਣਾ, ਆਪਣੀ ਕਿਰਤ ਸੰਭਾਲ ਵੇ ਲਾਲੋ
ਕੂੜ ਘਿਰੇ ਪ੍ਰਧਾਨ ਵੇ ਲਾਲੋ
ਕਿੰਨੀਆਂ ਸਦੀਆਂ ਬੀਤ ਗਈਆਂ ਨੇ
ਫਿਰ ਵੀ ਮੰਦੜੇ ਹਾਲ ਵੇ ਲਾਲੋ

- ਖਰਲਵੀਰ ਕੁਵੈਂਟਰੀ



ਨਸ਼ਤਰਾਂ


ਜਗਸੀਰ ਜੀਦਾ

ਜਨਮ ਕੁੰਡਲੀ ਬਣਾਈ ਅਸੀਂ ਸੋਹਣਿਆਂ
ਜਦੋਂ ਦੇ ਕੁੰਡੀ ਲਾਉਣਾ ਸਿੱਖ ਗੇ

ਅਸੀਂ ਕੱਟੀਆਂ ਰਿਕਾਰਡ ਤੋੜ ਜੇਲ੍ਹਾਂ
ਬਾਹਰ ਜਦੋਂ ਹੁੰਦਾ ਖਤਰਾ

ਪਿਛਲੇ ਅੰਕ ਤੋਂ ਅੱਗੇ
ਲੜੀਵਾਰ ਪੁਸਤਕ

ਭੱਜੋ ਨਾ, ਦੁਨੀਆਂ ਨੂੰ ਬਦਲੋ



ਰਾਹੁਲ ਸਾਂਕ੍ਰਿਤਆਇਨ

ਦੁਖਰਾਮ - ਐਮ.ਏ., ਬੀ.ਏ. ਦੀ ਕੀ ਗੱਲ ਕਰ ਰਹੇ ਓ ਭਰਾ ! ਸਾਡੀ ਬੁਧੂਆਂ ਦੀ ਮਾਈ ਨੂੰ ਨੀ ਦੇਖਿਆ, ਵਕੀਲ ਬਣ ਜਾਂਦੀ ਐ ਵਕੀਲ! ਮੂੰਹ 'ਚੋਂ ਗੱਲ ਨੀਂ ਨਿਕਲਣ ਦਿੰਦੀ । ਉਸਦੇ ਸਾਹਮਣੇ ਅਸੀਂ ਕੀ ਢੋਲ ਗਵਾਰ ਦੀ ਗੱਲ ਕਰ ਸਕਦੇ ਆਂ? ਤਾਂ ਫੇਰ ਮਾਂ-ਪਿਓ ਲਈ ਵੀ ਬੜੀ ਚਿੰਤਾ ਦੀ ਗੱਲ ਐ?

ਭਰਾ - ਦੁੱਖ ਐ ਦੁੱਖ, ਤੀਹ ਪੈਂਤੀ ਸਾਲ ਦੇ ਬਾਬੂ ਬੁੱਢੇ ਹੋ ਜਾਂਦੇ ਐਂ, ਇਹੀ ਤਾਂ ਸਾਰਾ ਚਿੰਤਾ ਦਾ ਕਾਰਨ ਐ। ਕੁੜੀਆਂ ਤਾਂ ਵਿਆਹੇ ਬਿਨਾਂ ਜਵਾਨੀ ਬਿਤਾਉਣ ਲਗਦੀਐਂ ਤੇ ਮੁੰਡਿਆਂ ਦਾ ਛੇਤੀ ਵਿਆਹ ਕਰਨ ਲਈ ਕੁੜੀ ਵਾਲੇ ਘੇਰਣ ਲਗਦੇ ਐਂ । ਪਿਓ ਨੂੰ ਵੈਸੇ ਈ ਗ੍ਰਹਿਸਤੀ ਚਲਾਉਣਾ ਮੁਸ਼ਕਿਲ ਐ, ਉਤੋਂ ਮੁੰਡੇ ਦੀ ਬਹੂ ਬਣ ਕੇ ਇੱਕ ਹੋਰ ਘਰੇ ਆ ਜਾਂਦੀ ਐ । ਬਸ ਸਾਲ ਭਰ ਬਾਅਦ 'ਚ ਘਰੇ ਨਵੇਂ-ਨਵੇਂ ਚਿਹਰੇ ਆਉਣ ਲਗਦੇ ਐ । ਜਿਨੇਂ ਮੂੰਹ ਸੀ ਉਹਨਾਂ ਦੇ ਖਾਣ ਦੇ ਲਾਲੇ ਪਏ ਸੀ । ਹੁਣ ਪੋਤਾ-ਪੋਤੀ ਹੋਰ ਵਧਣੇ ਸ਼ੁਰੂ ਹੋ ਗਏ । ਕੀ ਗੱਲ ਪੁੱਛਦੈਂ ਫਿਕਰ ਦੀ? ਹਰ ਵੇਲੇ ਮਨ ਪ੍ਰੇਸ਼ਾਨ ਰਹਿੰਦੈ, ਫੇਰ ਘਰ 'ਚ ਬਿਨਾਂ ਗੱਲੋਂ ਝਗੜਾ ਕਿਉਂ ਨਾ ਹੁੰਦਾ ਰਹੇ? ਪਤਨੀ ਮਰਦ ਨਾਲ ਲੜਦੀ ਐ, ਬਾਪ ਬੇਟੇ ਨਾਲ ਝਗੜਦਾ ਐ, ਤੇ ਸਾਰੇ ਆਪਸ 'ਚ ਲੜਦੇ ਐ । ਮਾਰਨਾ-ਕੁੱਟਣਾ, ਗਾਲੀ-ਗਲੋਚ ਦੀ ਗੱਲ ਨਾ ਪੁੱਛੋ । ਸਾਰਾ ਮੁਹੱਲਾ ਸੁਣਦੈ, ਕਿਸੇ ਦਾ ਸਿਰ ਪਾੜਿਆ, ਕਿਸੇ ਨੇ ਸੰਖੀਆਂ ਪੀ ਲਿਆ, ਤੇ ਜੇਲ੍ਹ ਦੀ ਵੀ ਹਵਾ ਖਾਣੀ ਪੈਂਦੀ ਹੈ । ਇਹ ਘਰ ਦੁੱਖਾਂ ਦਾ ਢੇਰ ਨਹੀਂ ਤਾਂ ਹੋਰ ਕੀ ਐ?

ਸੰਤੋਖੀ - ਹਾਂ ਭਰਾ ! ਮੇਰੇ ਵੀ ਸ਼ਹਿਰ 'ਚ ਕੁਝ ਰਿਸ਼ਤੇਦਾਰ ਐ । ਸਾਨੂੰ ਤਾਂ ਪਿੰਡ ਦੇ ਗਵਾਰ ਸਮਝ ਕੇ ਨੱਕ-ਮੂੰਹ ਵੱਟਦੇ ਐ, ਪਰ ਮੈਂ ਜਾਣਦਾ ਕਿ ਚੂਨਾ-ਕਲੀ ਕੀਤੇ ਉਹਨਾਂ ਦੇ ਘਰ, ਧੋਬੀ ਦੇ ਘਰੋਂ ਧੋ ਕੇ ਆਏ ਬਗਲਿਆਂ ਵਰਗੇ ਕੱਪੜਿਆਂ ਦੇ ਅੰਦਰ ਅੱਗ ਧੂ-ਧੂ ਕਰ ਕੇ ਮੱਚਦੀ ਐ, ਚਿੰਤਾ ਦੇ ਮਾਰੇ ਪ੍ਰੇਸ਼ਾਨ ਐਂ, ਵਪਾਰ ਮੰਦਾ ਐ, ਦਿਵਾਲੇ ਦਾ ਡਰ, ਸਿਰ 'ਤੇ ਮਹਾਜਨ, ਘਰੇ ਕੁੜੀ ਸਿਆਣੀ । ਕੀ ਕਰਨ ਵਿਚਾਰੇ, ਇਹੀ ਸੋਚਦੇ ਐ ਕਿ ਕਿਸਨੂੰ ਲੁੱਟੀਏ, ਕਿਸ ਨੂੰ ਮਾਰੀਏ।

ਭਰਾ - ਦੇਖਿਆ ਨਾ ਦੁਖ ਭਰਾ ! ਜੋ ਸਫੈਦ ਦਿਖਾਈ ਦਿੰਦੇ ਐ, ਉਸ ਦੇ ਅੰਦਰ ਵੀ ਢੋਲ ਦੀ ਪੋਲ ਐ । ਘਰ 'ਚ ਔਰਤ ਬੱਚੇ ਮਿਲ ਕੇ ਚਾਰ-ਪੰਜ ਜੀਅ ਤਾਂ ਹੋਣਗੇ ਈ ।

ਦੁਖਰਾਮ - ਬਾਲ-ਬੱਚੇ ਦੇਣਾ ਤਾਂ ਭਗਵਾਨ ਦੇ ਹੱਥ 'ਚ ਐ ।

ਭਰਾ - ਭਗਵਾਨ, ਭਗਵਾਨ ਕੁੱਝ ਨਹੀਂ । ਇੱਕ ਬੂੰਦ ਆਦਮੀ ਦੀ 'ਤੇ ਇੱਕ ਬੂੰਦ ਔਰਤ ਦੀ ਮਿਲਾ ਕੇ ਬੱਚਾ ਪੈਦਾ ਹੁੰਦਾ। ਅੱਜ-ਕੱਲ੍ਹ ਬਹੁਤ ਤਰੀਕੇ ਨਿਕਲ ਆਏ, ਜਿਹਨਾਂ ਨੂੰ ਵਰਤਣ ਨਾਲ ਦੋਹੇਂ ਬੂੰਦਾਂ ਮਿਲ ਈ ਨਹੀਂ ਸਕਦੀਆਂ । ਪਰ ਅਜੇ ਸਾਡੇ ਦੇਸ਼ 'ਚ ਪੁੱਤ ਦੀ ਲਾਲਸਾ ਵੱਸੀ ਪਈ ਐ। ਇਸ ਲਈ ਹਾਕਮ ਦੇ ਘਰ 'ਚ ਵੀ ਚਾਰ-ਪੰਜ ਮੈਂਬਰ ਤਾਂ ਹੁੰਦੀ ਈ ਨੇ । ਉਸ ਨੂੰ ਆਦਮੀ ਦਾ ਫਰਜ਼ ਛੱਡਣਾ ਈ ਪੈਂਦਾ ਭਰਾਵਾ?

ਸੰਤੋਖੀ - ਫਰਜ਼ ਕਿਉਂ ਛੱਡਣਾ ਪੈਂਦਾ ਭਰਾ?

ਭਰਾ - ਮਾਂ-ਬਾਪ ਨੇ ਪੜ੍ਹਾਇਆ-ਲਿਖਾਇਆ ਕਿ ਮੁੰਡਾ ਕਮਾਊਗਾ, ਤੇ ਬੁਢਾਪੇ 'ਚ ਉਸ ਦੀ ਖਬਰ ਲਊਗਾ । ਇੱਕੋ ਢਿੱਡੋਂ ਪੈਦਾ ਹੋਣ ਵਾਲੇ ਭਰਾ-ਭੈਣ ਨੇ ਸਮਝਿਆ ਸੀ ਕਿ ਇਹ ਸਾਡਾ ਹੱਡ-ਮਾਸ ਐ, ਪਰ ਹਾਕਮ ਬਣਦੇ ਈ ਮੁੰਡੇ ਦੀਆਂ ਅੱਖਾਂ ਬਦਲ ਜਾਂਦੀਐਂ । ਉਸ ਨੇ ਸਾਹਬ

ਨਾਲ ਹੱਥ ਮਿਲਾਉਣਾ, ਉਸ ਨੇ ਕਲੈਕਟਰ ਸਾਹਬ ਦੇ ਸਾਹਮਣੇ ਪੂਛ ਹਿਲਾਉਣੀ ਐ । ਚੰਗਾ ਕੋਟ ਚਾਹੀਦੈ, ਚੰਗੇ ਬੂਟ ਚਾਹੀਦੇ ਐ, ਨਹੀਂ ਤਾਂ ਦਰਸ਼ਨ ਕਰਨੇ ਮੁਸ਼ਕਿਲ ਹੋ ਜਾਣਗੇ। ਇੱਥੋਂ ਈ ਲਿਬਾਸ ਤੇ ਲਿਫਾਫਾ ਵਧਣਾ ਸ਼ੁਰੂ ਹੁੰਦਾ । ਕਿੰਨਾ ਪੈਸਾ ਮਕਾਨ-ਭਾੜਾ, ਟੋਪ-ਕੋਟ, ਘੋੜਾ-ਗੱਡੀ ਜਾਂ ਮੋਟਰ 'ਤੇ ਈ ਖਰਚ ਹੋ ਜਾਂਦੇ ਐਂ ।ਅੱਜ-ਕੱਲ੍ਹ ਤਾਂ ਗੱਲ ਈ ਨਾ ਪੁੱਛ । ਫੇਰ ਦੱਸ ਕਿਵੇਂ ਖਵਾਵੇ ਬੀਬੀ-ਬੱਚਿਆਂ ਨੂੰ ਜਾਂ ਨੌਕਰ-ਚਾਕਰ ਨੂੰ ।

ਸੰਤੋਖੀ - ਤਾਂ ਉਹ ਸੱਚਮੁੱਚ ਲਿਫਾਫਾ ਈ ਐ ।

ਭਰਾ - ਲਿਫਾਫਾ ਨਾ ਕਹਿ, ਸੰਤੋਖੀ ! ਉਥੇ ਵੀ ਦੁੱਖਾਂ ਦੀ ਅੱਗ ਧੂ-ਧੂ ਕਰ ਰਹੀ ਐ । ਮਾਂ-ਬਾਪ ਦੀ ਵੀ ਆਸ ਤੋੜਦੇ ਐ, ਭਰਾ-ਭੈਣ ਵੱਲੋਂ ਵੀ ਤੋਤੇ ਵਾਂਗੂੰ ਅੱਖਾਂ ਫੇਰ ਲੈਂਦੇ ਐ, ਸਿਰਫ ਆਪਣਾ ਤੇ ਆਪਣੇ ਬੱਚਿਆਂ ਦਾ ਖਿਆਲ ਕਰਦੇ ਐ। ਉਹ ਮਜ਼ਬੂਰ ਐ, ਪੜ੍ਹੇ-ਲਿਖੇ ਆਦਮੀ ਤੋਂ ਜਾਨਵਰ ਬਣਨ ਲਈ, ਲੋਕ ਕਹਿੰਦੇ ਨੇ ਕਿ ਪਹਿਲੇ ਦਰਜ਼ੇ ਦੀ ਖੁਦਗਰਜ਼ੀ ਤੇ ਕਮੀਨਾਪਨ ਐ ।ਪਰ ਕਰੇ ਤਾਂ ਕੀ ਕਰੇ? ਜੇ ਇਮਾਨਦਾਰੀ ਨਾਲ ਕੰਮ ਕਰੇ ਤਾਂ ਵੱਡੇ ਅਫ਼ਸਰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਐ, ਫੇਰ ਅੱਗੇ ਦੀ ਤਰੱਕੀ-ਵਰੱਕੀ ਦੀ ਆਸ ਗਈ ।ਨਹੀਂ ਤਾਂ ਰਿਸ਼ਵਤ ਲਏ ।

ਸੰਤੋਖੀ - ਇੰਨੀਂ-ਇੰਨੀਂ ਤਨਖਾਹ ਲੈਣ ਵਾਲੇ ਹਾਕਮਾਂ ਨੂੰ ਰਿਸ਼ਵਤ ਨੀਂ ਲੈਣੀ ਚਾਹੀਦੀ ।

ਭਰਾ - ਇਸ ਦੁਨੀਆਂ 'ਚ ਰਿਸ਼ਵਤ ਦਾ ਬਾਜ਼ਾਰ ਈ ਸਭ ਤੋਂ ਤੇਜ ਐ । ਸਾਰੇ ਇਹ ਜਾਣਦੇ ਐਂ, ਸਾਰੇ ਇੱਕ-ਦੂਜੇ ਦੀਆਂ ਅੱਖਾਂ 'ਚ ਧੂਲ ਝੌਂਕਦੇ ਐ – ਕਿਤੇ ਕਿਤੇ ਇਸ ਰਿਸ਼ਵਤ ਦਾ ਨਾਂ ਐ ਵੱਡੇ-ਵੱਡੇ ਭੋਜਨ ਤੇ ਮੇਮ ਸਾਹਬ ਦੀ ਉਂਗਲੀ 'ਚ ਹਜ਼ਾਰਾਂ ਦੀ ਅੰਗੂਠੀ, ਲੱਖਾਂ ਦੀ ਮੋਤੀ ਰਤਨ ਦੀ ਮਾਲਾ ।

ਸੰਤੋਖੀ: ਭਰਾ ! ਮੈਂ ਕੀ ਸੁਣ ਰਿਹੈਂ?

ਭਰਾ: ਚੁੱਪਚਾਪ ਸੁਣਦੇ ਜਾਓ, ਵੱਡੇ ਘਰਾਂ ਦੀ ਵੱਡੀ ਪੋਲ।ਸਾਰੇ ਜਾਣਦੇ ਐਂ, ਰਿਸ਼ਵਤ ਬੁਰੀ ਚੀਜ਼ ਐ। ਕਦੇ ਕਦੇ ਫੜੇ ਜਾਣ ਤੇ ਸਭ ਤੋਂ ਵੱਡੀਆਂ ਮੱਛੀਆ ਨੂੰ ਤਾਂ ਕੁਝ ਨਹੀਂ ਹੁੰਦਾ, ਪਰ ਛੋਟੀਆਂ-ਮੱਛੀਆਂ ਤੇ ਹੱਥ ਉਠਾਉਣਾ ਪੈਂਦਾ, ਆਖਿਰ ਨਿਆਂ ਦਾ ਢੋਂਗ ਤਾਂ ਕੁਝ ਦਿਖਾਉਣਾ ਈ ਪਏਗਾ।

ਸੰਤੋਖੀ: ਸ਼ਹਿਰ ਵਿੱਚ ਜਾਨੈਂ, ਤਾਂ ਮੈਂ ਵੀ ਕਦੇ ਕਦੇ ਇਹ ਦੇਖਦੈ। ਮੇਰੀ ਜਾਤ ਦੇ ਈ ਚੌਧਰੀ ਐਂ, ਉਹਨਾਂ ਵੱਲ ਉਂਗਲੀ ਕੌਣ ਕਰੇ।

ਭਰਾ: ਇਹ ਲੋਕ ਹੈ ਤਾਂ ਸਾਡੇ ਦੇਸ਼ ਦੇ, ਪਰ ਇਹਨਾਂ ਦਾ ਦਿਮਾਗ ਸੱਤਵੇਂ ਆਸਮਾਨ ਤੇ ਰਹਿੰਦੈ। ਕਲੈਕਟਰ ਹੋ ਗਏ, ਪੰਦਰਾਂ ਸੌ ਰੁਪਏ ਵਿੱਚ ਆਪਣੀ ਜ਼ਮੀਰ ਨੂੰ ਵੇਚ ਦਿੱਤਾ, ਇਸ ਲਈ ਉਹਨਾਂ ਨੂੰ ਸ਼ਰਮ ਆਉਣੀ ਚਾਹੀਦੀ ਸੀ, ਪਰ ਇਹ ਸਾਡੇ ਭਰਾ... ਕਾਲੇ ਸਾਹਬ, ਗੋਰਿਆਂ ਦੇ ਵੀ ਕੰਨ ਕੱਟਦੇ ਨੇ ਤੇ ਸਾਨੂੰ ਜੰਗਲੀ ਓਜਡ, ਗਵਾਰ ਸਮਝਦੇ ਐ।ਆਪਾਂ ਵੀ ਆਦਮੀ ਆਂ।

ਸੰਤੋਖੀ: ਇਹ ਗੱਲ ਠੀਕ ਕਹੀਂ ਭਰਾਵਾ।

ਭਰਾ: ਤੇ ਜਦੋਂ ਆਦਮੀ ਦੇ ਦਿਲ ਵਿੱਚ ਨਫ਼ਰਤ ਹੋਵੇ, ਤਾਂ ਸਦਾ ਬਹਾਨਾ ਲੱਭਦਾ, ਤੇ ਥੋੜ੍ਹਾ ਜਿਹਾ ਵੀ ਬਹਾਨਾ ਮਿਲ ਗਿਆ, ਤਾਂ ਗੱਲ ਦਾ ਬਤੰਗੜ ਬਣਾ ਦਿੰਦੈ।

ਭਰਾ: ਇਹਨਾਂ ਦਾ ਸਾਰਾ ਜੀਵਨ ਨਾਟਕ ਐ ਸੰਤੋਖੀ ਭਰਾ ! ਤੇ ਸੁੱਖ ਦਾ ਨਾਟਕ ਸ਼ਾਇਦ ਸੌ 'ਚੋਂ ਦੋ ਚਾਰ ਦਾ, ਬਾਕੀ ਸਾਰਿਆਂ ਦਾ ਦੁਖੀ ਨਾਟਕ ਐ।

ਦੁਖਰਾਮ: ਮੁੰਡਿਆਂ ਦਾ ਮਿਜਾਜ ਤਾਂ ਪਿਓ ਨਾਲੋਂ ਵੱਧ ਚੜ੍ਹ ਕੇ ਹੁੰਦੈ।

ਭਰਾ: ਇਹ ਮਿਜਾਜ ਤਾਂ ਉਹਨਾਂ ਲਈ ਹੋਰ ਵੀ ਘਾਤਕ ਐ। ਇਹ ਪਾਨ-ਫੁੱਲ ਦੇ ਵਾਂਗ ਪਾਲੇ ਪੋਸੇ ਜਾਂਦੇ ਐ; ਵੱਡੇ ਲੋਕਾਂ ਦੇ ਸਕੂਲ ਵਿੱਚ ਪੜ੍ਹਣ ਲਈ ਭੇਜੇ ਜਾਂਦੇ ਐ, ਉੱਥੇ ਨਹੀਂ ਤਾਂ ਦੇਵਫੋਫੀ-ਸਮਾਜ ਵਾਲੇ ਸਕੂਲਾਂ ਵਿੱਚ ਜਾਂਦੇ ਐ। **(ਅਨੁਵਾਦਕ : ਰਵਿੰਦਰ ਰਾਹੀ ਜੈਤੋ)**

- ਬਾਕੀ ਅਗਲੇ ਅੰਕ ਵਿੱਚ

ਬਲਾਤਕਾਰ ਦੇ ਮਾਮਲੇ ਵਿੱਚ ਦੋ ਗ੍ਰੰਥੀਆਂ ਨੂੰ ਸਜ਼ਾ

ਗਲਾਸਗੋ : ਸਕਾਟਲੈਂਡ ਦੇ ਸਹਿਰ ਗਲਾਸਗੋ ਵਿੱਚ ਦੋ ਸਿੱਖ ਗ੍ਰੰਥੀਆਂ ਨੂੰ 26 ਸਾਲਾਂ ਇੱਕ ਵੇਸਵਾ ਦੇ ਨਾਲ ਉਸ ਦੇ ਮਨ੍ਹਾਂ ਕਰਨ ਦੇ ਬਾਵਜੂਦ ਸਰੀਰਕ ਸੰਬੰਧ ਬਣਾਉਣ ਦੇ ਦੋਸ਼ ਵਿੱਚ ਅਦਾਲਤ ਨੇ 12 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਦੋਹਾਂ ਨੂੰ ਬਲਾਤਕਾਰ ਦੇ ਦੋਸ਼ੀ ਕੈਦੀਆਂ ਦੇ ਨਾਲ ਰੱਖਿਆ ਜਾਵੇਗਾ। ਸਜ਼ਾ ਪੂਰੀ ਕਰਨ ਤੋਂ ਬਾਅਦ ਹੀ ਉਹਨਾਂ ਨੂੰ ਭਾਰਤ ਭੇਜਿਆ ਜਾਵੇਗਾ। ਸਜ਼ਾ ਮਿਲਣ ਵਾਲੇ ਦੋਵੇਂ ਗ੍ਰੰਥੀ ਸ਼ਾਦੀਸ਼ੁਦਾ ਹਨ ਅਤੇ ਦੋਹਾਂ ਦੇ ਹੀ ਤਿੰਨ ਤਿੰਨ ਬੱਚੇ ਹਨ ਜੋ ਕਿ ਭਾਰਤ ਵਿੱਚ ਰਹਿੰਦੇ ਹਨ। ਇਹ ਦੋਵੇਂ ਹੁਣੇ ਸਕਾਟਲੈਂਡ ਗੁਰਦੁਆਰੇ ਵਿੱਚ ਪਾਠ ਕਰਨ ਲਈ ਗਏ ਸਨ। ਪੀੜਤ ਲੜਕੀ ਨੇ ਦੱਸਿਆ ਕਿ ਇਹ ਲੋਕ ਉਸ ਕੋਲ ਆਏ ਪਰ ਉਸ ਨੇ ਉਨ੍ਹਾਂ ਨਾਲ ਜਾਣ ਤੋਂ ਮਨਾਂ ਕਰ ਦਿੱਤਾ। ਉਸ ਲੜਕੀ ਦਾ ਪਿੱਛਾ ਕਰਦਿਆਂ, ਉਹ ਉਸਨੂੰ ਧੱਕੇ ਨਾਲ ਚੁੱਕ ਕੇ ਨਾਈਟ ਕਲੱਬ ਦੇ ਕੋਲ ਸੁੰਨਸਾਨ ਜਗਾਂ ਤੇ ਲੈ ਗਏ, ਜਿੱਥੇ ਉਹਨਾਂ ਨੇ ਉਸ ਨਾਲ ਜਬਰੀ ਸ਼ਰੀਰਕ ਸੰਬੰਧ ਬਣਾਏ। ਐਡਿਨ ਬਰਗ ਸਥਿਤ ਹਾਈਕੋਰਟ ਦੇ ਜੱਜ ਲਾਰਡ ਪੈਂਟਲੈਂਡ ਨੇ ਉਹਨਾਂ ਤੇ ਲੱਗੇ ਦੋਸ਼ ਸੱਚੇ ਸਾਬਤ ਹੋਣ ਤੇ ਇਹ ਸਜ਼ਾ ਸੁਣਾਈ ਹੈ। ਇਹਨਾਂ ਦੋਵਾਂ ਦੋਸ਼ੀਆਂ ਵਿੱਚੋਂ ਇੱਕ, ਇੱਕ ਹੋਰ ਸਰੀਰਕ ਸ਼ੋਸਣ ਦੇ ਕੇਸ ਵਿੱਚ ਦੋਸ਼ੀ ਪਾਇਆ ਜਾ ਚੁੱਕਾ ਹੈ।

ਆਸਾ ਰਾਮ ਬਾਪੂ ਵਿਰੁੱਧ ਕੇਸ ਦਰਜ ਕਰਾਉਣ ਲਈ ਅਰਜ਼ੀ ਦਾਇਰ

ਸਮਾਜਕ ਕਾਰਕੁੰਨ ਮਦਨ ਲਾਲ ਸ਼ੁਕਲਾ ਨੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਰਾਜੇਸ਼ ਉਪਾਧਿਆਏ ਦੀ ਅਦਾਲਤ ਵਿੱਚ ਅਰਜੀ ਦਾਇਰ ਕਰਕੇ ਕਿਹਾ ਹੈ ਕਿ ਦਿੱਲੀ ਜਬਰ ਜਨਾਹ ਦੇ ਮਸਲੇ ਵਿੱਚ ਆਸਾ ਰਾਮ ਬਾਪੂ ਦੀਆਂ ਟਿੱਪਣੀਆਂ ਨਾਲ ਔਰਤਾਂ ਦਾ ਅਪਮਾਨ ਹੋਇਆ ਹੈ ਜੋ ਕਿ ਭਾਰਤੀ ਦੰਡਾਵਲੀ ਤਹਿਤ ਅਪਰਾਧ ਹੈ। ਆਸਾ ਰਾਮ ਨੇ ਕਿਹਾ ਸੀ ਕਿ ਜਬਰ ਜਨਾਹ ਲਈ ਉਹ ਲੜਕੀ ਵੀ ਜਿੰਮੇਵਾਰ ਹੈ। ਜੇ ਉਸ ਨੇ ਮੇਰੇ ਤੋਂ ਦੀਕਸ਼ਾ ਲਈ ਹੁੰਦੀ ਅਤੇ ਭਰਾ ਆਖ ਕੇ ਉਹ, ਉਹਨਾਂ ਲੜਕਿਆਂ ਦੇ ਪੈਰ ਫੜ ਲੈਂਦੀ ਤਾਂ ਇਹ ਬਲਾਤਕਾਰ ਨਹੀਂ ਹੋਣਾ ਸੀ।

ਮੰਦਰ ਵਿੱਚ ਪੁਜਾਰੀ ਨੇ ਚੇਲੇ ਦੀ ਪਤਨੀ ਨਾਲ ਕੀਤਾ ਬਲਾਤਕਾਰ

ਨਵੀਂ ਦਿੱਲੀ ਦੇ ਪਾਂਡਵ ਨਗਰ ਵਿੱਚ ਆਪਣੇ ਚੇਲੇ ਦੀ ਪਤਨੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਪੁਲਿਸ ਨੇ ਇੱਕ ਪੁਜਾਰੀ ਨੂੰ ਗ੍ਰਿਫਤਾਰ ਕੀਤਾ ਹੈ। ਪੂਰਬੀ ਦਿੱਲੀ ਦੇ ਪੁਲਿਸ ਅਧਿਕਾਰੀ ਵੀ. ਪ੍ਰਭਾਕਰ ਮੁਤਾਬਿਕ ਮੰਦਰ ਦੇ ਪੁਜਾਰੀ ਮਦਨ ਮੋਹਨ (55) ਨੇ ਪ੍ਰਸਾਦ ਬਣਾਉਣ ਦੇ ਬਹਾਨੇ ਆਪਣੇ ਚੇਲੇ ਦੀ ਪਤਨੀ ਨੂੰ ਮੰਦਰ ਵਿੱਚ ਬੁਲਾ ਕੇ ਉਸ ਨਾਲ ਬਲਾਤਕਾਰ ਕੀਤਾ। ਪੁਜਾਰੀ ਨੇ ਇਹ ਵੀ ਧਮਕੀ ਦਿੱਤੀ ਕਿ ਜੇ ਉਸ ਨੇ ਕਿਸੇ ਨੂੰ ਦੱਸਿਆ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ।

ਬਾਪੂ ਆਸਾ ਰਾਮ ਤੇ 700 ਕਰੋੜ ਰੁਪਏ ਦੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨ ਦਾ ਦੋਸ਼

ਬਾਪੂ ਆਸਾ ਰਾਮ ਤੇ ਮੱਧ ਪ੍ਰਦੇਸ਼ ਵਿੱਚ 700 ਕਰੋੜ ਰੁਪਏ ਦੀ ਜ਼ਮੀਨ ਉੱਤੇ ਨਜਾਇਜ ਕਬਜ਼ਾ ਕਰਨ ਦਾ ਦੋਸ਼ ਲੱਗਿਆ ਹੈ। ਗੰਭੀਰ ਧੋਖਾਧੜੀ ਜਾਂਚ ਦਫਤਰ (ਐਸ.ਐਸ.ਆਈ.ਓ) ਨੇ ਉਸ ਵਿਰੁੱਧ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਇਹ ਮਾਮਲਾ ਰਤਲਾਮ ਦੀ 200 ਏਕੜ ਜਮੀਨ ਨਾਲ ਜੁੜਿਆ ਹੋਇਆ ਹੈ। ਜਾਂਚ ਦਫਤਰ ਨੇ ਆਸਾ ਰਾਮ ਅਤੇ ਉਸ ਦੇ ਪੁੱਤਰ ਨਰਾਇਣ ਸਾਈਂ ਵਿਰੁੱਧ ਮੁਕੱਦਮਾ ਚਲਾਉਣ ਦੀ ਸਿਫਾਰਸ਼ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨੂੰ ਭੇਜ ਦਿੱਤੀ ਹੈ। ਇਹ ਜ਼ਮੀਨ ਜਿਆਂਤ ਵਿਟਾਮਿਨਸ ਲਿਮਟਿਡ ਦੀ ਹੈ ਜਿਸ ਤੇ ਸਾਲ 2000 ਵਿੱਚ ਕਬਜ਼ਾ ਕਰ ਲਿਆ ਗਿਆ ਸੀ। ਜਾਂਚ ਦਫਤਰ ਨੇ ਦੋ ਸਾਲ ਵਿੱਚ ਇਹ ਜਾਂਚ ਕਰਨ ਉਪਰੰਤ ਆਪਣੀ ਰਿਪੋਰਟ ਮੰਤਰਾਲੇ ਨੂੰ ਭੇਜੀ ਹੈ।

ਸ਼੍ਰੋਮਣੀ ਕਮੇਟੀ ਦੇ ਚਾਰ ਸੇਵਾਦਾਰ ਗੱਡੀਆਂ ਚੋਰੀ ਕਰਦੇ ਕਾਬੂ

ਸ਼੍ਰੋਮਣੀ ਕਮੇਟੀ ਦੇ ਇਹ ਚਾਰ ਸੇਵਾਦਾਰ ਇੱਕ ਗੈਂਗ ਬਣਾਕੇ ਰਾਜਸਥਾਨ ਤੇ ਨਾਲ ਲਗਦੇ ਇਲਾਕੇ ਫਾਜ਼ਿਲਕਾ ਅਤੇ ਅਬੋਹਰ ਤੋਂ ਗੱਡੀਆਂ ਚੋਰੀ ਕਰਕੇ ਤਰਨਤਾਰਨ ਅਤੇ ਖਡੂਰ ਸਾਹਿਬ ਇਲਾਕੇ ਵਿੱਚ ਵੇਚਦੇ ਸਨ। ਪਿਛਲੇ ਦਿਨੀਂ ਇਹ ਗਿਰੋਹ ਪੁਲਿਸ ਦੇ ਅੜਿੱਕੇ ਆ ਗਿਆ। ਇਹ ਗਿਰੋਹ ਜਾਅਲੀ ਆਰ.ਸੀ.ਵੀ. ਬਣਾਉਂਦਾ ਸੀ ਅਤੇ ਇਨ੍ਹਾਂ ਕੋਲੋਂ ਟ੍ਰਾਂਸਪੋਰਟ ਵਿਭਾਗ ਦੀਆ ਨਕਲੀ ਮੋਹਰਾਂ ਵੀ ਬਰਾਮਦ ਹੋਈਆਂ ਹਨ। ਸ਼੍ਰੋਮਣੀ ਕਮੇਟੀ ਨੇ ਬਦਨਾਮੀ ਦੇ ਡਰ ਕਾਰਣ ਇਹਨਾਂ ਨੂੰ 'ਸੇਵਾ ਮੁਕਤ' ਕਰ ਦਿੱਤਾ ਹੈ।

ਦਸ ਸੁਆਲ

ਇਸ ਅੰਕ ਤੋਂ ਅਸੀਂ ਆਪਣੇ ਵਿਦਿਆਰਥੀ-ਪਾਠਕਾਂ ਲਈ ਖਾਸ ਕਾਲਮ ਸ਼ੁਰੂ ਕਰ ਰਹੇ ਹਾਂ। ਇਸ ਕਾਲਮ ਦਾ ਨਾਂ ਹੈ-ਦਸ ਸੁਆਲ। ਇਸ ਵਿੱਚ ਦਸ ਸੁਆਲ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੰਨ੍ਹਾਂ ਸੁਆਲਾਂ ਦੇ ਜੁਆਬ ਹੇਠ ਲਿਖੇ ਪਤੇ ਤੇ ਡਾਕ ਰਾਹੀਂ ਭੇਜਣੇ ਹਨ। ਸੁਆਲਾਂ ਦੇ ਜਵਾਬ ਲੱਭਣ ਲਈ ਤੁਸੀਂ ਕਿਤਾਬਾਂ, ਆਪਣੇ ਅਧਿਆਪਕ, ਭੈਣ ਭਰਾ ਜਾਂ ਮਾਤਾ ਪਿਤਾ ਜਾਂ ਇੰਟਰਨੈੱਟ ਦੀ ਮਦਦ ਲੈ ਸਕਦੇ ਹੋ। ਅਗਲੇ ਅੰਕ ਵਿੱਚ ਹੋਰ ਦਸ ਸੁਆਲਾਂ ਦੇ ਨਾਲ ਪਿਛਲੇ ਸੁਆਲਾਂ ਦੇ ਠੀਕ ਜੁਆਬ ਵੀ ਛਾਪੇ ਜਾਣਗੇ। ਸਭ ਤੋਂ ਵੱਧ ਠੀਕ ਜੁਆਬ ਦੇਣ ਵਾਲੇ ਪਹਿਲੇ ਤਿੰਨ ਵਿਦਿਆਰਥੀਆਂ ਨੂੰ ਢੁਕਵੇਂ ਇਨਾਮ ਡਾਕ ਰਾਹੀਂ ਭੇਜੇ ਜਾਣਗੇ। ਸਾਲ ਦੇ ਅਖੀਰ ਵਿੱਚ ਪੂਰੇ ਸਾਲ ਵਿੱਚ ਸਭ ਤੋਂ ਵੱਧ ਠੀਕ ਉੱਤਰ ਦੇਣ ਵਾਲੇ ਨੂੰ ਵਿਸ਼ੇਸ ਇਨਾਮ ਦਿੱਤਾ ਜਾਵੇਗਾ ਅਤੇ ਉਸਦੀ ਫੋਟੋ ਮੈਗਜ਼ੀਨ ਵਿੱਚ ਵਿਸ਼ੇਸ਼ਤਾ ਨਾਲ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹ ਇਨਾਮ ਉਸਦੇ ਸਕੂਲ ਵਿੱਚ (ਸਕੂਲ ਮੁਖੀ ਦੀ ਇਜਾਜ਼ਤ ਨਾਲ) ਸਕੂਲ ਮੁਖੀ ਹੱਥੋਂ ਸਵੇਰ ਦੀ ਸਭਾ ਵਿੱਚ ਦਵਾਇਆ ਜਾਏਗਾ। ਜੇਕਰ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਦੋ ਜਾਂ ਦੋ ਤੋਂ ਵੱਧ ਵਿਦਿਆਰਥੀ ਬਰਾਬਰ ਅੰਕ ਪ੍ਰਾਪਤ ਕਰਦੇ ਹਨ ਤਾਂ ਇਹ ਸਾਰੇ ਵਿਦਿਆਰਥੀ ਇਨਾਮ ਦੇ ਹੱਕਦਾਰ ਹੋਣਗੇ। ਤੁਹਾਡੇ ਜੁਆਬ 25 ਮਾਰਚ ਤੱਕ ਹੇਠ ਲਿਖੇ ਪਤੇ ਤੇ ਪਹੁੰਚ ਜਾਣੇ ਚਾਹੀਦੇ ਹਨ। ਜੁਆਬ ਦੇ ਥੱਲੇ ਆਪਣਾ ਨਾਮ ਪਤਾ ਤੇ ਫੋਨ ਨੰਬਰ ਸਾਫ ਸ਼ਬਦਾਂ ਵਿੱਚ ਲਿਖਿਆ ਹੋਵੇ। ਲੇਟ ਪੁੱਜਣ ਵਾਲੇ ਉਤਰਾਂ ਨੂੰ ਮੁਕਾਬਲੇ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ।

ਜੁਆਬ ਭੇਜਣ ਲਈ ਪਤਾ : ਜਸਵੀਰ ਸਿੰਘ ਮੋਰੋਂ, ਪਿੰਡ ਤੇ ਡਾਕ. ਮੋਰੋਂ, ਤਹਿ. ਫਿਲੌਰ, ਜਿਲ੍ਹਾ ਜਲੰਧਰ-144029

1. ਆਮ ਤੌਰ ਤੇ ਪਦਾਰਥ ਦੇ ਤਿੰਨ ਰੂਪ ਮੰਨੇ ਜਾਂਦੇ ਹਨ। ਕੀ ਪਦਾਰਥ ਦਾ ਚੌਥਾ ਰੂਪ ਵੀ ਹੈ? ਜੇ ਹੈ ਤਾਂ ਉਸਦਾ ਕੀ ਨਾਂ ਹੈ?
2. ਭਾਰ ਦੀ ਇਕਾਈ ਕੀ ਹੈ?
3. ਕੀ ਧਰਤੀ ਅਤੇ ਚੰਦਰਮਾ ਉੱਪਰ ਕਿਸੇ ਵਿਅਕਤੀ ਦਾ ਭਾਰ ਬਰਾਬਰ ਹੋਵੇਗਾ? ਜੇ ਨਹੀਂ ਤਾਂ ਕਿੰਨੇ ਗੁਣਾ ਵੱਧ ਜਾਂ ਘੱਟ ਹੋਵੇਗਾ?
4. ਕੀ ਸੂਰਜ ਗ੍ਰਹਿਣ ਸਮੇਂ ਸੂਰਜ ਵਿੱਚੋਂ ਖਾਸ ਤਰ੍ਹਾਂ ਦੀਆਂ ਕਿਰਨਾਂ ਨਿੱਕਲਦੀਆਂ ਹਨ ਜੋ ਸਿਹਤ ਲਈ ਨੁਕਸਾਨਦਾਇਕ ਹੋਣ?
5. ਹੁਣ ਤੱਕ ਕਿੰਨ੍ਹੇ ਤੱਤ ਲੱਭੇ ਜਾ ਚੁੱਕੇ ਹਨ?
6. ਮਸ਼ਹੂਰ ਲੇਖ "ਮੈਂ ਨਾਸਤਿਕ ਕਿਉਂ ਹਾਂ?" ਕਿਸਦੀ ਰਚਨਾ ਹੈ।
7. ਤਾਰਿਆਂ ਅਤੇ ਗ੍ਰਹਿਆਂ ਬਾਰੇ ਜਾਨਣ ਲਈ ਪਹਿਲੀ ਵਾਰ ਦੂਰਬੀਨ ਦੀ ਵਰਤੋਂ ਕਿਸ ਵਿਗਿਆਨੀ ਨੇ ਕੀਤੀ?
8. ਤਸਲੀਮਾ ਨਸਰੀਨ ਦੇ ਕਿਸ ਨਾਵਲ ਤੇ ਪਾਬੰਦੀ ਲਗਾਈ ਗਈ ਸੀ?
9. ਧਰਤੀ ਦਾ ਪੁੰਜ ਕਿੰਨ੍ਹਾ ਹੈ ਅਤੇ ਇਹ ਕਿਸਨੇ ਲੱਭਿਆ?
10. ਇਸ ਤਸਵੀਰ ਵਾਲੀ ਇਮਾਰਤ ਦਾ ਸੰਬੰਧ ਇੱਕ ਇਤਿਹਾਸਕ ਘਟਨਾ ਨਾਲ ਹੈ। ਦੱਸੋ ਇਹ ਤਸਵੀਰ ਕਿਸ ਇਮਾਰਤ ਦੀ ਹੈ?



ਪ੍ਰਾਪਤ ਸਹਾਇਤਾ


ਇਕਾਈ ਕੂਲਰੀਆਂ

ਬੀ.ਕੇ.ਯੂ. ਏਕਤਾ (ਡਕੌਂਦਾ) ਦੇ ਸੀਨੀ. ਆਗੂ ਕਾਮਰੇਡ ਜੁਗਰਾਜ ਸਿੰਘ ਗੋਰਖਨਾਥ ਵੱਲੋਂ ਆਪਣੇ ਬੇਟੇ ਜਗਸੀਰ ਸਿੰਘ ਦੇ ਵਿਆਹ ਦੀ ਖੁਸ਼ੀ ਵਿੱਚ 2000

ਬੀ.ਕੇ.ਯੂ. ਏਕਤਾ (ਡਕੌਂਦਾ) ਦੇ ਆਗੂ ਮਹਿੰਦਰ ਸਿੰਘ ਚੱਕ ਅਲੀਸ਼ੇਰ ਵੱਲੋਂ ਆਪਣੇ ਦਾਦਾ ਪੂਰਨ ਸਿੰਘ ਦੇ ਸ਼ੋਕ ਸਮਾਗਮ ਤੇ 2000

ਤਰਕਸ਼ੀਲ ਆਗੂ ਪ੍ਰਿਤਪਾਲ ਕੂਲਰੀਆਂ ਵੱਲੋਂ ਆਪਣੀ ਮਾਤਾ ਨਰਾਤੀ ਦੇਵੀ ਦੇ ਸ਼ੋਕ ਸਮਾਗਮ ਤੇ 500

ਬਾਲ ਕਲਮ



ਵਹਿਮ-ਭਰਮ

ਪੁਰਾਣੀ ਪੀੜ੍ਹੀ ਦੇ ਲੋਕ ਅਨਪੜ੍ਹਤਾ ਕਾਰਨ ਅੰਧ-ਵਿਸ਼ਵਾਸਾਂ ਅਵਿੱਚ ਪੈ ਜਾਂਦੇ ਸਨ, ਪਰ ਅਜੋਕੇ ਸਮੇਂ ਵਿੱਚ ਪੜ੍ਹੇ ਲਿਖੇ ਲੋਕ ਵੀ ਵਹਿਮਾਂ ਭਰਮਾਂ ਦਾ ਸ਼ਿਕਾਰ ਹਨ। ਕਿਸੇ ਦਾ ਬੱਚਾ ਬਿਮਾਰ ਪੈ ਜਾਵੇ, ਉਸਨੂੰ ਡਾਕਟਰ ਦੀ ਦਵਾਈ ਨਾ ਲੱਗੇ, ਤਾਂ ਲੋਕ ਉਸਨੂੰ ਹੋਰ ਮਾਹਿਰ ਡਾਕਟਰ ਕੋਲ ਲੈ ਕੇ ਜਾਣ ਦੀ ਬਜਾਏ ਬਾਬਿਆਂ ਕੋਲ ਪੁੱਛਾ ਕਢਵਾਉਣ ਲੈ ਜਾਂਦੇ ਹਨ। ਉੱਥੇ ਬਾਬੇ ਉਹਨਾਂ ਨੂੰ ਹੋਰ ਅੰਧ-ਵਿਸ਼ਵਾਸੀ ਬਣਾ ਦਿੰਦੇ ਹਨ। ਕਿਸੇ ਨੂੰ ਕਹਿੰਦੇ ਹਨ ਕਿ ਤੇਰੇ ਤੇ ਭੂਤ ਦੀ ਛਾਇਆ ਹੈ, ਕਿਸੇ ਨੂੰ ਕਹਿੰਦੇ ਹਨ ਕਿ ਟੂਣੇ ਕੋਲੋਂ ਲੰਘਿਆ ਹੈਂ। ਠੀਕ ਕਰਨ ਵਾਸਤੇ ਉਹ ਕਹਿੰਦੇ ਹਨ ਕਿ ਨਾਰੀਅਲ ਛੁਆ ਕੇ ਨਹਿਰ ਵਿੱਚ ਸੁੱਟ ਦਿਓ, ਬੱਚਾ ਠੀਕ ਹੋ ਜਾਵੇਗਾ, ਪਰ ਬੱਚੇ ਦੀ ਹਾਲਤ ਹੋਰ ਵਿਗੜ ਜਾਂਦੀ ਹੈ। ਕੁੱਝ ਮਹੀਨੇ ਪਹਿਲਾਂ ਇੱਕ ਪਿੰਡ ਦੀ ਸਰਪੰਚਣੀ ਨੇ ਇੱਕ 13 ਸਾਲ ਦੀ ਬੱਚੀ ਦੀ ਚਿਮਟੇ ਮਾਰ ਮਾਰ ਕੇ ਇਹ ਕਹਿੰਦਿਆਂ ਹੱਤਿਆ ਕਰ ਦਿੱਤੀ ਕਿ ਇਸਦੇ ਅੰਦਰ ਭੂਤ ਹੈ। ਗਲੀਆਂ ਵਿੱਚ ਖੈਰ ਮੰਗਣ ਵਾਲੇ ਬਾਬੇ ਲੋਕਾਂ ਦੇ ਹੱਥ ਵੇਖਦੇ ਹਨ ਅਤੇ ਉਹਨਾਂ ਨੂੰ ਗ੍ਰਹਿਆਂ ਦੇ ਨਾਮ ਤੇ ਲੁੱਟਦੇ ਹਨ। ਭੋਲੇ ਭਾਲੇ ਲੋਕ ਉਹਨਾਂ ਨੂੰ ਪੈਸੇ ਲੁਟਾਈ ਜਾਂਦੇ ਹਨ। ਇਸ ਨਾਲ ਬਾਬੇ ਹੋਰ ਲਾਲਚੀ ਹੋ ਕੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾਉਂਦੇ ਹਨ।

ਮੈਂ ਸਭ ਨੂੰ ਇਹ ਕਹਿੰਦਾ ਹਾਂ ਕਿ ਪਾਖੰਡੀ ਬਾਬਿਆਂ ਤੋਂ ਬਚੋ ਅਤੇ ਸੱਚ ਦੇ ਰਾਹ ਤੇ ਚੱਲੋ।

ਹਰਦੀਪ ਸਿੰਘ, ਕਲਾਸ ਛੇਵੀਂ, ਸੰਤ ਬਾਬਾ ਅਤਰ ਸਿੰਘ ਸੀਨੀ. ਸੈਕੰ. ਸਕੂਲ, ਹਰਿਆਊ

ਮੈਂ ਤਰਕਸ਼ੀਲ ਕਿਵੇਂ ਬਣਿਆ?

ਰਣਪਾਲ

ਹਰੇਕ ਮਨੁੱਖ ਦੇ ਜੀਵਨ ਨੂੰ ਉਸ ਦਾ ਆਲਾ ਦੁਆਰਾ ਖਾਸ ਕਰ ਉਸ ਦੇ ਘਰ ਦਾ ਮਾਹੌਲ ਪ੍ਰਭਾਵਿਤ ਕਰਦਾ ਹੈ। ਮੇਰੇ ਘਰ ਦਾ ਮਾਹੌਲ ਧਾਰਮਿਕ ਸੀ ਤੇ ਹੁਣ ਵੀ ਹੈ। ਇਸ ਮਾਹੌਲ ਵਿਚ ਪਲਦਿਆਂ ਮੈਂ ਵੀ ਪੂਰਾ ਧਾਰਮਿਕ ਤੇ ਅੰਧ ਵਿਸ਼ਵਾਸ਼ੀ ਬਣ ਗਿਆ ਸੀ। ਭੂਤ ਪ੍ਰੇਤਾਂ ਨੂੰ ਲੈ ਕੇ ਮੇਰੇ ਅੰਦਰ ਡਰ ਇਸ ਕਦਰ ਬੈਠ ਗਿਆ ਸੀ ਕਿ ਮੈਂ ਦਿਨ ਵਿੱਚ ਵੀ ਇਕੱਲਾ ਕਿਸੇ ਕਮਰੇ ਵਿੱਚ ਨਹੀਂ ਰਹਿ ਸਕਦਾ ਸੀ। ਬੀ.ਏ. ਤੱਕ ਮੈਂ ਇਸ ਚੱਕਰਵਿਊ ਵਿੱਚ ਫਸਿਆ ਰਿਹਾ। ਜਦ ਤੱਕ ਜਿੰਦਗੀ ਵਿੱਚ ਕੋਈ ਤੁਹਾਨੂੰ ਸਹੀ ਸੇਧ ਦੇਣ ਵਾਲਾ ਨਹੀਂ ਮਿਲਦਾ ਉਦੋਂ ਤੱਕ ਇਹੋ ਜਿਹੀਆਂ ਸਥਿਤੀਆਂ ਵਿਚੋਂ ਨਿਕਲਣਾ ਥੋੜ੍ਹਾ ਜਿਹਾ ਔਖਾ ਹੁੰਦਾ ਹੈ। ਫਿਰ ਮੈਂ ਪੰਜਾਬੀ ਦੀ ਐਮ.ਏ. ਕਰਨ ਲਗਿਆ। ਪਹਿਲੀ ਵਾਰ ਜਿੰਦਗੀ ਵਿੱਚ ਕੁਝ ਵੱਖਰੀ ਸੋਚ ਵਾਲੇ ਇਨਸਾਨ ਮਿਲੇ ਜਿੰਨ੍ਹਾਂ ਕੋਲ ਹਰੇਕ ਗੱਲ ਦਾ ਤਰਕਮਈ ਜਵਾਬ ਹੁੰਦਾ ਸੀ। ਉਨ੍ਹਾਂ ਤੋਂ ਮੈਨੂੰ ਬਹੁਤ ਚੰਗਾ ਸਾਹਿਤ ਪੜ੍ਹਨ ਨੂੰ ਮਿਲਿਆ ਜਿਸ ਨੇ ਮੇਰਾ ਜਿੰਦਗੀ ਪ੍ਰਤੀ ਨਜ਼ਰੀਆ ਹੀ ਬਦਲ ਦਿੱਤਾ। ਮੈਨੂੰ ਇਸ ਗੱਲ ਦਾ ਵੀ ਅਹਿਸਾਸ ਹੋਇਆ ਕਿ ਚੰਗਾ ਸਾਹਿਤ ਜਿੰਦਗੀ ਨੂੰ ਸਮਝਣਾ ਤੇ ਸ਼ਿਦਤ ਨਾਲ ਜਿਉਣਾ ਸਿਖਾਉਂਦਾ ਹੈ, ਹੋਰਨਾਂ ਪੁਸਤਕਾਂ ਵਾਂਗ ਡਰ ਡਰ ਕੇ ਮਰਨਾ ਨਹੀਂ ਸਿਖਾਉਂਦਾ। ਸਾਹਿਤ ਨਾਲ ਜੁੜਨ ਤੋਂ ਬਾਅਦ ਮੈਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਭੂਤ ਪ੍ਰੇਤ ਤੇ ਅੰਧ ਵਿਸ਼ਵਾਸ਼ ਮਨੁੱਖ ਦੀ ਅਗਿਆਨਤਾ ਦਾ ਨਤੀਜ਼ਾ ਹਨ, ਇੰਨ੍ਹਾਂ ਦਾ ਅਸਲੀ ਜਿੰਦਗੀ ਨਾਲ ਕੋਈ ਸੰਬੰਧ ਨਹੀਂ। ਅੱਜ ਮੈਂ ਆਪਣੇ ਉਨ੍ਹਾਂ ਦੋਸਤਾਂ ਤੇ ਪ੍ਰੋਫੈਸਰਾਂ ਦੇ ਸਹਿਯੋਗ ਸਦਕਾ ਧਾਰਮਿਕ ਗੁਲਾਮੀ ਤੋਂ ਆਜ਼ਾਦ ਹੋਇਆ ਹਾਂ ਜਿੰਨ੍ਹਾਂ ਨੇ ਮੈਨੂੰ ਚੰਗਾ ਸਾਹਿਤ ਪੜ੍ਹਣ ਦੀ ਚੇਟਕ ਲਾਈ। ਮੈਂ ਵੀ ਇਹ ਚੇਟਕ ਆਪਣੇ ਦੋਸਤਾਂ ਮਿੱਤਰਾਂ ਨੂੰ ਲਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਇਸ ਰਾਹੀਂ ਹੀ ਜਿੰਦਗੀ ਦੇ ਅਸਲੀ ਮਾਇਨੇ ਸਮਝੇ ਜਾ ਸਕਦੇ ਹਨ।

ਫਤਿਹਗੜ੍ਹ ਛੰਨਾ

ਅਜੋਕੀ ਗਾਇਕੀ.... ਸਭਿਆਚਾਰ ਜਾਂ ਨਿਘਾਰ?

ਪਰਮਿੰਦਰ ਕੌਰ ਸਵੈਚ

ਸਾਹਿਤ ਸਾਡੀ ਸੱਭਿਅਤਾ ਦੀ ਪ੍ਰਤੀਨਿਧਤਾ ਕਰਦਾ ਹੈ ਜਿਸ ਵਿੱਚੋਂ ਦੀ ਤੱਕਿਆ ਸਾਡਾ ਜੀਵਨ ਤੇ ਇਸ ਦੇ ਸਾਰੇ ਪੱਖਾਂ ਦਾ ਹੂ-ਬ-ਹੂ ਝਲਕਾਰਾ ਪੈਂਦਾ ਹੈ । ਸਾਹਿਤ ਵਿੱਚ ਕਵਿਤਾ ਜਾਂ ਗੀਤ ਦੀ ਵਿਸ਼ੇਸ਼ ਥਾਂ ਹੈ । ਕਵਿਤਾ ਲੋਕਾਂ ਦੇ ਭਾਵਾਂ ਵਿੱਚੋਂ ਹੀ ਉਪਜਦੀ ਹੈ । ਇਸਦਾ ਆਕਾਰ ਛੋਟਾ ਹੋਣ ਕਰ ਕੇ ਇਹ ਲੋਕਾਂ ਦੇ ਬਹੁਤ ਨੇੜੇ ਹੈ । ਜਨ-ਸਾਧਾਰਣ ਵੀ ਇਹਦੇ ਨੇੜੇ ਰਹਿ ਕੇ ਸੁਣ ਤੇ ਗਾ ਸਕਦੇ ਹਨ ।

ਕਿਸੇ ਵੀ ਵਸਤੂ ਦਾ ਕੋਈ ਵੀ ਰੂਪ ਦੋ ਤਰ੍ਹਾਂ ਲੋਕਾਂ ਸਾਹਵੇਂ ਪੇਸ਼ ਹੁੰਦਾ ਹੈ । ਇੱਕ ਚੰਗਾ ਪੱਖ ਅਤੇ ਦੂਸਰਾ ਮਾੜਾ । ਸੋ ਲੋਕਾਂ ਵਿੱਚ ਆਉਣ ਵਾਲਾ ਸਾਹਿਤ ਵੀ ਦੋ ਤਰ੍ਹਾਂ ਦਾ ਹੁੰਦਾ ਹੈ - ਲੋਕ ਪੱਖੀ ਸਾਹਿਤ ਤੇ ਲੋਕ ਵਿਰੋਧੀ ਸਾਹਿਤ । ਇਸੇ ਤਰ੍ਹਾਂ ਕਵਿਤਾ ਜਾਂ ਗੀਤ ਦੇ ਵੀ ਦੋ ਰੂਪ ਹੁੰਦੇ ਹਨ - ਲੋਕ ਪੱਖੀ ਗੀਤ ਤੇ ਲੱਚਰ ਗੀਤ । ਲੋਕ ਪੱਖੀ ਗੀਤ, ਉਹ ਗੀਤ ਹਨ ਜਿਨ੍ਹਾਂ ਵਿੱਚ ਕਵੀ ਆਪਣੀਆਂ ਕਿਰਤਾਂ ਦੁਆਰਾ ਲੋਕਾਂ ਦੀ ਸੋਚ ਨੂੰ ਸਮਾਜਕ, ਆਰਥਕ, ਸਭਿਆਚਾਰਕ ਅਤੇ ਕਿਰਿਆਤਮਕ ਵਿਕਾਸ ਦੀ ਦਿਸ਼ਾ ਵਿੱਚ ਸੇਧਤ ਕਰਨ ਲਈ ਕਰਮਸ਼ੀਲ ਹੁੰਦਾ ਹੈ । ਦੂਸਰਾ ਪੱਖ ਉਹਨਾਂ ਗੀਤਾਂ ਦਾ ਹੈ ਜੋ ਅਸੀਂ ਅੱਜ ਵਿਆਹਾਂ ਤੇ ਪਾਰਟੀਆਂ ਵਿੱਚ, ਹਾਲਾਂ ਵਿੱਚ ਟੀ.ਵੀ., ਕੰਪਿਊਟਰਾਂ 'ਤੇ ਘਰਾਂ ਵਿੱਚ ਆਮ ਸੁਣਦੇ ਹਾਂ । ਇਹ ਸਮਾਜ ਵਿੱਚ ਟਪੂਸੀਆਂ ਮਾਰਨ ਵਾਲੇ ਘਟੀਆ ਤੇ ਲੱਚਰ ਸਾਹਿਤ ਦੇ ਅਜਿਹੇ ਲੇਖਕ ਹਨ ਜਿਹੜੇ ਕਿ ਜਮਾਤੀ ਪੱਖੋਂ ਸਮਾਜ ਦੀਆਂ ਲਹੂ ਪੀਣੀਆਂ ਜੋਕਾਂ ਦੀ ਸੇਵਾ ਵਿੱਚ ਲਿਖਦੇ ਹਨ । ਇਹ ਗੀਤ ਲੋਕਾਂ ਦੇ ਯਥਾਰਥ ਨੂੰ ਛੱਡ ਕੇ ਕਾਮ ਉਕਸਾਊ ਜਜ਼ਬਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਪੂਰਨ ਰੂਪ ਵਿੱਚ ਸਮਾਜ ਦੇ ਉਲਟ ਭੁਗਤਦੇ ਹਨ ।

ਹਰ ਗੀਤ ਨੂੰ ਔਰਤ 'ਤੇ ਕੇਂਦਰਿਤ ਕਰ ਕੇ ਉਸ ਦੀ ਬੇਇੱਜ਼ਤੀ ਕਰਨ ਦੇ ਨਾਲ-ਨਾਲ ਇਹਨਾਂ ਗੀਤਾਂ ਵਿੱਚ ਜੀਜੇ-ਸਾਲੀ, ਦਿਉਰ-ਭਰਜਾਈ, ਜੇਠ-ਭਰਜਾਈ ਆਦਿ ਦੇ ਰਿਸ਼ਤਿਆਂ ਨੂੰ ਕਿੰਨਾ ਗਲਤ ਰੂਪ ਦਿੱਤਾ ਜਾਂਦਾ ਹੈ। ਜਦੋਂ ਕਿ ਇਹ ਸਾਰੇ ਰਿਸ਼ਤਿਆਂ ਵਿੱਚ ਕਿੰਨੀ ਨੇੜਲੀ ਸਾਂਝ ਹੈ ਪਰ ਇਸ ਲੱਚਰ ਸਾਹਿਤ ਦੇ ਰਾਹੀਂ ਆਮ ਆਦਮੀ 'ਤੇ ਇਨ੍ਹਾਂ ਬੋਲਾਂ ਦਾ ਕੀ ਅਸਰ ਹੁੰਦਾ ਹੋਵੇਗਾ? ਉਹ ਔਰਤ ਜਿਹੜੀ ਅਜੇ ਤੱਕ ਗੁਲਾਮੀ ਦੀਆਂ ਬਰੂਹਾਂ ਪਾਰ ਨਹੀਂ ਕਰ ਸਕੀ, ਗੀਤਾਂ ਵਿੱਚ ਸ਼ਰੇਆਮ ਲਲਕਾਰਦੀ ਨਜ਼ਰ ਆਉਂਦੀ ਹੈ । ਆਲੇ-ਦੁਆਲੇ ਨਜ਼ਰ ਜ਼ਰੂਰ ਮਾਰੋ ਕਿ ਇਹ ਔਰਤ ਕਿੱਥੇ ਵਸਦੀ ਹੈ?

ਅੱਜ ਔਰਤ ਮਰਦ ਦੇ ਬਰਾਬਰ ਕੰਮ ਕਰ ਰਹੀ ਹੈ । ਉਸ ਲਈ ਸ਼ਰਾਬ ਦੀ ਬੋਤਲ ਵਰਗੇ ਅਲੰਕਾਰ ਵਰਤਣੇ ਕੀ ਯੋਗ ਹਨ? ਸ਼ਰੇਆਮ ਚੱਲ ਰਹੇ ਅਜਿਹੇ ਗੀਤਾਂ ਵਿੱਚ ਕਿੰਨ੍ਹੀਆਂ ਅਸ਼ਲੀਲ ਗੱਲਾਂ ਹਨ ? ਜਦੋਂ ਗਾਣੇ ਟੀ.ਵੀ., ਵੀਡੀਓ 'ਤੇ ਚੱਲਦੇ ਹਨ ਤਾਂ ਪਰਿਵਾਰ ਇਕੱਠੇ ਬੈਠ ਕੇ ਨਹੀਂ ਦੇਖ ਸਕਦੇ । ਕੁੜੀਆਂ ਨੂੰ ਇੱਕ ਬਾਰਬੀ ਡੌਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਕਾਮ ਉਕਸਾਊ ਗੱਲਾਂ ਨਾਲ ਲੋਕਾਂ ਨੂੰ ਅਤਿਅੰਤ ਗੁੰਮਰਾਹ ਕੀਤਾ ਜਾਂਦਾ ਹੈ । ਚੜ੍ਹਦੀਆਂ ਜਵਾਨੀਆਂ ਨੂੰ ਵਰਗਲਾਉਣਾ ਇਨ੍ਹਾਂ ਦਾ ਉਦੇਸ਼ ਹੈ ਤਾਂ ਜੋ ਜਿਹੜੇ ਜਵਾਨ ਦਿਲਾਂ ਵਿੱਚ ਕੁੱਝ ਕਰਨ ਦੀ ਸਮਰੱਥਾ ਹੈ ਉਹ ਇਨ੍ਹਾਂ ਲੱਚਰ ਗੀਤਾਂ ਵਿੱਚ ਉਲਝ ਕੇ ਰਹਿ ਜਾਣ । ਉਹ ਆਪਣੀ ਮੰਜ਼ਿਲ ਬਾਰੇ ਤੇ ਲੋਕਾਂ ਬਾਰੇ ਬਿਲਕੁਲ ਵੀ ਨਾ ਸੋਚ ਸਕਣ । ਅੱਜ ਦੀ ਪੀੜ੍ਹੀ ਨੂੰ ਸਾਇੰਸ ਦੇ ਇਸ ਯੁੱਗ ਵਿੱਚ ਨਵੀਆਂ ਤੋਂ ਨਵੀਆਂ ਕਾਢਾਂ ਕੱਢ ਕੇ ਮਨੁੱਖੀ ਜੀਵਨ ਨੂੰ ਉਚੇਰਾ ਅਤੇ ਸੁਹਿਰਦ ਬਣਾਉਣ ਲਈ ਉਪਰਾਲਿਆਂ ਦੀ ਲੋੜ ਹੈ । ਇਹਨਾਂ ਗੀਤਾਂ ਵਿੱਚ ਮੁੰਡਿਆਂ ਨੂੰ ਆਪਣਾ ਸਮਾਂ ਕੁੜੀਆਂ ਦੇ ਮਗਰ ਫਿਰ ਕੇ ਜਾਂ ਬਦਮਾਸ਼ੀਆਂ ਕਰ ਕੇ ਜਾਇਆ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਦਕਿਆਨੂਸੀ ਗੱਲਾਂ ਨੂੰ ਨਕਾਰਨ ਦੀ ਬਜਾਏ, ਉਹਨਾਂ ਦੀਆਂ ਪੜ੍ਹਾਈ ਦੀਆਂ ਲਕੀਰਾਂ ਹੱਥਾਂ ਵਿੱਚ ਲਿਖੀਆਂ ਹਨ, ਦੱਸਿਆ ਜਾਂਦਾ ਹੈ । ਮਿਹਨਤ ਜਾਂ ਜੀਵਨ ਦੇ ਅਸਲੀ ਆਦਰਸ਼ਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ।

ਇਹੋ ਜਿਹੇ ਅਨੇਕਾਂ ਗੀਤ ਵੈਲੀ ਹੋਣ, ਬੱਕਰੇ ਬੁਲਾਉਣ, ਡਾਲਰਾਂ ਨਾਲ ਜੇਬਾਂ ਭਰ ਕੇ ਦਿਖਾਵਾ ਕਰਨ, ਰਿਵਾਲਵਰ, ਦੁਨਾਲੀਆਂ ਲੈ ਕੇ ਗੁੰਡਿਆਂ ਦੀ ਦਿੱਖ ਬਣਾ ਕੇ, ਕਾਲੀਆਂ ਜਿਪਸੀਆਂ ਉੱਤੇ, ਕੁੰਢੀਆਂ ਮੁੱਛਾਂ ਨੂੰ ਵੱਟ ਦਿੰਦੇ ਹੋਏ, ਕੇਸ ਕਚਹਿਰੀਆਂ ਘੁੰਮਣ ਕੁੜੀਆਂ ਪਿੱਛੇ ਸੁਦਾਈ ਹੋਣ ਦੀ ਜੁਗਤ ਹੀ ਦੱਸਦੇ ਹਨ ।

ਇਹੋ ਜਿਹਾ ਸਾਹਿਤ ਅੱਤ ਦਰਜੇ ਦਾ ਘਟੀਆ ਹੈ ਜੋ ਜੱਟਵਾਦ ਜਾਂ ਹੋਰ ਜਾਤਾਂ ਦੀਆਂ ਗੱਲਾਂ ਕਰਦਾ ਹੈ । ਉਹ ਲੋਕਾਂ ਨੂੰ ਜਾਤਾਂ-ਗੋਤਾਂ ਵਿੱਚ ਵੰਡ ਕੇ, ਪਾੜ ਕੇ ਉਹਨਾਂ ਨੂੰ ਆਪਸ ਵਿੱਚ ਲੜਾਉਂਦਾ ਹੈ । ਐਹੋ ਜਿਹੇ ਲੇਖਕ ਲੋਕਾਂ ਨੂੰ ਇਹ ਦੱਸਣ ਦੀ ਬਜਾਏ ਕਿ ਜਾਤ-ਗੋਤ ਕੁਝ ਨਹੀਂ ਹੁੰਦੇ ਸਗੋਂ ਜਾਤਾਂ ਤਾਂ ਦੋ ਹਨ ਇੱਕ ਅਮੀਰ ਜਾਤ ਤੇ ਦੂਸਰੀ ਗਰੀਬ ਜਾਤ । ਲੜਾਈ ਤਾਂ ਗਰੀਬ ਜਮਾਤ ਨੂੰ ਅਮੀਰ ਜਮਾਤ ਨਾਲ ਵਿੱਢਣੀ ਚਾਹੀਦੀ ਹੈ ਜਿਹੜੇ ਉਸ

ਦੀ ਕਿਰਤ ਕਮਾਈ ਨੂੰ ਆਪਣੀ ਐਸ਼ੋਇਸ਼ਰਤ ਲਈ ਲੁੱਟਦੀ ਹੈ । ਇਹੋ ਜਿਹੇ ਸਾਹਿਤਕਾਰ ਗਾਹੇ ਵਗਾਹੇ ਪੂੰਜੀਵਾਦ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਸੁਣ ਨੀ ਚੁੜੇਲੇ ਰੱਤ ਪੀਣ ਵਾਲੀਏ-----

ਕੀੜੇ ਪੈਣਗੇ ਮਰੇਂਗੀ ਸੱਪ ਲੜ ਕੇ-----

ਜੇ ਮਿੱਤਰਾਂ ਦੀ ਹਾਅ ਲੱਗ ਗਈ -----

ਰੰਨ ਮਿੱਤ ਕਿਸੇ ਦੀ ਨਾ-----

ਕੀ ਅਜਿਹੇ ਗੀਤਾਂ ਦੇ ਲੇਖਕਾਂ ਦੀ ਆਪਣੀ ਮਾਂ, ਭੈਣ, ਧੀ ਜਾਂ ਪਤਨੀ ਨਹੀਂ?

ਸਵਾਲ ਇਹ ਉੱਠਦਾ ਹੈ ਕਿ ਇਹੋ ਜਿਹਾ ਸਾਹਿਤ ਲਿਖਿਆ ਕਿਉਂ ਜਾਂਦਾ ਹੈ? ਇਸ ਦਾ ਕਾਰਣ ਇਹ ਹੈ ਕਿ ਜਿਹੜੀ ਧਿਰ ਸਮਾਜਿਕ ਪ੍ਰਬੰਧ ਤੇ ਕਾਬਜ਼ ਹੁੰਦੀ ਹੈ, ਉਹ ਜਿਹੋ ਜਿਹਾ ਸਭਿਆਚਾਰ ਚਾਹੁੰਦੀ ਹੈ, ਉਸ ਨੂੰ ਪੈਦਾ ਕਰ ਕੇ ਆਪਣੇ ਪੱਖ ਵਿੱਚ ਖੜ੍ਹਾ ਕਰਨ ਲਈ, ਹਰ ਤਰ੍ਹਾਂ ਦੇ ਸਾਧਨਾਂ ਨਾਲ ਪ੍ਰਚਾਰ ਕਰ ਕੇ, ਪੈਸੇ ਦੇ ਜ਼ੋਰ 'ਤੇ ਉਹ ਉਹਨਾਂ ਲੇਖਕਾਂ ਨੂੰ ਸਿੱਧੇ ਜਾਂ ਜਾਂ ਅਸਿੱਧੇ ਢੰਗ ਨਾਲ ਮੱਦਦ ਕਰਦੀ ਹੈ ।

ਸ਼ਹੀਦ ਭਗਤ ਸਿੰਘ ਨੇ ਲਿਖਿਆ ਹੈ "ਜਿਸ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਸੇ ਪਾਸੇ ਉਹ ਦੇਸ਼ ਵੀ ਵਧ ਰਿਹਾ ਹੁੰਦਾ ਹੈ । ਕਿਸੇ ਵੀ ਦੇਸ਼ ਦੀ ਉੱਨਤੀ ਲਈ, ਉੱਚ ਕੋਟੀ ਦੇ ਸਾਹਿਤ ਦੀ ਲੋੜ ਹੁੰਦੀ ਹੈ । ਜਿਉਂ-ਜਿਉਂ ਦੇਸ਼ ਦਾ ਸਾਹਿਤ ਉੱਚਾ ਉਠਦਾ ਹੈ, ਤਿਉਂ-ਤਿਉਂ ਦੇਸ਼ ਤਰੱਕੀ ਕਰਦਾ ਜਾਂਦਾ ਹੈ ।"

ਪੰਜਾਬ ਦੇ ਸਾਹਿਤ ਦਾ ਵਹਾਅ ਨਸ਼ਿਆਂ, ਹਥਿਆਰਾਂ, ਅਸ਼ਲੀਲਤਾ, ਜਾਤੀਵਾਦ, ਕਾਮ ਉਕਸਾਊ ਜਜ਼ਬਿਆਂ, ਰਿਸ਼ਤਿਆਂ ਪ੍ਰਤੀ ਜਾਲਸਾਜ਼ੀ, ਬੇਹੁਰਮਤੀ, ਅੰਧਵਿਸਵਾਸ਼ੀ, ਲੋਕ ਵਿਰੋਧੀ, ਬਿਮਾਰ ਮਾਨਸਿਕਤਾ, ਨੰਗੇਜ਼ ਅਤੇ ਵਿਸ਼ਵ ਮੰਡੀ ਦੀ ਦੌੜ ਵਿੱਚ ਰੁੜ੍ਹਿਆ ਜਾ ਰਿਹਾ ਹੈ । ਇਹ ਦਾ ਭਾਵ ਇਹ ਨਹੀਂ ਕਿ ਵਧੀਆ ਗੀਤ ਲਿਖੇ ਜਾਂ ਗਾਏ ਨਹੀਂ ਜਾ ਰਹੇ । ਗ਼ਦਰ ਲਹਿਰ ਦੇ ਗ਼ਦਰੀ ਬਾਬਿਆਂ ਵੱਲੋਂ, ਦੇਸ਼ ਨੂੰ ਅਜ਼ਾਦ ਕਰਾਉਣ ਲਈ ਬਹੁਤ ਹੀ ਜੋਸ਼ੀਲੇ ਅਤੇ ਅਰਥ ਭਰਪੂਰ ਗੀਤ ਜੋ ਲੋਕਾਂ ਦੀ ਅਜ਼ਾਦੀ ਅਤੇ ਅਗਾਂਹਵਧੂ ਜਜ਼ਬਿਆਂ ਨੂੰ ਉਤਸ਼ਾਹਿਤ ਕਰਦੇ ਸਨ, ਲਿਖੇ ਗਏ ।

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ-----

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ-----

ਪ੍ਰੋ. ਮੋਹਣ ਸਿੰਘ, ਬਾਵਾ ਬਲਵੰਤ, ਧਨੀ ਰਾਮ ਚਾਤ੍ਰਿਕ ਆਦਿ ਵਰਗੇ ਕਵੀਆਂ ਨੇ ਲੋਕ ਪੱਖੀ ਸਾਹਿਤ ਲਿਖ ਕੇ ਰਹਿੰਦੀ ਦੁਨੀਆਂ ਤੱਕ ਆਪਣੀ ਜਗ੍ਹਾ ਬਣਾਈ ਹੈ । ਨਕਸਲਵਾੜੀ ਲਹਿਰ ਦੇ ਪ੍ਰਭਾਵ ਹੇਠ ਬਹੁਤ ਸਾਰਾ ਸਾਹਿਤ ਰਚਿਆ ਗਿਆ । ਸੰਤ ਰਾਮ ਉਦਾਸੀ ਦੇ ਲਿਖੇ ਬੋਲ ਅੱਜ ਵੀ ਲੋਕਾਂ ਦੀਆਂ ਜ਼ੁਬਾਨਾਂ 'ਤੇ ਉਵੇਂ ਦੇ ਉਵੇਂ ਉੱਕਰੇ ਪਏ ਹਨ ।

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ-----

ਦਬਾ ਦਬ ਚੱਲ ਮੇਰੇ ਬੈਲਾਂ ਦੀਏ ਜੋੜੀਏ ਨੀ

ਬੀਜਣੇ ਨੇ ਅਸੀਂ ਹਥਿਆਰ ---------

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ-----

ਗੱਲ ਤਾਂ ਇਨ੍ਹਾਂ ਵਿੱਚ ਵੀ ਹਥਿਆਰਾਂ ਦੀ ਕੀਤੀ ਗਈ ਹੈ ਪਰ ਇਹ ਹਥਿਆਰ ਲੋਕਾਂ ਨੂੰ ਵੱਢਣ-ਟੁੱਕਣ ਲਈ ਨਹੀਂ ਸਗੋਂ ਮਾੜੇ ਪ੍ਰਬੰਧ ਦੇ ਖਿਲਾਫ਼ ਲਾਮਬੰਦੀ ਦਾ ਸੁਨੇਹਾ ਹਨ ਅਤੇ ਸਮੇਂ ਦੀ ਸਰਕਾਰ ਨੂੰ ਘੁਰਕੀ ਹਨ । ਇਸੇ ਹੀ ਦੌਰ ਦੇ ਕਵੀ ਪਾਸ਼ ਨੇ ਲਿਖਿਆ

ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ

ਕੱਖਾਂ ਦੀਏ ਕੁੱਲੀਏ, ਮਿਨਾਰ ਬਣ ਜਾਈਂ-----

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ

ਨੱਚੇਗਾ ਅੰਬਰ ਭੂਮੀ ਗਾਊ ਹਾਣੀਆ-----

ਇਹਨਾਂ ਗੀਤਕਾਰਾਂ ਨੂੰ, ਜਿਨ੍ਹਾਂ ਨੇ ਲੋਕਪੱਖੀ ਸਾਹਿਤ ਲਿਖਿਆ, ਖਤਮ ਕਰਨ ਲਈ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕੋਸਿਸ਼ ਕੀਤੀ ਜਾਂਦੀ ਰਹੀ । ਜਿਵੇਂ ਜੇਲ੍ਹਾਂ ਵਿੱਚ ਡੱਕਿਆ ਜਾਣਾ, ਜ਼ਿੰਦਗੀ ਤੋਂ ਵਾਂਝੇ ਕੀਤਾ ਜਾਣਾ ਜਾਂ ਫਿਰਕੂ ਤਾਕਤਾਂ ਤੋਂ ਕਤਲ ਕਰਵਾਉਣਾ, ਅੱਖਾਂ ਵਿੱਚ ਤੇਜ਼ ਰੌਸ਼ਨੀ ਪਾ ਕੇ ਅੱਖਾਂ ਦੀ ਜੋਤ ਗਵਾ ਦੇਣਾ, ਉਹਨਾਂ ਦੇ ਦਿਮਾਗ 'ਤੇ ਸੱਟਾਂ ਮਾਰੀਆਂ ਜਾਂਦੀਆਂ ਹਨ ਤਾਂ ਜੋ ਉਹ ਲੋਕ ਪੱਖੀ ਸਾਹਿਤ ਲਿਖਣ ਦੀ ਜ਼ੁਰਅੱਤ ਨਾ ਕਰਨ । ਪਰ ਫਿਰ ਵੀ ਬਹੁਤ ਵਧੀਆ ਸਾਹਿਤ ਰਚਿਆ ਗਿਆ ਅਤੇ ਰਚਿਆ ਜਾ ਰਿਹਾ ਹੈ ।


ਜੇ ਅਸੀਂ ਆਪਣੀ ਨੌਜਵਾਨ ਪੀੜ੍ਹੀ, ਸਾਡੇ ਭਵਿੱਖ ਦੇ ਵਾਰਸ਼ਾਂ ਨੂੰ ਸਮਾਜ ਦੀਆਂ ਘਟੀਆਂ ਅਲਾਮਤਾਂ ਤੋਂ ਦੂਰ ਰੱਖਣਾ ਹੈ ਤਾਂ ਆਓ ਲੱਚਰ ਸਾਹਿਤ ਦਾ ਵਿਰੋਧ ਕਰੀਏ ਅਤੇ ਸਾਡੇ ਲੋਕ ਗੀਤਾਂ ਅਤੇ ਲੋਕ ਪੱਖੀ ਕਵੀਆਂ ਜਾਂ ਗੀਤਕਾਰਾਂ ਦੇ ਗੀਤਾਂ ਨੂੰ ਸਟੇਜਾਂ ਤੇ ਬਹੁਤਾਤ ਵਿੱਚ ਲਿਆਈਏ।

ਸਰ੍ਹੀ

604 760 4794

ਅੰਧ-ਵਿਸ਼ਵਾਸ ਦੀ ਇੰਤਹਾ

ਸੁੱਤੇ ਆਦਮੀ ਬਣਨ ਲੱਗੇ ਪੱਥਰ ---------?



ਡਾ. ਅਜੀਤਪਾਲ ਸਿੰਘ

ਕੁੱਝ ਦਿਨ ਪਹਿਲਾਂ ਇੱਕ ਰਾਤ ਲਖਨਊ ਸਮੇਤ ਉੱਤਰ ਪ੍ਰਦੇਸ਼ ਦੇ ਸੱਤ-ਅੱਠ ਜਿਲ੍ਹਿਆਂ ਲਈ ਦਹਿਸ਼ਤ ਅਤੇ ਖੌਫ਼ ਦਾ ਮੰਜਰ ਬਣ ਗਈ। ਤੁਸੀਂ ਸ਼ਾਇਦ ਸੋਚ ਰਹੇ ਹੋਵੋਗੇ ਕਿ ਅਜਿਹਾ ਹੋਇਆ ਕੀ ? ਇਹ ਕੁਝ ਹੋਰ ਨਹੀਂ ਬਲਕਿ ਇੱਕ ਅਫ਼ਵਾਹ ਸੀ ਕਿ ਸੁੱਤੇ ਆਦਮੀ ਪੱਥਰ ਦੇ ਬਣੀ ਜਾ ਰਹੇ ਹਨ, ਕਿ ਰਾਤ ਨੂੰ ਕਦੋਂ ਵੀ ਭੂਚਾਲ ਆ ਸਕਦਾ ਹੈ ਅਤੇ ਇਹ ਗੱਲ ਇੱਥੋਂ ਤੱਕ ਫੈਲੀ ਕਿ ਗੋਮਤੀ ਨਦੀ ਦੇ ਕਿਨਾਰੇ ਕੁੱਝ ਪਿੰਡ ਜ਼ਮੀਨ 'ਚ ਧਸ ਗਏ ਹਨ। ਦੇਖਦੇ ਹੀ ਦੇਖਦੇ ਇਹ ਖਬਰ ਪਿੰਡਾਂ ਅਤੇ ਸ਼ਹਿਰਾਂ 'ਚ ਫੈਲ ਗਈ, ਇੱਕ ਦਮ ਹਵਾ ਵਾਂਗੂੰ। ਪਿੰਡਾਂ 'ਚ 'ਜਾਗਦੇ ਰਹੋ' ਦੇ ਹੋਕੇ ਦੇ ਕੇ ਕੁਝ ਲੋਕ ਸੁੱਤੇ ਲੋਕਾਂ ਨੂੰ ਜਗਾ ਰਹੇ ਸਨ। ਉਹਨਾਂ ਨੂੰ ਪੂਰੀ ਰਾਤ ਇਕੱਲਿਆਂ ਬੈਠ ਕੇ ਲੰਘਾਉਣੀ ਪਈ। ਸ਼ਹਿਰਾਂ 'ਚ ਸਭ ਆਪਣੇ-ਆਪਣੇ ਘਰਾਂ ਤੋਂ ਬਾਹਰ ਆ ਗਏ ਅਤੇ ਮੋਬਾਇਲ 'ਤੇ ਇੱਕ-ਦੂਜੇ ਦੀ ਖੈਰ-ਸੁੱਖ ਪੁੱਛਣ ਲੱਗੇ ਅਤੇ ਨਾਲ ਹੀ ਇਹ ਵੀ ਕਹਿੰਦੇ ਕਿ ਦੁਬਾਰਾ ਸੌਣਾ ਨਹੀਂ ਵਰਨਾ ਅਨਰਥ ਹੋ ਜਾਵੇਗਾ। ਧਾਰਮਿਕ ਆਸਥਾ ਅਨੁਸਾਰ ਲੋਕਾਂ ਨੇ ਆਪਣੇ ਇਸ਼ਟ ਦੇਵਤਿਆਂ ਨੂੰ ਯਾਦ ਕਰਨਾ ਸ਼ੁਰੂ ਕਰ ਦਿੱਤਾ। ਕੁੱਝ ਥਾਵਾਂ 'ਤੇ ਔਰਤਾਂ ਆਪਣੇ ਘਰਾਂ ਦੇ ਦਰਵਾਜ਼ਿਆਂ 'ਤੇ ਹਲਦੀ ਲੱਗੇ ਪੰਜੇ ਨਾਲ ਠੱਪੇ ਲਾਉਣ ਲੱਗੀਆਂ। ਇਸ ਤਰ੍ਹਾਂ ਪੂਰੀ ਰਾਤ ਲੋਕਾਂ ਨੇ ਜਾਗ ਕੇ ਲੰਘਾਈ। ਸਵੇਰੇ ਦਿਨ ਚੜ੍ਹਨ 'ਤੇ ਹੀ ਲੋਕ ਇਸ ਡਰ ਤੋਂ ਮੁਕਤ ਹੋ ਸਕੇ। ਇਸ ਘਟਨਾ ਤੋਂ ਕੋਈ ਵੀ ਤਰਕਸ਼ੀਲ ਬੰਦਾ ਇਹ ਸੋਚਣ ਲਈ ਮਜਬੂਰ ਹੋਵੇਗਾ ਕਿ ਅਨਪੜ੍ਹ ਨੂੰ ਛੱਡ ਵੀ ਦੇਈਏ ਤਾਂ 'ਪੜ੍ਹੇ-ਲਿਖੇ' ਲੋਕਾਂ ਨੇ ਐਸੀ ਸੋਚ ਨੂੰ ਸਹੀ ਮੰਨ ਕੇ ਉਸ ਅਨੁਸਾਰ ਅਜਿਹਾ ਵਿਹਾਰ ਕਿਉਂ ਕੀਤਾ? ਇਹ ਕੋਈ ਨਵੀਂ ਘਟਨਾ ਨਹੀਂ ਹੈ ਬਲਕਿ ਅਜਿਹੀਆਂ ਕਈ ਘਟਨਾਵਾਂ ਵੱਖ-ਵੱਖ ਅੰਦਾਜ਼ 'ਚ ਸਾਹਮਣੇ ਆ ਚੁੱਕੀਆਂ ਹਨ। ਕਦੀ ਮੂੰਹ ਨੋਚਣ ਦੀ ਦਹਿਸ਼ਤ, ਕਦੀ ਗਣੇਸ਼ ਦੀਆਂ ਮੂਰਤੀਆਂ ਦੇ ਦੁੱਧ ਪੀਣ ਦੀ ਅਫ਼ਵਾਹ, ਕਦੀ ਸਮੁੰਦਰ ਦੇ ਪਾਣੀ ਦੇ ਮਿੱਠੇ ਹੋਣ ਦੀ ਗੱਲ, ਕਦੀ ਮੋਬਾਇਲ ਦੀ ਦਹਿਸ਼ਤ (ਇੱਕ ਖਾਸ ਨੰਬਰ ਤੋਂ ਮੋਬਾਇਲ ਫੋਨ 'ਤੇ ਕਾਲ ਆਉਂਦੀ ਹੈ, ਰਸੀਵ ਕਰਨ ਵਾਲੇ ਦੇ ਮੋਬਾਇਲ ਦੀ ਸਕਰੀਨ ਲਾਲ ਹੋ ਜਾਂਦੀ ਹੈ ਅਤੇ ਉਹ ਬੰਦਾ ਮਰ ਜਾਂਦਾ ਹੈ)। ਇਸ ਘਟਨਾ ਦੇ ਫੈਲਣ 'ਤੇ ਲੋਕਾਂ ਨੇ ਲੈਂਡਲਾਈਨ ਫੋਨ ਵੀ ਚੁੱਕਣਾ ਬੰਦ ਕਰ ਦਿੱਤਾ ਸੀ, ਸਿਰਫ਼ ਮੋਬਾਇਲ ਸੁਨੇਹੇ ਦੇ ਰਾਹੀਂ ਹੀ ਗੱਲ ਕਰਦੇ ਸਨ। ਬਿਨਾਂ ਅੱਗ ਤੋਂ ਧੂੰਆਂ ਕਿਵੇਂ ਉਡਾਇਆ ਜਾਂਦਾ ਹੈ, ਇਸ ਦੀਆਂ ਇਹ ਸਪੱਸ਼ਟ ਉਦਾਹਰਣਾਂ ਹਨ। ਸਰਕਾਰ ਅਫ਼ਵਾਹਾਂ ਨੂੰ ਅਨੈਤਿਕ ਅਤੇ ਗੈਰ ਕਾਨੂੰਨੀ ਮੰਨਦੀ ਹੈ ਪਰ ਕਦੀ ਵੀ ਉਹਨਾਂ ਲੋਕਾਂ ਦੀ ਸ਼ਿਕਾਇਤ ਨਹੀਂ ਹੋ ਸਕੀ ਜੋ ਅਫ਼ਵਾਹਾਂ ਫੈਲਾਉਣ ਦੇ ਦੋਸ਼ੀ ਹੁੰਦੇ ਹਨ। ਕੁਝ ਲੋਕਾਂ ਅਨੁਸਾਰ ਇਹ ਮੋਬਾਇਲ ਕੰਪਨੀਆਂ ਦਾ ਕਾਰਨਾਮਾ ਹੋ ਸਕਦਾ ਹੈ, ਜੋ ਮੈਸੇਜ ਰਾਹੀਂ ਅਜਿਹੀ ਅਫ਼ਵਾਹ ਫੈਲਾਅ ਕੇ ਕੁਝ ਹੀ ਸਮੇਂ 'ਚ ਕਾਫ਼ੀ ਪੈਸਾ ਬਣਾ ਸਕਦੀਆਂ ਹਨ। ਦੂਸਰਾ ਅਜਿਹੀਆਂ ਖਬਰਾਂ ਪਿੰਡਾਂ 'ਚ ਦਰਸ਼ਕਾਂ ਦੀ ਗਿਣਤੀ ਵਧਾਉਣ ਅਤੇ ਇਸ ਬਹਾਨੇ ਟੀ.ਵੀ. ਕੰਪਨੀਆਂ ਦੀ ਰੇਟਿੰਗ ਵਧਾਉਣ ਦਾ ਮਾਧਿਅਮ ਬਣ ਰਹੀਆਂ ਹਨ। ਵਿਚਾਰ ਅਤੇ ਕਾਰਣ ਕਿੰਨ੍ਹੇ ਵੀ ਹੋ ਸਕਦੇ ਹਨ। ਪਰ ਸਮਾਜ 'ਚ ਇਹ ਤਾਕਤਾਂ ਅਫਵਾਹਾਂ ਫੈਲਾਉਣ 'ਚ ਕਿਉਂ ਕਾਮਯਾਬ ਹੁੰਦੀਆਂ ਹਨ, ਇਹ ਸੋਚਣ ਦੀ ਗੱਲ ਹੈ? ਅਜਿਹੀਆਂ ਗੱਲਾਂ ਦੇ ਕਾਰਨ ਸਾਡੇ ਸਮਾਜਿਕ ਤਾਣੇ-ਬਾਣੇ ਵਿੱਚ ਮੌਜੂਦ ਹਨ। ਕਾਰਨ ਕਿ ਅਸੀਂ ਜਿਸ ਸਮਾਜ 'ਚ ਪਲਦੇ-ਪੜ੍ਹਦੇ ਹਾਂ, ਉਥੇ ਤਰਕ ਕਰਨਾ, ਬਹਿਸ਼ ਕਰਨੀ, ਕਿਸੇ ਚੀਜ ਦੇ ਹੋਣ ਦੇ ਕਾਰਨਾਂ ਨੂੰ ਜਾਂਚਣਾ, ਸਾਨੂੰ ਸਿਖਾਇਆ ਨਹੀਂ ਜਾਂਦਾ। ਅੱਜ ਦੇ ਸਮੇਂ ਪੂਰੇ ਸੰਸਾਰ ਨੇ ਜੋ ਤਰੱਕੀ ਕੀਤੀ ਹੈ, ਉਸ 'ਚ ਵਿਗਿਆਨ ਦੀ ਭੂਮਿਕਾ ਮਹੱਤਵਪੂਰਨ ਰੂਪ ਨਾਲ ਰਹੀ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਦੀ ਵਰਤੋਂ 'ਚ ਵਿਗਿਆਨਕ ਸਿਧਾਂਤ ਕੰਮ ਕਰਦੇ ਹਨ। ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ 'ਚ ਅਸੀਂ ਜੀਅ ਰਹੇ ਹਾਂ। ਪੂਰੇ ਦੇਸ਼ ਪੱਧਰ 'ਤੇ ਦੂਰ ਸੰਚਾਰ ਮਾਧਿਅਮਾਂ ਦਾ ਜਾਲ ਫੈਲਿਆ ਹੈ, ਜਿਸ ਦੇ ਮਾਧਿਅਮ ਨਾਲ ਲੋਕਾਂ ਨੂੰ ਬੇਹਤਰ ਸਿੱਖਿਆ, ਜੋ ਕਿ ਵਿਗਿਆਨਕ

ਹੋਵੇ, ਤਰਕਸ਼ੀਲ ਹੋਵੇ, ਜੋ ਸਾਨੂੰ ਸੋਚਣ ਦਾ ਵਿਆਪਕ ਫਲਕ ਮੁਹੱਈਆ ਕਰਵਾਉਂਦੀ ਹੋਵੇ, ਦਿੱਤੀ ਜਾ ਸਕਦੀ ਹੈ। ਪਰ ਅਜਿਹਾ ਨਹੀਂ ਹੋ ਰਿਹਾ ਕਿਉਂਕਿ ਇਹਨਾਂ ਸੰਚਾਰ ਮਾਧਿਅਮਾਂ 'ਤੇ ਸਰਕਾਰੀ, ਗੈਰ ਸਰਕਾਰੀ ਦਿਉ ਕੱਦ ਕੰਪਨੀਆਂ ਦੀ ਇਜ਼ਾਰੇਦਾਰੀ ਹੈ, ਜਿਸ ਦੀ ਵਰਤੋਂ ਉਹ ਸਿਰਫ ਮੁਨਾਫ਼ਾ ਬਟੋਰਨ ਲਈ ਕਰਦੀਆਂ ਹਨ। ਇਸੇ ਕਾਰਨ ਕੇਬਲ, ਟੀ.ਵੀ. ਚੈਨਲਾਂ 'ਤੇ ਅਜਿਹੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ ਜੋ ਕਿ ਸਾਨੂੰ ਪਿਛਾਖੜੀ, ਗੈਰ-ਤਰਕਸ਼ੀਲ, ਰੱਬੀ ਤਾਕਤਾਂ 'ਤੇ ਭਰੋਸੇ ਵਾਲਾ, ਆਤਮ ਵਿਸਵਾਸ਼ ਰਹਿਤ ਅਤੇ ਹਿੰਸਕ ਬਣਾ ਰਹੀ ਹੈ। ਬੱਚਿਆਂ 'ਤੇ ਵੀ ਇਸ ਦਾ ਕਾਫੀ ਬੁਰਾ ਅਸਰ ਹੋ ਰਿਹਾ ਹੈ। ਪੂੰਜੀਵਾਦ, ਨਾ ਸਿਰਫ ਵਿਗਿਆਨ ਅਤੇ ਉਸ ਦੀਆਂ ਖੋਜਾਂ ਦੀ ਮੁਨਾਫ਼ੇ ਲਈ ਆਦਮਖੋਰ ਤਰੀਕੇ ਨਾਲ ਵਰਤੋਂ ਕਰ ਰਿਹਾ ਹੈ, ਬਲਕਿ ਅਧਿਆਤਮ ਅਤੇ ਧਰਮ ਦੀ ਵੀ ਇਹ ਅਜਿਹੀ ਦੁਰਵਰਤੋਂ ਕਰ ਰਿਹਾ ਹੈ। ਅਧਿਆਤਮਿਕਤਾ ਅਤੇ ਧਰਮ ਦੀ ਵਰਤੋਂ ਚੇਤਨਾ ਨੂੰ ਖੁੰਢਾ ਕਰਨ ਲਈ ਕੀਤੀ ਜਾਂਦੀ ਹੈ। ਪੂੰਜੀਵਾਦ ਵਿਗਿਆਨ ਦੀਆਂ ਸਾਰੀਆਂ ਨਿਆਮਤਾਂ ਦੀ ਵਰਤੋਂ ਤਾਂ ਕਰਨਾ ਚਾਹੁੰਦਾ ਹੈ ਪਰ ਵਿਗਿਆਨ ਅਤੇ ਤਰਕ ਦੀ ਰੌਸ਼ਨੀ ਨੂੰ ਲੋਕਾਂ ਦੇ ਵਿਆਪਕ ਤਬਕਿਆਂ ਤੱਕ ਪਹੁੰਚਣ ਤੋਂ ਰੋਕਣ ਲਈ ਜਾਂ ਉਸ ਨੂੰ ਵਿਗੜੇ ਰੂਪ 'ਚ ਆਮ ਲੋਕਾਂ 'ਚ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ ਕਰਦਾ ਹੈ।

ਬਠਿੰਡਾ 98156-29301

ਤਰਕਸ਼ੀਲ ਹਾਲ ਲਈ ਫੰਡ

ਖਰੜ ਇਕਾਈ ਰਾਹੀਂ

ਜਸਵਿੰਦਰ ਸਿੰਘ, ਮਕਾਨ ਨੰ:2243, ਰਾਮ ਬਾਗ ਰੋਡ, ਖਰੜ 3100
ਰਣਧੀਰ ਕੌਰ, ਸੰਤੋ ਮਾਜਰਾ 500
ਸੀਮਾ ਢਿੱਲੋਂ ਆਪਣੇ ਪੋਤਰੇ ਦੇ ਜਨਮ 'ਤੇ 1000

ਵਿਜੈ ਬੰਬੇਲੀ ਰਾਹੀਂ

ਸ੍ਰੀ ਹਰਬਿੰਦਰ ਸਿੰਘ, ਡਡਿਆਣਾ, ਹੁਸ਼ਿਆਰਪੁਰ ਹਾਲ ਇਟਲੀ 8000

ਮੁਖਵਿੰਦਰ ਸਿੰਘ ਚੋਹਲਾ ਸਾਹਿਬ ਰਾਹੀਂ

ਡਾ.ਨਵਨੀਤ ਕੌਰ ਪੁੱਤਰੀ ਸ੍ਰੀ ਗੁਰਭੇਜ ਸਿੰਘ ਲੈਕਚਰਾਰ, ਤਰਨਤਾਰਨ ਆਪਣੇ ਵਿਆਹ 'ਤੇ 500

ਮਲੇਰਕੋਟਲਾ ਇਕਾਈ ਰਾਹੀਂ

ਜਸਵਿੰਦਰ ਸਿੰਘ ਟਿਵਾਣਾ, ਲਸੋਈ ਆਪਣੀ ਮਾਤਾ ਬਲਵੰਤਰ ਕੌਰ ਟਿਵਾਣਾ ਦੀ ਯਾਦ ਵਿੱਚ 5000

ਮਾਸਟਰ ਗਿਆਨ ਸਿੰਘ ਇਕਾਈ ਬਠਿੰਡਾ ਰਾਹੀਂ

ਡਾ.ਸਤਨਾਮ ਸਿੰਘ ਕੋਟਭਾਈ 500
ਬਲਵਿੰਦਰ ਸਿੰਘ ਜ਼ਿਲਾ ਸਕੱਤਰ ਡੀ.ਟੀ.ਐਫ, ਬਠਿੰਡਾ 1000
ਤਾਰਾ ਸਿੰਘ ਬਿਜਲੀ ਬੋਰਡ, ਨੰਦਗੜ੍ਹ ਕੋਟਲਾ 500
ਮਾਸਟਰ ਗਿਆਨ ਸਿੰਘ ਇਕਾਈ ਬਠਿੰਡਾ 1000
ਆਪਣੇ ਤੌਰ'ਤੇ ਰਮਣੀਕ ਸਿੰਘ ਅਤੇ ਗੁਰਜੀਤ ਸਿੰਘ, ਦਸ਼ਮੇਸ਼ ਨਗਰ, ਪਟਿਆਲਾ ਆਪਣੇ ਪਿਤਾ ਸ੍ਰ.ਜੁਗਿੰਦਰ ਸਿੰਘ ਡੀ.ਐਸ.ਪੀ. ਦੀ ਅੰਤਿਮ ਵਿਦਾਇਗੀ 'ਤੇ 5000

ਰੋਪੜ ਇਕਾਈ ਰਾਹੀਂ

ਰਾਜਪਾਲ ਪਿੰਡ ਤੇ ਡਾਕ.ਖਿਜਰਾਵਾਦ 500

ਕੁਲਜੀਤ, ਜੋਨ ਫਾਜ਼ਿਲਕਾ ਰਾਹੀਂ

ਮਾਸਟਰ ਭਾਲਾ ਰਾਮ, ਡੰਗਰਖੇੜਾ ਆਪਣੀ ਦਾਦੀ ਜੀ ਦੀ ਯਾਦ 'ਚ 500
ਗੁਰਪਾਲ ਸਿੰਘ ਸੰਧੂ, ਮਕਾਨ ਨੰ:224, ਗਲੀ ਨੰ:1, ਜਗਰਾਓਂ 10000

ਇਕਾਈ ਮੋਹਾਲੀ ਰਾਹੀਂ

1. ਬਲਵੀਰ ਸਿੰਘ, ਕਾਰਜਕਾਰੀ ਇੰਜੀਨੀਅਰ, #1112, ਸੈਕਟਰ-79, ਮੋਹਾਲੀ: 2000
2. ਸ਼੍ਰੀ ਮਹਿੰਦਰ ਸਿੰਘ, ਮੁੱਖ ਅਧਿਆਪਕ, #2578, ਸੈਕਟਰ-69, ਮੋਹਾਲੀ : 1000
3. ਜਸਵਿੰਦਰ ਸਿੰਘ, ਐਸ ਡੀ ਓ, #1099, ਸੈਕਟਰ-68, ਮੋਹਾਲੀ : 1000
4. ਗਿਆਨੀ ਸੁਰਿੰਦਰ ਸਿੰਘ, ਮੋਰਿੰਡਾ ਵਾਲੇ 1000
5. ਧਰਮ ਸਿੰਘ ਐਸ ਡੀ ਓ, #80, ਫੇਜ਼-1, ਮੋਹਾਲੀ
6. ਮਾਸਟਰ ਜਰਨੈਲ ਕ੍ਰਾਂਤੀ : 1000
7. ਮਾਸਟਰ ਸ਼ਮਸ਼ੇਰ ਰਾਮ ਗਰੋਵਰ, #570, ਸੈਕਟਰ-69 500

ਬਾਕੀ ਪੰਨਾ 40 ਤੇ

ਰੱਬ ਨਾ ਗੁੰਝਲ, ਨਾ ਬੁਝਾਰਤ ---------

ਸੁਰਿੰਦਰ ਰਾਮਪੁਰਾ

ਜਦੋਂ ਤੋਂ ਧਰਤੀ 'ਤੇ ਮਨੁੱਖੀ ਜੀਵਨ ਦਾ ਆਰੰਭ ਹੋਇਆ ਹੈ, ਮੁਢਲੇ ਮਨੁੱਖ ਨੇ ਧਰਤੀ 'ਤੇ ਸੁਰਤ ਸੰਭਾਲੀ ਹੈ, ਜੀਵਨ ਸਹਿਜ ਚਾਲ ਚਲਦੇ, ਕਦੋਂ ਰੱਬ ਇਸ ਸਹਿਜ ਚਾਲ ਵਿੱਚ ਇਤਿਹਾਸਕ ਦੌਰ 'ਚ ਪ੍ਰਵੇਸ਼ ਕਰ ਗਿਆ, ਇਹ ਜਾਨਣਾ ਸਾਡੇ ਸਾਰਿਆਂ ਲਈ ਅਚੰਭੇ ਭਰਿਆ ਹੈ । ਇਸ ਅਸਲੀਅਤ ਨੂੰ ਜਾਨਣ ਲਈ ਸਮਾਜਿਕ ਵਿਕਾਸ ਨੂੰ ਗੰਭੀਰਤਾ ਨਾਲ ਜਾਨਣਾ ਜ਼ਰੂਰੀ ਹੈ ।

ਵਿਸ਼ਾਲ ਧਰਤੀ 'ਤੇ ਮਨੁੱਖੀ ਵਿਕਾਸ ਕੋਈ ਅਚਨਚੇਤੀ ਵਾਪਰੀ ਘਟਨਾ ਨਹੀਂ ਹੈ । ਇਹ ਕਿਸੇ ਰੱਬੀ ਕਰਾਮਾਤ ਦੀ ਉਪਜ ਨਹੀਂ ਹੈ । ਦਰਅਸਲ ਮਨੁੱਖੀ ਹੋਂਦ ਦਾ ਵਿਕਾਸ ਕੋਈ 20 ਲੱਖ ਸਾਲ ਪੁਰਾਣਾ ਇਤਿਹਾਸ ਹੈ । ਤਕਰੀਬਨ ਹੁਣ ਤੋਂ 30 ਹਜ਼ਾਰ ਸਾਲ ਪਹਿਲਾਂ, ਮਨੁੱਖ ਨੇ ਸਾਧਾਰਣ ਮਨੁੱਖ ਵਰਗੇ ਜੀਵਨ ਵਿਕਾਸ 'ਚ ਕਦਮ ਰੱਖਿਆ। ਮਨੁੱਖੀ ਵਿਕਾਸ ਦੇ ਅਹਿਮ ਪੜਾਅ ਜਿਵੇਂ ਆਦਿ ਕਲੀਨ ਮਾਤਰੀ ਪ੍ਰਧਾਨ ਕਬੀਲਾ ਯੁੱਗ, ਪਿਤਰੀ ਸਤਾ ਵਾਲਾ ਕਬੀਲਾ ਯੁੱਗ, ਗੁਲਾਮਦਾਰੀ, ਰਜਵਾੜਾ ਸ਼ਾਹੀ ਅਤੇ ਸਰਮਾਏਦਾਰਾ ਯੁੱਗ ਕਰਮ ਵਿਕਾਸ, ਪ੍ਰਸਥਿਤੀਆਂ ਬਦਲਣ ਦੇ ਨਾਲ ਵਿਕਾਸ ਕਰਦੇ ਗਏ ਹਨ ।

ਮਨੁੱਖੀ ਹੋਂਦ ਦਾ ਮੁੱਢਲਾ ਸਮਾਂ ਕਰੀਬ 20 ਲੱਖ ਸਾਲ ਪੁਰਾਣਾ ਹੈ । ਉਦੋਂ ਮਨੁੱਖ ਪਸ਼ੂਆਂ ਵਾਂਗ ਝੁੰਡਾਂ ਵਿੱਚ ਨੰਗੇ-ਧੜੰਗੇ, ਜੰਗਲਾਂ ਪਹਾੜਾਂ ਦੀਆਂ ਗੁਫਾਵਾਂ ਅਤੇ ਕੰਦਰਾਂ ਵਿੱਚ ਰਹਿੰਦੇ ਸਨ । ਮਨੁੱਖ ਦੇਖਣ ਨੂੰ ਨੰਗ-ਧੜੰਗਾ, ਅੱਜ ਦੇ ਬਣ-ਮਾਨਸ ਜਾਂ ਗੁਰੀਲੇ ਵਰਗਾ ਲੱਗਦਾ ਸੀ । ਉਹ ਵੀ ਪਸ਼ੂਆਂ ਵਾਂਗ ਪ੍ਰਾਕ੍ਰਿਤੀ 'ਤੇ ਨਿਰਭਰ ਸੀ । ਇਸ ਲਈ ਮਨੁੱਖ ਨੂੰ ਖੂੰ-ਖ਼ਾਰ ਜਾਨਵਰਾਂ ਤੋਂ ਬਚਾਅ ਲਈ, ਅਤੇ ਖਾਦ-ਖੁਰਾਕ ਇਕੱਠੀ ਕਰਨ ਲਈ, ਝੁੰਡਾਂ ਵਿੱਚ ਰਹਿਣਾ ਪੈਂਦਾ ਸੀ । ਉਹ ਟੋਲਿਆਂ ਵਿੱਚ ਰਹਿਣ ਲਈ ਮਜਬੂਰ ਸੀ । ਉਸ ਨੂੰ ਦਰਖਤਾਂ 'ਤੇ ਚੜ੍ਹਨ-ਉਤਰਨ ਲਈ ਵੀ ਮਜਬੂਰ ਹੋਣਾ ਪਿਆ । ਇਸ ਦੇ ਸਿੱਟੇ ਵਜੋਂ ਮਨੁੱਖ ਦੇ ਪੰਜੇ ਦੀਆਂ ਉਂਗਲਾਂ ਸਰਗਰਮ ਹੋਈਆਂ । ਮਨੁੱਖ ਸਿੱਧਾ ਖੜ੍ਹਾ ਹੋਣ, ਬੈਠਣ ਅਤੇ ਤੁਰਨ ਦੇ ਯੋਗ ਬਣਿਆ । ਮਨੁੱਖ ਦੇ ਸਿੱਧੇ ਖੜ੍ਹੇ ਹੋਣ ਨਾਲ ਉਸ ਦੀ ਗਰਦਨ ਇੱਧਰ-ਉੱਧਰ, ਉੱਪਰ-ਨੀਚੇ ਘੁੰਮਣ ਲੱਗੀ। ਸਿੱਟੇ ਵਜੋਂ ਉਸ ਨੂੰ ਆਪਣੇ ਉੱਪਰ ਆਕਾਸ਼ ਦਾ ਅਹਿਸਾਸ ਹੋਇਆ । ਮਨੁੱਖ ਦੀ ਮਿਹਨਤ ਅਤੇ ਸਰਗਰਮੀ ਵਿੱਚੋਂ ਉਸ ਦੇ ਦਿਮਾਗ ਦਾ ਵਿਕਾਸ ਸ਼ੁਰੂ ਹੋਇਆ । ਉਹ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਬਾਹਰੀ ਸੰਸਾਰ ਦਾ ਅਨੁਭਵ ਕਰਨ ਲੱਗਾ ਅਤੇ ਇਸ ਬਾਰੇ ਵਿਚਾਰ ਬਣਾਉਣ ਲੱਗਾ ।

ਏਂਗਲਜ਼ ਅਨੁਸਾਰ, 'ਮਨੁੱਖ, ਮਨੁੱਖੀ ਸਮਾਜ ਦੀ ਮਿਹਨਤ 'ਤੇ ਸਰਗਰਮੀ ਦੀ ਉੱਪਜ ਹੈ।'

ਪੁਰਾਣੇ ਸਮੇਂ ਵਿੱਚ ਹਾਲੇ ਬੋਲੀ ਦਾ ਵਿਕਾਸ ਨਹੀਂ ਹੋਇਆ ਸੀ । ਉਸ ਵਕਤ ਮਨੁੱਖ ਇਸ਼ਾਰਿਆਂ, ਸੰਕੇਤਾਂ 'ਤੇ ਵਿਸ਼ੇਸ਼ ਆਵਾਜ਼ਾਂ ਰਾਹੀਂ ਹੀ ਆਪਸ ਵਿੱਚ ਸਬੰਧ ਰੱਖਦੇ ਸਨ ।

ਜੇ ਅਮਲੀ ਤੌਰ 'ਤੇ ਦੇਖੀਏ ਤਾਂ ਪਹਿਲੇ ਪੜਾਅ ਦੇ ਮਨੁੱਖ ਦਾ ਸੰਘਰਸ਼, ਕੁਦਰਤ ਤੇ ਖੂੰ-ਖਾਰ ਜਾਨਵਰਾਂ ਨਾਲ ਸੀ। ਪ੍ਰਾਕ੍ਰਿਤਕ ਸ਼ਕਤੀਆਂ (ਸੂਰਜ, ਅੱਗ, ਤੂਫ਼ਾਨ, ਅਸਮਾਨੀ ਬਿਜਲੀ ਦਾ ਗਰਜਨਾ, ਭੂਚਾਲ ਅਤੇ ਜਲ ਪਰਲੋ) ਉੱਤੇ ਉਸ ਦਾ ਕਾਬੂ ਨਹੀਂ ਸੀ। ਇਨ੍ਹਾਂ ਬਿਪਤਾਵਾਂ ਤੋਂ ਮਨੁੱਖ ਡਰਨ ਲੱਗ ਪਿਆ । ਇਸੇ ਤਰ੍ਹਾਂ ਖੂੰ-ਖਾਰ ਜਾਨਵਰ ਸ਼ੇਰ, ਚੀਤਾ, ਬਘਿਆੜ, ਜੰਗਲੀ ਹਾਥੀ ਅਤੇ ਸੱਪ ਆਦਿ ਉਸ ਦੀ ਜਾਨ ਦਾ ਖਾਉ ਸਨ । ਇਹ ਉਸ ਦੇ ਮਨ ਵਿੱਚ ਦਰਿੰਦਿਆਂ ਦਾ ਰੂਪ ਧਾਰ ਗਏ ।

ਤਕਰੀਬਨ 30 ਹਜ਼ਾਰ ਸਾਲ ਪਹਿਲਾਂ ਦਾ ਮਨੁੱਖ ਸ਼ਿਕਾਰੀ ਸੀ । ਉਹ ਸ਼ਿਕਾਰ ਮਾਰ ਕੇ ਹੀ ਨਿਰਬਾਹ ਕਰਦਾ ਸੀ । ਮੁੱਢਲੇ ਹਥਿਆਰ, ਪੱਥਰਾਂ ਨੂੰ ਘੜ ਕੇ, ਰਗੜ ਕੇ, ਤਿੱਖੇ ਕਰ ਕੇ (ਚਾਕੂ, ਕੁਹਾੜੀ ਅਤੇ ਨੇਜਾ) ਬਣਾਏ ਗਏ ਸਨ । ਮਨੁੱਖੀ ਸਮਾਜੀ ਮਿਹਨਤ ਤੇ ਸੰਦਾਂ ਦੀ ਵਰਤੋਂ ਨਾਲ, ਕੁੱਝ ਖੁਰਾਕ ਉਤਪਾਦਨ ਕਰਨ ਨਾਲ ਮੁਢਲਾ ਮਨੁੱਖ, ਆਮ ਮਨੁੱਖ ਵਰਗਾ ਬਣ ਚੁੱਕਿਆ ਸੀ। ਮਨੁੱਖ ਨੇ ਪਸ਼ੂਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕਰ ਦਿੱਤਾ ਸੀ । ਕਿਤੇ-ਕਿਤੇ ਮੁਢਲੀ ਖੇਤੀ ਵੀ ਹੁੰਦੀ ਸੀ ।

ਖੋਜਕਾਰਾਂ ਵੱਲੋਂ ਖੋਜੀਆਂ ਪੁਰਾਤਨ ਗੁਫਾਵਾਂ ਵਿੱਚੋਂ ਅਤੇ ਦਰਿਆਵਾਂ ਦੇ ਕੰਢਿਆਂ ਤੋਂ ਜੋ ਪੁਰਾਤਨ ਲੱਭਤਾਂ ਲੱਭੀਆਂ

ਗਈਆਂ ਹਨ, ਉਨ੍ਹਾਂ ਵਿੱਚ ਪੱਥਰ ਦੇ ਪੁਰਾਣੇ ਘੜੇ-ਤਰਾਸ਼ੇ ਸੰਦ ਮਿਲੇ ਹਨ। ਗੁਫ਼ਾਵਾਂ ਵਿੱਚ ਸੁਆਹ ਦੇ ਕੋਲੇ, ਜਾਨਵਰਾਂ ਦੀਆਂ ਹੱਡੀਆਂ ਮਿਲੀਆਂ ਹਨ। ਗੁਫ਼ਾਵਾਂ ਦੀਆਂ ਦੀਵਾਰਾਂ 'ਤੇ ਰੇਡੀਅਰ, ਬੈਲ, ਵੇਲ ਮੱਛੀਆਂ ਅਤੇ ਦਰਿਆਈ ਗੈਂਡਿਆਂ ਦੀਆਂ ਉਕਰੀਆਂ ਤਸਵੀਰਾਂ ਮਿਲੀਆਂ ਹਨ। ਪ੍ਰੰਤੂ ਕਿਸੇ ਦੀਵਾਰ 'ਤੇ ਕਿਸੇ ਰੱਬ ਦੀ ਉਕਰੀ ਤਸਵੀਰ ਨਹੀਂ ਮਿਲੀ ਹੈ।

ਮੁਢਲਾ ਮਨੁੱਖ ਸ਼ਿਕਾਰੀ ਸੀ। ਵੱਡੇ ਅਤੇ ਖ਼ੂੰ-ਖਾਰ ਜਾਨਵਰ ਮਾਰਨਾ ਇਕੱਲੇ ਮਨੁੱਖ ਦੇ ਵੱਸ ਨਹੀਂ ਸੀ। ਸੋ ਸਾਂਝੇ ਉੱਦਮ ਨਾਲ ਵੱਡੇ ਸ਼ਿਕਾਰ ਮਾਰੇ ਗਏ। ਇਸ ਨੇ ਮਨੁੱਖ ਨੂੰ ਇਕੱਠੇ ਰਹਿਣ ਦੀ ਕਲਾ ਸਿਖਾਈ। ਸਮਾਜ ਦਾ ਆਰੰਭਕ ਰੂਪ ਕਬੀਲੇ ਦੇ ਸਮੂਹਕ ਜੀਵਨ ਦੇ ਰੂਪ ਵਿੱਚ ਸਾਹਮਣੇ ਆਇਆ। ਇਸ ਪੜਾਅ ਤੱਕ ਵਿਅਕਤੀਗਤ ਮਲਕੀਅਤ ਦੇ ਵਿਚਾਰ ਦਾ ਮਨੁੱਖ ਦੇ ਜੇਹਨ ਵਿੱਚ ਆਉਣਾ ਸੰਭਵ ਹੀ ਨਹੀਂ ਸੀ। ਇਥੋਂ ਤੱਕ ਕਿ ਔਰਤ-ਮਰਦ ਵਿਚਕਾਰ ਸਬੰਧ ਵਿਅਕਤੀਗਤ ਨਾ ਹੋ ਕੇ ਸਮੂਹਕ ਸਨ। ਉਨ੍ਹੀਂ ਦਿਨੀਂ ਸਮੂਹ ਕਰ ਕੇ ਹੀ ਵਿਅਕਤੀ ਜਿਉਂਦਾ ਰਹਿ ਸਕਦਾ ਸੀ।

ਸਮਾਜਿਕ ਵਿਕਾਸ ਦੀ ਤੋਰ ਵਿੱਚ ਪਹਿਲਾ ਪੜਾਅ ਮਾਤਰੀ ਸਤਾ ਪ੍ਰਧਾਨ ਕਬੀਲਿਆਂ ਦਾ ਹੈ। ਕਬੀਲੇ ਦੀ ਸਿਆਣੀ ਔਰਤ ਕਬੀਲੇ ਦੀ ਮੁਖੀ ਹੁੰਦੀ ਸੀ। ਉਹ ਕਬੀਲੇ ਦੇ ਸਬੰਧ ਵਿੱਚ ਅਹਿਮ ਫੈਸਲੇ ਕਰਦੀ ਸੀ। ਕਬੀਲੇ 'ਤੇ ਆਫ਼ਤ ਆਉਣ ਸਮੇਂ, ਕਬੀਲੇ ਦੀ ਮੁਖੀ ਔਰਤ ਹੀ ਅਗਵਾਈ ਕਰਦੀ ਸੀ।

ਪੱਥਰ ਦੇ ਸੰਦਾਂ ਨੂੰ ਵਰਤਣਾ ਸਿੱਖ ਕੇ ਮਨੁੱਖ ਨੇ ਖੇਤੀ 'ਚ ਵਰਤੋਂ ਆਉਣ ਵਾਲੇ ਸੰਦ ਵੀ ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਲੱਕੜੀ ਦਾ ਹਲ ਤਿਆਰ ਕੀਤਾ ਗਿਆ। ਜੰਗਲਾਂ ਨੂੰ ਸਾਫ਼ ਕਰ ਕੇ ਖੇਤੀ ਲਈ ਜ਼ਮੀਨਾਂ ਤਿਆਰ ਕੀਤੀਆਂ ਗਈਆਂ। ਹੁਣ ਕਬੀਲੇ ਦਾ ਮੁੱਖ ਧੰਦਾ ਸ਼ਿਕਾਰ ਮਾਰਨ ਅਤੇ ਪਸ਼ੂ ਪਾਲਣ ਦੀ ਥਾਂ ਖੇਤੀਬਾੜੀ ਹੋ ਗਿਆ। ਖੇਤੀ ਯੋਗ ਜ਼ਮੀਨਾਂ ਦੀ ਖੋਹ-ਖਿੰਝ ਤੇ ਲੜਾਈਆਂ ਹੋਣ ਕਰ ਕੇ, ਹੁਣ ਮਾਤਰੀ ਪ੍ਰਧਾਨ ਕਬੀਲਿਆਂ ਦੀ ਥਾਂ ਪਿਤਰੀ ਅਧਿਕਾਰ ਸਥਾਪਿਤ ਹੋਣੇ ਸ਼ੁਰੂ ਹੋ ਗਏ। ਹੁਣ ਕਬੀਲੇ ਦੀ ਸਰਦਾਰੀ ਮਰਦ ਨੇ ਸੰਭਾਲ ਲਈ। ਕੁਦਰਤੀ ਵਰਤਾਰਿਆਂ ਪ੍ਰਤੀ ਅਗਿਆਨਤਾ ਅਤੇ ਡਰ ਵਿੱਚੋਂ ਮਨੁੱਖ ਨੇ ਇੱਕ ਕਾਲਪਨਿਕ ਅਮੂਰਤ ਸੱਤਾ ਸਿਰਜ ਲਈ। ਮਰਦ ਪ੍ਰਧਾਨ ਸਮਾਜ ਹੋਣ ਕਾਰਨ, ਇਸੇ ਸਮੇਂ ਦੌਰਾਨ, ਰੱਬ ਪੁਲਿੰਗ ਨਾਉਂ ਰੂਪ ਵਿੱਚ ਸਿਰਜਿਆ ਗਿਆ। ਜੇ ਔਰਤ ਪ੍ਰਧਾਨ ਸਮਾਜ ਵੇਲੇ ਰੱਬ ਸਿਰਜਿਆ ਗਿਆ ਹੁੰਦਾ, ਤਾਂ ਅਵੱਸ਼ ਹੀ ਇਸਤਰੀ ਲਿੰਗ ਨਾਉ ਰੂਪ ਵਿੱਚ ਸਿਰਜਿਆ ਗਿਆ ਹੋਣਾ ਸੀ। ਯੂਨਾਨੀ ਦੇਵਤਾ ਜਿਉਸ, ਈਲੀਅਡ (1200 ਤੋਂ 700 ਈ: ਪੂ:), ਮਿਸਰ ਦਾ ਦੇਵਤਾ ਉਸੀਰਿਸ (4000 ਈ: ਪੂ:), ਉਡੀਨ (ਸਕੈਂਡਨੇਵੀਆ ਦਾ ਦੇਵਤਾ), ਭਾਰਤ ਵਿੱਚ ਇੰਦਰ ਦੇਵਤਾ, ਵਿਸਨੂੰ, ਮਹੇਸ਼, ਸੂਰਜ ਅਤੇ ਚੰਦਰਮਾ (ਰਿਗਵੇਦ) (1000 ਤੋਂ 700 ਈ: ਪੂ:) ਇਹ ਦੇਵਤੇ ਮਰਦ ਪ੍ਰਧਾਨ ਸਮਾਜ ਵੇਲੇ ਹੋਂਦ ਵਿੱਚ ਆਏ। ਇਸ ਤਰ੍ਹਾਂ ਰੱਬ ਨੇ ਮਨੁੱਖ ਨਹੀਂ, ਸਗੋਂ ਮਨੁੱਖ ਨੇ ਰੱਬ ਪੈਦਾ ਕੀਤਾ ਹੈ।

98886-96955

ਪੰਨਾ 38 ਤੋਂ ਅੱਗੇ

ਹਾਲ ਲਈ ਸਹਾਇਤਾ

8. ਡਾ. ਗੁਰਦੀਪ ਸਿੰਘ, # 199, ਸੈਕਟਰ-55, ਚੰਡੀਗੜ੍ਹ 500

ਹਰਚਰਨ ਸਿੰਘ ਚੰਨਾ ਡੀ.ਟੀ.ਐਫ ਆਗੂ ਆਪਣੇ ਤੌਰ 'ਤੇ ਆਪਣੀ ਸੇਵਾ ਮੁਕਤੀ 'ਤੇ 500

10. ਮਦਨ ਲਾਲ ਬੇਗਮਪੁਰੀ ਆਪਣੇ ਤੌਰ 'ਤੇ ਆਪਣੇ ਪਿਤਾ ਸ੍ਰੀ ਅਨੰਤ ਰਾਮ ਦੀ ਯਾਦ 'ਚ 500

11. ਵਿਨੀਪੈਗ, ਕੈਨੇਡਾ ਤੋਂ ਕੁੱਝ ਸਾਥੀ ਆਪਣੇ ਤੌਰ 'ਤੇ 26000

12. ਲਾਭ ਸਿੰਘ ਛਾਜਲਾ ਆਪਣੇ ਤੌਰ 'ਤੇ ਆਪਣੀ ਸੇਵਾ ਮੁਕਤੀ 'ਤੇ 25000

ਜੰਟਾ ਸਿੰਘ ਜੋਨ ਵਿੱਤ ਮੁਖੀ ਬਠਿੰਡਾ ਰਾਹੀਂ

ਮਾਸਟਰ ਮਦੂਸੂਧਨ, ਪੱਤੀ ਕਰਮ ਚੰਦ, ਮਹਿਰਾਜ 500

ਮਾਸਟਰ ਕਰਮ ਸਿੰਘ, ਪਿੰਡ ਤੇ ਡਾਕ ਫ਼ੂਲ 500

ਸੁਰਜੀਤ ਦੌਧਰ ਰਾਹੀਂ ਸ੍ਰੀ ਸੁਲੱਖਣ ਸਿੰਘ, ਅਮਰੀਕਾ 5200

ਮਾ. ਜੈਕੇਬ ਆਪਣੀ ਮਾਤਾ ਦੀ ਯਾਦ 'ਚ 1000

ਰਾਮ ਰਛਪਾਲ ਆਪਣੀ ਮਾਤਾ ਦੀ ਯਾਦ 'ਚ 500

ਦਰਸ਼ਨ ਸਿੰਘ ਡਕਾਲਾ ਵਿਤਮੁਖੀ ਇਕਾਈ ਪਟਿਆਲਾ ਆਪਣੇ ਤੌਰ 'ਤੇ 5000

ਇਸ ਅੰਕ ਦਾ ਕੁੱਲ ਜੋੜ: 109800,
ਪਿਛਲਾ ਜੋੜ: 145470,
ਹੁਣ ਤੱਕ ਪ੍ਰਾਪਤ ਕੁੱਲ ਸਹਾਇਤਾ : 2,55,270/-

ਪੰਜਾਬ ਦਾ ਸ਼ੋਰ-ਪ੍ਰਦੂਸ਼ਣ ਰੋਕੂ ਕਾਨੂੰਨ ਤੇ ਕਾਰਗੁਜ਼ਾਰੀ



ਐਡਵੋਕੇਟ ਹਰਿੰਦਰ ਲਾਲੀ

ਸ਼ੋਰ-ਪ੍ਰਦੂਸ਼ਣ ਦਾ ਮਸਲਾ ਅਜੋਕੇ ਸਮੇਂ ਵਿੱਚ ਇੱਕ ਵਿਕਰਾਲ ਸਮੱਸਿਆ ਦਾ ਰੂਪ ਧਾਰਨ ਕਰ ਚੁੱਕਾ ਹੈ । 'ਤਰਕਸ਼ੀਲ' ਮੈਗਜ਼ੀਨ ਦੇ ਪਿਛਲੇ ਕੁੱਝ ਅੰਕਾਂ ਵਿੱਚ ਆਪਾਂ ਸ਼ੋਰ-ਪ੍ਰਦੂਸ਼ਣ ਦੇ ਸੋਮਿਆਂ ਬਾਰੇ ਅਤੇ ਇਸ ਨੂੰ ਰੋਕਣ ਵਾਸਤੇ ਭਾਰਤ ਪੱਧਰ 'ਤੇ ਬਣਾਏ ਕਾਨੂੰਨਾਂ/ਨਿਯਮਾਂ ਬਾਰੇ ਕੁੱਝ ਪੁਖਤਾ ਜਾਣਕਾਰੀ ਸਾਂਝੀ ਕਰ ਚੁੱਕੇ ਹਾਂ, ਇਸ ਕਰ ਕੇ ਇਸ ਰਚਨਾ ਵਿੱਚ ਦੁਹਰਾਓ ਤੋਂ ਬਚਾਂਗੇ । ਸੋ ਅੱਜ ਆਪਾਂ ਮੁੱਖ ਰੂਪ ਵਿੱਚ ਦੋ ਗੱਲਾਂ ਸਾਂਝੀਆਂ ਕਰਾਂਗੇ, ਪਹਿਲੀ ਇਸ ਵਿਸ਼ੇ ਬਾਬਤ ਪੰਜਾਬ ਪੱਧਰ 'ਤੇ ਬਣਾਏ ਕਾਨੂੰਨ ਬਾਰੇ ਅਤੇ ਦੂਸਰੀ ਸ਼ੋਰ-ਪ੍ਰਦੂਸ਼ਣ ਨੂੰ ਬੰਦ ਕਰਵਾਉਣ ਵਾਸਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਅਤੇ ਸਿੱਟਿਆਂ ਬਾਰੇ, ਅਜਿਹੇ ਸਿੱਟੇ ਭਾਵੇਂ ਸੀਮਿਤ ਰੂਪ ਵਿੱਚ ਹੀ ਹੋਣ ।

ਧਾਰਮਿਕ ਸਥਾਨਾਂ, ਮੈਰਿਜ ਪੈਲੇਸਾਂ, ਜਗਰਾਤਾ ਪਾਰਟੀਆਂ, ਪ੍ਰਭਾਤ ਫੇਰੀਆਂ, ਪ੍ਰੈਸ਼ਰ ਹਾਰਨਾਂ, ਡੀ.ਜੇ. ਵਾਲਿਆਂ, ਵਹੀਕਲਾਂ 'ਤੇ ਫਿੱਟ ਕੀਤੀਆਂ ਮਿਊਜ਼ਿਕ ਪਲੇਅਰਾਂ ਆਦਿ ਦੇ ਰਾਹੀਂ ਪੈਦਾ ਕੀਤੇ ਜਾਣ ਵਾਲੇ ਸ਼ੋਰ-ਪ੍ਰਦੂਸ਼ਣ ਤੋਂ ਲਗਾਤਾਰ ਪ੍ਰੇਸ਼ਾਨ ਰਹਿਣ ਦੇ ਬਾਵਜੂਦ ਵੀ ਅਸੀਂ ਹੁਣ ਤੱਕ ਕਰੀਬ 56 ਸਾਲ ਪਹਿਲਾਂ ਤੋਂ ਸਾਡੇ ਸੂਬੇ ਪੰਜਾਬ ਵਿੱਚ ਬਣਾਏ ਹੋਏ ਕਾਨੂੰਨ ਤੋਂ ਲਗਭਗ ਅਣਜਾਣ ਹੀ ਰਹੇ ਹਾਂ, ਪਰ ਕਾਨੂੰਨ ਨੂੰ ਤਾਂ ਸਰਕਾਰ ਅਤੇ ਪ੍ਰਸ਼ਾਸ਼ਨ ਨੇ ਹੀ ਲਾਗੂ ਕਰਨਾ ਸੀ । ਇਹ ਗੱਲ ਸੋਚ ਕੇ ਕਾਫੀ ਹੈਰਾਨੀ ਹੁੰਦੀ ਹੈ ਕਿ ਕਾਨੂੰਨ ਨੰਬਰ 36 ਆਫ 1956, ਦੀ ਪੰਜਾਬ ਇਨਸਟਰੂਮੈਂਟ (ਕੰਟਰੋਲ ਆਫ ਨੋਆਇਜ) ਐਕਟ, 1956 ਵਿੱਚ ਦਰਜ ਕਈ ਪ੍ਰਭਾਵਸ਼ਾਲੀ ਵਿਵਸਥਾਵਾਂ ਦੀ ਹੋਂਦ ਦੇ ਬਾਵਜੂਦ ਸ਼ੋਰ-ਪ੍ਰਦੂਸ਼ਣ ਓਵੇਂ ਦਾ ਓਵੇਂ ਚਲਿਆ ਆ ਰਿਹਾ ਹੈ । ਆਓ ਵੇਖੀਏ ਕਿ ਛੋਟੇ ਜਿਹੇ ਆਕਾਰ ਵਾਲਾ ਇਹ ਕਾਨੂੰਨ ਕੀ ਕਹਿੰਦਾ ਹੈ :

ਇਸ ਕਾਨੂੰਨ ਨੂੰ ਮਿਤੀ 26-09-1956 ਨੂੰ ਪੰਜਾਬ ਦੇ ਓਸ ਵੇਲੇ ਦੇ ਰਾਜਪਾਲ ਦੀ ਲਿਖਤੀ ਸਹਿਮਤੀ ਮਿਲਣ ਉਪਰੰਤ ਮਿਤੀ 01-10-56 ਨੂੰ ਸਰਕਾਰੀ ਗਜ਼ਟ ਵਿੱਚ ਛਾਪ ਕੇ ਸਾਰੇ ਪੰਜਾਬ ਵਿੱਚ ਲਾਗੂ ਕਰ ਦਿੱਤਾ ਗਿਆ । ਇਸ ਕਾਨੂੰਨ ਦੀ ਧਾਰਾ 3 ਵਿੱਚ ਵਿਵਸਥਾ ਕੀਤੀ ਗਈ ਹੈ ਕਿ ਕੋਈ ਵੀ ਵਿਅਕਤੀ ਕਿਸੇ ਵੀ ਥਾਂ ਵਿੱਚ ਜਾਂ ਥਾਂ ਉੱਪਰ ਇੰਨੀ ਜ਼ਿਆਦਾ ਉੱਚੀ ਆਵਾਜ਼ ਵਿੱਚ ਕੋਈ ਯੰਤਰ ਨਹੀਂ ਚਲਾਏਗਾ ਜਿਸ ਨਾਲ ਉਸ ਯੰਤਰ ਦੀ ਆਵਾਜ਼ ਉਸ ਅਹਾਤੇ ਜਾਂ ਇਮਾਰਤ ਵਿੱਚੋਂ ਬਾਹਰ ਸੁਣੀ ਜਾ ਸਕਦੀ ਹੋਵੇ । ਇਸ ਦੇ ਨਾਲ ਹੀ ਇਹ ਵੀ ਦਰਜ ਹੈ ਕਿ ਕੋਈ ਵੀ ਵਿਅਕਤੀ ਕਿਸੇ ਗਲੀ, ਬਾਜ਼ਾਰ ਜਾਂ ਖੁੱਲ੍ਹੀ ਥਾਂ ਵਿੱਚ ਵੀ ਜਿਲ੍ਹਾ ਮੈਜਿਸਟ੍ਰੇਟ (ਡਿਪਟੀ ਕਮਿਸ਼ਨਰ) ਜਾਂ ਉਸ ਵੱਲੋਂ ਅਧਿਕਾਰਿਤ ਕਿਸੇ ਹੋਰ ਅਧਿਕਾਰੀ (ਜਿਵੇਂ ਐੱਸ.ਡੀ.ਐਮ.) ਦੀ ਬਾਸ਼ਰਤ ਲਿਖਤੀ ਮੰਜ਼ੂਰੀ ਤੋਂ ਬਿਨਾਂ ਕਿਸੇ ਵੀ ਆਵਾਜ਼ ਪੈਦਾ ਕਰਨ ਵਾਲੇ ਯੰਤਰ ਦੀ ਵਰਤੋਂ ਨਹੀਂ ਕਰ ਸਕੇਗਾ ।

ਇਸ ਕਾਨੂੰਨ ਦੀ ਧਾਰਾ 4 ਵਿੱਚ ਵਿਵਸਥਾ ਕੀਤੀ ਗਈ ਹੈ ਕਿ ਬਾਸ਼ਰਤ ਲਿਖਤੀ ਮੰਜ਼ੂਰੀ ਤੋਂ ਬਿਨਾਂ ਕੋਈ ਵਿਅਕਤੀ ਰਾਤ ਦੇ 10 ਵਜੇ ਤੋਂ ਲੈ ਕੇ ਸਵੇਰ ਦੇ 6 ਵਜੇ ਤੱਕ ਕਿਸੇ ਵੀ ਆਵਾਜ਼ ਪੈਦਾ ਕਰਨ ਵਾਲੇ ਯੰਤਰ ਦੀ ਵਰਤੋਂ ਨਹੀਂ ਕਰ ਸਕੇਗਾ । ਕਾਨੂੰਨ ਦੀ ਧਾਰਾ 4-ਏ ਵਿੱਚ ਦੱਸਿਆ ਗਿਆ ਹੈ ਕਿ ਉਕਤ ਦਰਜ਼ ਅਨੁਸਾਰ ਆਗਿਆ ਲੈਣ ਵਾਸਤੇ ਕਿੰਨੀ ਕੁ ਫੀਸ ਅਦਾ ਕਰਨਯੋਗ ਹੋਵੇਗੀ ।

ਇਸ ਕਾਨੂੰਨ ਦੀਆਂ ਧਾਰਾਵਾਂ 5 ਅਤੇ 6 ਵਿੱਚ ਸਜ਼ਾ ਦਾ ਪ੍ਰਾਵਧਾਨ ਹੈ ਜਿਸ ਅਨੁਸਾਰ ਇਸ ਕਾਨੂੰਨ ਦੀ ਕਿਸੇ ਵਿਵਸਥਾ ਦੀ ਉਲੰਘਣਾ ਕਰ ਕੇ ਸ਼ੋਰ ਪੈਦਾ ਕਰਨ ਵਾਲੇ ਵਿਅਕਤੀ ਨੂੰ ਧਾਰਾ 5 ਤਹਿਤ 6 ਮਹੀਨੇ ਤੱਕ ਦੀ ਕੈਦ ਜਾਂ 1000/- ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਜਦੋਂ ਕਿ ਧਾਰਾ 6 ਇਸ ਗੱਲ ਦੀ ਵਿਵਸਥਾ ਕਰਦੀ ਹੈ ਕਿ ਸਜ਼ਾ ਜਾਂ ਜ਼ੁਰਮਾਨੇ ਦੀ ਸੀਮਾ ਬਾਰੇ ਜਾਬਤਾ ਫੌਜ਼ਦਾਰੀ ਵਿੱਚ ਭਾਵੇਂ ਕੁੱਝ ਵੀ ਦਰਜ ਕੀਤਾ ਗਿਆ ਹੋਵੇ, ਪਰ ਇਸ ਕਾਨੂੰਨ ਤਹਿਤ ਕੀਤਾ ਗਿਆ ਜ਼ੁਰਮ ਕਾਬਲੇ ਦਸਤ ਅੰਦਾਜ਼ੀ ਹੋਵੇਗਾ ਭਾਵ ਦੋਸ਼ੀ ਵਿਅਕਤੀ ਨੂੰ ਪੁਲਿਸ ਬਿਨਾਂ ਕਿਸੇ ਅਦਾਲਤੀ ਵਰੰਟ ਤੋਂ ਸਿੱਧਾ ਹੀ ਗ੍ਰਿਫਤਾਰ ਕਰ ਸਕਦੀ ਹੈ ।

ਆਓ ਹੁਣ ਗੱਲ ਕਰੀਏ ਕਿ ਪੰਜਾਬ ਵਿੱਚ ਸ਼ੋਰ-ਪ੍ਰਦੂਸ਼ਣ ਨੂੰ ਬੰਦ ਕਰਵਾਉਣ ਹਿੱਤ ਤਰਕਸ਼ੀਲ ਕਾਰਕੁੰਨਾਂ ਦੀਆਂ ਸਰਗਰਮੀਆਂ ਕਿੰਨਾ ਕੁ ਰੰਗ ਲਿਆਈਆਂ ਹਨ । ਪਿਛਲੇ ਸਮੇਂ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਕਾਨੂੰਨ ਵਿਭਾਗ

ਦੀ ਅਗਵਾਈ ਵਿੱਚ ਪੰਜਾਬ ਭਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹੋਰ ਗੱਲਾਂ ਦੇ ਨਾਲ-ਨਾਲ ਸ਼ੋਰ-ਪ੍ਰਦੂਸ਼ਣ ਨੂੰ ਬੰਦ ਕਰਵਾਉਣ ਵਾਸਤੇ ਮੰਗ-ਪੱਤਰ ਸੌਂਪੇ ਗਏ ਸਨ, ਜਿਸ ਤਹਿਤ ਪੰਜਾਬ ਦੇ ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਵੱਲੋਂ ਜਿਲ੍ਹਾ ਪੱਧਰੀ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਲਗਾਤਾਰਤਾ ਲਿਆ ਕੇ ਸ਼ੋਰ-ਸ਼ਰਾਬਾ ਬੰਦ ਕਰਨ ਸਬੰਧੀ ਮਾਣਯੋਗ ਸੁਪਰੀਮ ਕੋਰਟ ਅਤੇ ਸਬੰਧਤ ਕਾਨੂੰਨਾਂ, ਨਿਯਮਾਂ ਨੂੰ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਅਤੇ ਹਰ ਦੋ ਮਹੀਨੇ ਬਾਅਦ ਰੀਵਿਊ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਬ-ਡਵੀਜ਼ਨਲ ਪੱਧਰ 'ਤੇ ਵੀ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਕਈ ਥਾਂਵਾਂ 'ਤੇ ਤਰਕਸ਼ੀਲ ਮੈਂਬਰਾਂ ਨੂੰ ਗੈਰ-ਸਰਕਾਰੀ ਮੈਂਬਰਾਂ ਦੇ ਤੌਰ 'ਤੇ ਨਾਮਜ਼ਦ ਵੀ ਕੀਤਾ ਜਾ ਚੁੱਕਾ ਹੈ।

ਜਿੱਥੋਂ ਤੱਕ ਮੇਰੇ ਧਿਆਨ ਵਿੱਚ ਹੈ, ਹੁਣ ਤੱਕ ਸੁਨਾਮ, ਲਹਿਰੇਗਾਗੇ ਆਦਿ ਸਬ-ਡਵੀਜ਼ਨਾਂ ਵਿਖੇ ਸਥਾਪਿਤ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਵਿੱਚ ਸਾਨੂੰ ਨਾਮਜ਼ਦਗੀ ਮਿਲ ਚੁੱਕੀ ਹੈ ਅਤੇ ਜਿਲ੍ਹਾ ਪੱਧਰੀ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਵਿੱਚ ਨਾਮਜ਼ਦਗੀ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਅਜਿਹੀ ਨਾਮਜ਼ਦਗੀ ਦਾ ਫਾਇਦਾ ਇਹ ਹੁੰਦਾ ਹੈ ਕਿ ਸਮੇਂ-ਸਮੇਂ 'ਤੇ ਕੀਤੀ ਜਾਣ ਵਾਲੀ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਦੌਰਾਨ ਆਪਣੀ ਸੋਚ ਵਾਲੇ ਮੈਂਬਰ ਬਾਕਾਇਦਾ ਤੌਰ 'ਤੇ ਲਗਾਤਾਰ ਵਿਜ਼ਿਟਿੰਗ ਟੀਮ ਦੇ ਨਾਲ-ਨਾਲ ਰਹਿੰਦੇ ਹਨ। ਇੱਥੇ ਇਹ ਤੱਥ ਵੀ ਦੱਸਣਯੋਗ ਹੈ ਕਿ ਅਜਿਹੀਆਂ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਦਾ ਚੇਅਰਮੈਨ ਜਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰ ਅਤੇ ਸਬ-ਡਵੀਜ਼ਨਲ (ਤਹਿਸੀਲ) ਪੱਧਰ 'ਤੇ ਐਸ.ਡੀ.ਐਮ. ਖ਼ੁਦ ਹੁੰਦਾ ਹੈ, ਸਾਰੇ ਸਰਕਲ ਮਾਲ ਅਧਿਕਾਰੀ ਭਾਵ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਆਪੋ-ਆਪਣੇ ਹਲਕਿਆਂ ਬਾਬਤ ਨੋਡਲ ਅਧਿਕਾਰੀ ਨਿਯੁਕਤ ਕੀਤੇ ਗਏ ਹੁੰਦੇ ਹਨ ਅਤੇ ਬਾਕੀ ਦੇ ਮੈਂਬਰਾਂ ਵਜੋਂ ਸਬੰਧਤ ਡੀ.ਐੱਸ.ਪੀ., ਐੱਸ.ਐੱਚ.ਓ., ਈ.ਓ., ਬੀ.ਡੀ.ਪੀ.ਓ. ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਸਬੰਧਤ ਇਲਾਕੇ ਲਈ ਨਿਯੁਕਤ ਸਹਾਇਕ ਵਾਤਾਵਰਨ ਇੰਜਨੀਅਰ (ਐੱਸ.ਡੀ.ਓ.) ਵੀ ਸ਼ਾਮਲ ਹੁੰਦਾ ਹੈ।

ਇਸ ਟੀਮ ਵੱਲੋਂ ਮਿੱਥੀ ਹੋਈ ਤਾਰੀਖ ਨੂੰ ਸਵੇਰੇ-ਸਾਝਰੇ ਧਾਰਮਿਕ ਸਥਾਨਾਂ ਵਿੱਚ ਚਲਦੇ ਸਾਊਂਡ ਸਿਸਟਮ ਵੱਲੋਂ ਪੈਦਾ ਕੀਤੀ ਜਾਣ ਵਾਲੀ ਆਵਾਜ਼ ਦਾ ਪੱਧਰ ਸਹਾਇਕ ਵਾਤਾਵਰਨ ਇੰਜਨੀਅਰ ਵੱਲੋਂ ਲਿਆਂਦੇ ਹੋਏ ਡੈਸੀਬਲ ਮੀਟਰ (ਜਿਹੋ ਜਿਹਾ ਮੀਟਰ ਪਿਛਲੇ ਦਿਨੀਂ ਆਪਾਂ ਨੂੰ ਏਸੀਅਨ ਰੈਸ਼ਨਾਲਿਸਟ ਸੁਸਾਇਟੀ ਬਰਤਾਨੀਆਂ ਵੱਲੋਂ ਸਾਥੀ ਲਵਕੇਸ਼ ਪ੍ਰਾਸ਼ਰ ਜੀ ਤਰਕਸ਼ੀਲ ਤੋਹਫੇ ਵਜੋਂ ਦੇ ਕੇ ਗਏ ਹਨ) ਨਾਲ ਚੈੱਕ ਕੀਤਾ ਜਾਂਦਾ ਹੈ। ਰਾਤ ਦੇ ਸਮੇਂ ਦੌਰਾਨ ਮੈਰਿਜ ਪੈਲੇਸਾਂ, ਜਗਰਾਤਾ ਪਾਰਟੀਆਂ ਆਦਿ ਵੱਲੋਂ ਪੈਦਾ ਕੀਤੇ ਜਾਣ ਵਾਲੇ ਸ਼ੋਰ-ਪ੍ਰਦੂਸ਼ਣ ਨੂੰ ਮਾਪਿਆ ਜਾਂਦਾ ਹੈ। ਸ਼ੋਰ-ਪ੍ਰਦੂਸ਼ਣ (ਰੈਗੂਲੇਸ਼ਨ ਅਤੇ ਕੰਟਰੋਲ) ਨਿਯਮ, 2000 ਦੇ ਤਹਿਤ ਮਿਥੀ ਗਈ ਸਮਾਂ-ਸੀਮਾ ਅਤੇ ਡੈਸੀਬਲ ਪੱਧਰ ਤੋਂ ਉਲਟ ਚੱਲਣ ਵਾਲੇ ਵਿਅਕਤੀਆਂ ਜਾਂ ਸੰਸਥਾਵਾਂ ਦੇ ਖਿਲਾਫ ਲਿਖਤੀ ਰਿਪੋਰਟ ਤਿਆਰ ਕਰ ਕੇ ਟੀਮ ਮੈਂਬਰਾਂ ਦੇ ਦਸਤਖਤਾਂ ਹੇਠ ਸ਼ੋਰ-ਪ੍ਰਦੂਸ਼ਣ ਮੌਨੀਟਰਿੰਗ ਕਮੇਟੀਆਂ ਦੇ ਚੇਅਰਮੈਨ-ਕਮ-ਐੱਸ.ਡੀ.ਐੱਮ. ਪਾਸ ਸੌਂਪ ਦਿੱਤੀ ਜਾਂਦੀ ਹੈ ਜੋ ਅੱਗੇ ਮਹਿਕਮਾ ਪੁਲਿਸ ਪਾਸ ਬਣਦੀ ਲੋੜੀਂਦੀ ਕਾਨੂੰਨੀ ਕਾਰਵਾਈ ਕਰਨ ਲਈ ਭੇਜ ਦਿੱਤੀ ਜਾਂਦੀ ਹੈ।

ਅਜਿਹੀ ਹੀ ਇੱਕ ਰਿਪੋਰਟ ਦੇ ਆਧਾਰ 'ਤੇ ਮਹਾਰਾਜਾ ਪੈਲੇਸ, ਸੁਨਾਮ ਦੇ ਮਾਲਕ ਦੇ ਖਿਲਾਫ ਇੱਕ ਫੌਜ਼ਦਾਰੀ ਮੁਕੱਦਮਾ ਥਾਣਾ ਸੁਨਾਮ ਵੱਲੋਂ ਦਰਜ ਕਰ ਕੇ ਅਦਾਲਤ ਵਿੱਚ ਚਲਾਨ ਵੀ ਪੇਸ਼ ਕੀਤਾ ਜਾ ਚੁੱਕਾ ਹੈ ਜੋ ਸਬ-ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ, ਸੁਨਾਮ ਕੋਲ ਪੈਂਡਿੰਗ ਹੈ। ਅਜਿਹੀਆਂ ਸਰਗਰਮੀਆਂ ਸਬੰਧੀ ਕੀਤੀਆਂ ਗਈਆਂ ਰਿਪੋਰਟਾਂ ਮੀਡੀਆ ਵਿੱਚ ਆਉਣ ਨਾਲ ਲੋਕਾਂ ਵਿੱਚ ਵੀ ਕਾਫੀ ਜਾਗਰੂਕਤਾ ਆ ਰਹੀ ਹੈ ਜਿਸ ਦੇ ਸਿੱਟੇ ਵਜੋਂ ਹੁਣ ਟਾਵੇਂ-ਟਾਵੇਂ ਲੋਕਾਂ ਨੇ ਧਾਰਮਿਕ ਸਥਾਨਾਂ ਆਦਿ ਵੱਲੋਂ ਫੈਲਾਏ ਜਾ ਰਹੇ ਸ਼ੋਰ-ਪ੍ਰਦੂਸ਼ਣ ਨੂੰ ਬੰਦ ਕਰਵਾਉਣ ਲਈ ਆਪਣੀ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਸਬੰਧੀ ਪ੍ਰਸ਼ਾਸਨ ਪਾਸ ਕਾਫੀ ਸ਼ਿਕਾਇਤਾਂ ਵੀ ਆ ਰਹੀਆਂ ਹਨ ਜੋ ਕਿ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਦੇ ਬਾਵਜੂਦ ਵੀ ਇੱਕ ਵਧੀਆ ਸ਼ੁਰੂਆਤ ਹੈ। ਸੋ ਅੱਜ ਲੋੜ ਹੈ ਕਿ ਅਜਿਹੀਆਂ ਸਰਗਰਮੀਆਂ ਨੂੰ ਇੱਕ ਲਹਿਰ ਬਣਾਇਆ ਜਾਵੇ ਤਾਂ ਜੋ ਅਸੀਂ ਵੀ ਦੁਨੀਆਂ ਦੇ ਬਾਕੀ ਵਿਕਾਸ਼ਸ਼ੀਲ ਮੁਲਕਾਂ ਵਾਂਗ ਸ਼ਾਂਤ ਅਤੇ ਪ੍ਰਦੂਸ਼ਣ-ਰਹਿਤ ਵਾਤਾਵਰਣ ਵਿੱਚ ਜਿਉਂਣ ਦਾ ਨਿੱਘ ਮਾਣ ਸਕੀਏ।

97792-11000

ਪੁਨਰ-ਜਨਮ ਦੀ ਅਫਵਾਹ ਦੀ ਨਿਕਲੀ ਫੂਕ

ਮੁਖਵਿੰਦਰ ਸਿੰਘ ਚੋਹਲਾ

ਭਿੱਖੀਵਿੰਡ ਕਸਬੇ (ਪੱਟੀ) ਤੋਂ ਇੱਕ ਪੱਤਰ ਪ੍ਰੇਰਕ ਨੇ ਦੱਸਿਆ ਕਿ ਇਥੋਂ ਨਜਦੀਕ ਪਿੰਡ ਪੂਹਲਾ ਵਿਖੇ ਪੁਨਰ ਜਨਮ ਦੀ ਘਟਨਾ ਵਾਪਰੀ ਹੈ । ਇਸ ਘਟਨਾ ਵਿੱਚ ਜਿਲ੍ਹੇ ਦੇ ਮਸ਼ਹੂਰ ਕਾਮਰੇਡ ਚਰਨਜੀਤ ਸਿੰਘ ਦੇ ਘਰ ਅਮ੍ਰਿਤਸਰ ਦੇ ਪਿੰਡ ਲੁਹਾਰ ਕਲਾਂ ਤੋਂ ਇੱਕ ਗੁਰਜੰਟ ਸਿੰਘ ਨਾਮ ਦਾ ਅੱਠ-ਦਸ ਸਾਲ ਦਾ ਬੱਚਾ ਆਇਆ ਹੈ, ਇਹ ਦੱਸ ਰਿਹਾ ਹੈ ਕਿ ਮੈਂ ਚਰਨਜੀਤ ਸਿੰਘ ਦਾ ਪੁੱਤਰ ਹਾਂ ਜਿਸ ਦੀ 10-12 ਸਾਲ ਪਹਿਲਾਂ ਇੱਕ ਐਕਸੀਡੈਂਟ ਦੌਰਾਨ ਮੌਤ ਹੋ ਗਈ ਸੀ । ਇਸ ਘਰ ਵਿੱਚ ਵੱਡਾ ਪ੍ਰੋਗਰਾਮ ਕੀਤਾ ਜਾ ਰਿਹਾ ਹੈ ਜਿਸ ਵਿੱਚ ਬੱਚੇ ਦੇ ਮਾਂ-ਪਿਓ ਅਤੇ ਹੋਰ ਰਿਸ਼ਤੇਦਾਰ, ਪਿੰਡ ਦੇ ਲੋਕ ਇਕੱਠੇ ਹੋ ਕੇ ਖੁਸ਼ੀ ਵਿੱਚ ਭੰਗੜੇ ਪਾ ਰਹੇ ਹਨ, ਟੀ.ਵੀ. ਚੈਨਲ ਅਤੇ ਪੱਤਰਕਾਰ ਪਹੁੰਚੇ ਹੋਏ ਹਨ । ਪੂਰਾ ਜਸ਼ਨ ਮਨਾਇਆ ਜਾ ਰਿਹਾ ਹੈ । ਜਿਸ ਦੀ ਰਿਪੋਰਟ ਕੱਲ੍ਹ ਅਖਬਾਰ ਵਿੱਚ ਛਪੇਗੀ, ਤੁਸੀਂ ਇਸ ਘਟਨਾ ਦੀ ਅਸਲੀਅਤ ਲੋਕਾਂ ਨੂੰ ਜ਼ਰੂਰ ਦੱਸੋ ।

ਤਰਕਸ਼ੀਲ ਸੁਸਾਇਟੀ ਪੰਜਾਬ (ਮਾਝਾ ਜ਼ੋਨ) ਦੀ ਇੱਕ ਟੀਮ ਬਣਾਈ ਗਈ ਜਿਸ ਵਿੱਚ ਮੇਰੇ ਤੋਂ ਇਲਾਵਾ ਸੁਮੀਤ ਸਿੰਘ, ਨਰਿੰਦਰ ਸ਼ੇਖ ਚੱਕ, ਰਜਵੰਤ ਬਾਗੜੀਆਂ, ਸੰਜੀਵ ਬਾਗੜੀਆਂ, ਗੁਰਸੇਵਕ ਸਿੰਘ, ਅਮਰਜੀਤ ਬਾਈ, ਕੁਲਜੀਤ ਸਿੰਘ ਵੇਰਕਾ, ਸਮਸ਼ੇਰ ਸਿੰਘ ਅਤੇ ਤਰਸੇਮ ਸਿੰਘ ਲਾਲੂ ਘੁੰਮਣ ਸਿੰਘ ਆਦਿ ਸ਼ਾਮਲ ਸਨ । ਟੀਮ ਵੱਲੋਂ ਪਹਿਲਾਂ ਅਮ੍ਰਿਤਸਰ ਜਿਲ੍ਹੇ ਦੇ ਪਿੰਡ ਲੁਹਾਰ ਕਲਾਂ ਵਿੱਚ ਪਹੁੰਚ ਕੇ ਗੁਰਜੰਟ ਸਿੰਘ ਦੇ ਪਰਿਵਾਰ, ਪਿੰਡ ਦੇ ਮੋਹਤਬਰ, ਮੌਜੂਦਾ ਅਤੇ ਸਾਬਕਾ ਸਰਪੰਚਾਂ ਦੀ ਹਾਜ਼ਰੀ ਵਿੱਚ ਗੁਰਜੰਟ ਸਿੰਘ ਨੂੰ 20 ਦੇ ਕਰੀਬ ਸੁਆਲ ਪੁੱਛੇ ਜਿਨ੍ਹਾਂ ਵਿੱਚੋਂ ਸਿਰਫ ਉਸ ਨੇ ਆਪਣੀ ਮਾਂ ਤੇ ਭੈਣ ਦਾ ਅਤੇ ਆਪਣਾ ਪਹਿਲਾ ਨਾਮ ਗੁਰਜੰਟ ਸਿੰਘ ਦੱਸਿਆ । ਬਾਕੀ ਕਿਸੇ ਵੀ ਸੁਆਲ, ਪਹਿਲੇ ਘਰ ਦੇ ਪਿਤਾ ਦਾ ਨਾਮ, ਐਕਸੀਡੈਂਟ ਕਦੋਂ, ਕਿੱਥੇ, ਮਿੱਤਰਾਂ, ਗੁਆਂਢੀਆਂ ਦੇ ਨਾਮ, ਪੜ੍ਹਾਈ ਕਿੱਥੋਂ ਤੱਕ ਆਦਿ ਪੁੱਛੇ ਗਏ, ਦਾ ਕੋਈ ਜਵਾਬ ਨਹੀਂ ਦਿੱਤਾ। ਆਖਰ ਵਿੱਚ ਲੜਕੇ ਦੇ ਮਾਤਾ-ਪਿਤਾ ਨੇ ਕਿਹਾ ਪੁਨਰ-ਜਨਮ ਵਾਲੀ ਗੱਲ ਨਾਲ ਸਾਡਾ ਕੋਈ ਸੰਬੰਧ ਨਹੀ, ਇਹ ਗੱਲ ਸਾਡੇ ਗੁਆਂਢ 'ਚ ਰਹਿੰਦੇ ਵਿਅਕਤੀ ਅਤੇ ਉਸ ਦੇ ਸਾਲੀ-ਸਾਢੂ (ਕਾਮਰੇਡ ਚਰਨਜੀਤ ਸਿੰਘ ਅਤੇ ਉਸ ਦੀ ਪਤਨੀ) ਵਾਸੀ ਪਿੰਡ ਪੂਹਲਾ ਨੇ ਰਲ ਕੇ ਬੱਚੇ ਨੂੰ ਸਿਖਾਈ ਹੈ । ਉਨ੍ਹਾਂ ਲਿਖਤੀ ਮੰਨਿਆ ਕਿ ਰੱਖੜੀ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ ਇਹ ਪਰਿਵਾਰ ਇੱਥੇ ਆਇਆ ਸੀ ਜਿਨ੍ਹਾਂ ਦੇ ਮਰ ਚੁੱਕੇ ਬੱਚੇ ਦਾ ਨਾਂ ਵੀ ਗੁਰਜੰਟ ਸੀ ਉਨ੍ਹਾਂ ਨੇ ਇਹ ਸਾਰਾ ਕੁਝ ਸਿਖਾਇਆ ।

ਟੀਮ ਨੇ ਬਾਅਦ ਵਿੱਚ ਉਸੇ ਸ਼ਾਮ ਪੂਹਲਾ ਪਿੰਡ ਪਹੁੰਚ ਕੇ ਕਾ. ਚਰਨਜੀਤ ਸਿੰਘ ਤੋਂ ਪੁੱਛਗਿੱਛ ਕੀਤੀ, ਪਰ ਇਸ ਸਮੇਂ ਦੌਰਾਨ ਲੁਹਾਰਕੇ ਵਾਲੇ ਰਿਸ਼ਤੇਦਾਰਾਂ ਵੱਲੋਂ ਫੋਨ ਰਾਹੀਂ ਸਾਰੀ ਗੱਲਬਾਤ ਦੱਸ ਦਿੱਤੀ ਗਈ ਸੀ ਜਿਸ ਕਾਰਨ ਘਰ ਦਾ ਮਾਹੌਲ ਤਣਾਅ ਪੂਰਨ ਹੋ ਗਿਆ, ਪਰਿਵਾਰ ਦੇ ਮੈਂਬਰਾਂ ਨੇ ਹੋਰ ਵੀ ਵਿਅਕਤੀ ਇਕੱਠੇ ਕੀਤੇ ਹੋਏ ਸਨ । ਜਦੋਂ ਘਟਨਾ ਬਾਰੇ ਪੁੱਛਿਆ ਗਿਆ ਤਾਂ ਇਹ ਕਹਿ ਕੇ ਉਸ ਨੇ ਖਹਿੜਾ ਛਡਾਇਆ ਕਿ ਪੁਨਰ ਜਨਮ ਹੋ ਵੀ ਸਕਦਾ ਹੈ ਤੇ ਨਹੀਂ ਵੀ । ਇਸ ਪਾਖੰਡ ਨੂੰ ਲੁਕਵੀਂ ਮਜਬੂਰੀ ਦੱਸਿਆ । ਟੀਮ ਨੇ ਦੱਸਿਆ ਕਿ ਪਿਛਲੇ ਸਾਲਾਂ ਵਿੱਚ ਸੁਸਾਇਟੀ ਨੇ ਅਜਿਹੇ ਕਈ ਕੇਸ ਹੱਲ ਕੀਤੇ ਹਨ ਅਤੇ ਸਾਬਤ ਕੀਤਾ ਹੈ ਕਿ ਪੁਨਰ-ਜਨਮ ਝੂਠ ਹੈ । ਜੇ ਕੋਈ ਇਹ ਦਾਅਵਾ ਕਰਦਾ ਹੈ ਤਾਂ ਉਹ ਪੁਨਰ-ਜਨਮ ਸਾਬਤ ਕਰ ਕੇ ਸੁਸਾਇਟੀ ਵੱਲੋਂ ਰੱਖਿਆ ਇਨਾਮ ਜਿੱਤ ਸਕਦਾ ਹੈ ।

98729-66222

ਮਿੰਨੀ ਕਹਾਣੀ

ਸੰਤੁਸ਼ਟੀ



ਉਨ੍ਹਾਂ ਪੰਜ ਜਣਿਆਂ ਨੇ ਰਾਤ ਭਰ ਤਿੰਨ ਦੁਕਾਨਾਂ ਦੇ ਜਿੰਦਰੇ ਭੰਨੇ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਤਿਲਕ ਲਗਾ ਸਾਧਾਂ ਵਾਲੇ ਚੋਲੇ ਪਾ ਲਏ । ਦੂਜੇ ਸ਼ਹਿਰ ਦੇ ਇੱਕ ਧਨਾੜ ਸੇਠ ਨੇ ਉਨ੍ਹਾਂ ਨੂੰ ਅੰਨ ਪਾਣੀ ਛਕਾ ਪੰਜ-ਪੰਜ ਸੌ ਮੱਥਾ ਟੇਕ ਤੁਰਦਾ ਕਰਿਆ । ਹੁਣ ਉਹ ਸਾਧ ਰੂਪੀ ਚੋਰ ਆਪੋ ਵਿੱਚ ਚੁਸਕੀਆਂ ਲੈ ਗੱਲਾਂ ਕਰ ਰਹੇ ਸਨ ਕਿ ਸੇਠ ਨੂੰ ਚੰਗਾ ਬੁੱਧੂ ਬਣਾਇਆ । ਦੂਜੇ ਬੰਨੇ ਸੇਠ ਸਾਧੂਆਂ ਨੂੰ ਅੰਨ ਪਾਣੀ ਛਕਾ ਮਨ ਹੀ ਮਨ ਸੰਤੁਸ਼ਟ ਹੋ ਰੱਬ ਦਾ ਲੱਖ-ਲੱਖ ਸ਼ੁਕਰ ਮਨਾ ਰਿਹਾ ਸੀ ਕਿ ਐਸੇ ਮਹਾਂਪੁਰਖਾਂ ਦੇ ਚਰਨ ਦਾਸ ਦੇ ਘਰ ਪੁਆਏ।

- ਸੇਵਕ ਸਿੰਘ ਸ਼ਮੀਰੀਆ, 95922-47703

ਆਓ ਜਾਦੂ ਸਿੱਖੀਏ

ਆਪਣਾ ਹੱਥ ਉੱਬਲਦੇ ਤੇਲ ਵਿਚ ਪਾਓ

ਲੋੜੀਂਦੀ ਸਮੱਗਰੀ : ਛੇ ਨਿੰਬੂ, ਇੱਕ ਲੀਟਰ ਮੂੰਗਫਲੀ ਦਾ ਤੇਲ, ਸਟੋਵ, ਚਾਕੂ, ਚੌੜੇ ਮੂੰਹ ਵਾਲਾ (ਲਗਭਗ 20 ਸਮ ਵਿਆਸ ਦਾ) ਬਰਤਨ

ਤਿਆਰੀ : ਸ਼ੋਅ ਤੋਂ ਪਹਿਲਾਂ ਨਿੰਬੂਆਂ ਦੇ ਦੋ-ਦੋ ਟੁਕੜੇ ਕਰ ਲਵੋ ਅਤੇ ਉਹਨਾਂ ਨੂੰ ਖਾਣੇ ਵਾਲੇ ਬਰਤਨ ਵਿੱਚ ਨਿਚੋੜੋ। ਬੀਜ ਕੱਢ ਦੇਵੋ। ਉਸ ਉੱਪਰ ਮੂੰਗਫਲੀ ਦਾ ਤੇਲ ਪਾਓ।


ਪੇਸ਼ਕਾਰੀ : ਸਟੋਵ ਜਲਾਓ ਅਤੇ ਖਾਣਾ ਬਣਾਉਣ ਵਾਲਾ ਬਰਤਨ ਉਸ ਤੇ ਰੱਖ ਦੇਵੋ। ਕੁੱਝ ਸਮੇਂ ਬਾਅਦ ਤੇਲ ਦੀ ਸਤ੍ਹਾ ਤੇ ਬੁਲਬਲੇ ਜਿਹੇ ਉੱਠਣੇ ਸ਼ੁਰ ਹੋ ਜਾਣਗੇ ਅਤੇ ਇਸ ਤਰ੍ਹਾਂ ਲੱਗੇਗਾ ਕਿ ਤੇਲ ਉੱਬਲ ਰਿਹਾ ਹੈ।

ਹੱਥ ਉੱਬਲ ਰਹੇ ਤੇਲ ਵਿੱਚ ਪਾਓ ਅਤੇ ਇਕੱਠ ਇਹ ਵੇਖ ਕੇ ਹੈਰਾਨ ਰਹਿ ਜਾਵੇਗਾ ਕਿ ਹੱਥ ਜਲਿਆ ਨਹੀਂ।

ਵਿਆਖਿਆ : ਨਿੰਬੂ ਦਾ ਸਤ ਜੋ ਤਲ ਤੇ ਮੌਜੂਦ ਹੈ, ਉਹ ਆਪਣੀ ਉੱਚ ਸੰਘਣਤਾ ਕਰਕੇ ਪਹਿਲਾਂ ਉਬਲਦਾ ਹੈ ਅਤੇ ਸਤ੍ਹਾ ਤੇ ਬੁਲਬਲੇ ਜਿਹੇ ਉੱਠਣ ਲੱਗਦੇ ਹਨ। ਭਾਫ ਦੇ ਉਤਪੰਨ ਹੋਣ ਨਾਲ ਇਕੱਠ ਨੂੰ ਲਗਦਾ ਹੈ ਕਿ ਤੇਲ ਉੱਬਲ ਰਿਹਾ ਹੈ। ਅਸਲ ਵਿੱਚ ਤੇਲ ਹਲਕਾ ਜਿਹਾ ਗਰਮ ਹੁੰਦਾ ਹੈ ਅਤੇ ਇੰਨਾ ਕੁ ਗਰਮ ਹੁੰਦਾ ਹੈ ਕਿ ਹੱਥ ਅਸਾਨੀ ਨਾਲ ਬਿਨ੍ਹਾਂ ਕਿਸੇ ਨੁਕਸਾਨ ਤੋਂ ਉਸ ਵਿੱਚ ਪਾਇਆ ਜਾ ਸਕਦਾ ਹੈ।

ਸਾਵਧਾਨੀਆਂ :

- ਬਰਤਨ ਨੂੰ ਸਟੋਵ ਤੇ ਰੱਖਣ ਤੋਂ ਪਹਿਲਾਂ ਨਿੰਬੂਆਂ ਦੇ ਬੀਜ ਜਰੂਰ ਕੱਢੇ ਜਾਣੇ ਚਾਹੀਦੇ ਹਨ।
- ਜਦੋਂ ਉੱਬਲਦੇ ਤੇਲ ਵਿੱਚ ਹੱਥ ਪਾਉਣਾ ਹੈ ਤਾਂ ਜਰੂਰ ਚੇਤੰਨ ਰਹਿਣ ਦੀਜਰੂਰਤ ਹੈ ਕਿ ਹੱਥ, ਬਰਤਨ ਨੂੰ ਨਾ ਛੂਹੇ।
- ਇਹ ਟ੍ਰਿਕ ਖਤਰੇ ਭਰਪੂਰ ਅਤੇ ਪ੍ਰੈਕਟਿਸ ਤੇ ਅਧਾਰਿਤ ਹੈ। ਮਾਹਿਰ ਦੀ ਦੇਖ ਰੇਖ ਅਤੇ ਟ੍ਰੇਨਿੰਗ ਤੋਂ ਬਿਨ੍ਹਾਂ ਇਹ ਬੱਚਿਆਂ ਨੂੰ ਨਹੀਂ ਕਰਨਾ ਚਾਹੀਦਾ।



ਇਹ ਦਿਨ, ਉਸ ਸਾਲ

2 ਮਾਰਚ : ਰੇਡੀਓ ਐਕਟੀਵਿਟੀ ਦੀ ਖੋਜ (1896)
ਪਾਇਨੀਅਰ- (ਸੂਰਜੀ ਮੰਡਲ ਨੂੰ ਪਾਰ ਕਰਨ ਵਾਲਾ ਪਹਿਲਾ ਪੁਲਾੜੀ ਵਾਹਨ) ਦੀ ਉਡਾਣ

3 ਮਾਰਚ : ਟੈਲੀਫ਼ੋਨ ਖੋਜੀ ਗਰਾਹਮ ਬੈੱਲ ਦਾ ਜਨਮ (1847)

8 ਮਾਰਚ : ਕੌਮਾਂਤਰੀ ਔਰਤ ਦਿਵਸ

13 ਮਾਰਚ : ਊਧਮ ਸਿੰਘ ਨੇ ਸਰ ਮਾਈਕਲ ਉਡਵਾਇਰ ਨੂੰ ਗੋਲੀ ਮਾਰੀ (1940)

14 ਮਾਰਚ : ਮਹਾਨ ਵਿਗਿਆਨੀ ਅਲਬਰਟ ਆਈਨ ਸਟਾਈਨ ਦਾ ਜਨਮ (1879)

15 ਮਾਰਚ : ਵਿਸ਼ਵ ਖਪਤਕਾਰ ਹੱਕ ਦਿਵਸ

18 ਮਾਰਚ : ਬਰਤਾਨਵੀ ਹਕੂਮਤ ਨੇ ਬਦਨਾਮ 'ਰੌਲਟ ਐਕਟ' ਪਾਸ ਕੀਤਾ (1919)

21 ਮਾਰਚ : ਨਸਲਵਾਦ ਵਿਰੋਧੀ ਦਿਵਸ

22 ਮਾਰਚ : ਵਿਸ਼ਵ ਪਾਣੀ ਦਿਵਸ

23 ਮਾਰਚ : ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਨਵੀ ਹਕੂਮਤ ਵੱਲੋਂ ਫਾਂਸੀ (1931)

23 ਮਾਰਚ : ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ

25 ਮਾਰਚ : ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿੱਚੀ (1857)

26 ਮਾਰਚ : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953)

27 ਮਾਰਚ : ਵਿਸ਼ਵ ਰੰਗਮੰਚ ਦਿਵਸ

28 ਮਾਰਚ : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868)

29 ਮਾਰਚ : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਨ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ

7 ਅਪ੍ਰੈਲ : ਵਿਸ਼ਵ ਸਿਹਤ ਦਿਵਸ

8 ਅਪ੍ਰੈਲ : ਮੰਗਲ ਪਾਂਡੇ ਨੂੰ ਫਾਂਸੀ (1857)

8 ਅਪ੍ਰੈਲ : ਭਗਤ ਸਿੰਘ ਅਤੇ ਬੀ.ਕੇ. ਦੱਤ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਿਆ ਗਿਆ।

10 ਅਪ੍ਰੈਲ : ਡਾ. ਅਬਰਾਹਮ. ਟੀ. ਕਾਵੂਰ. (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898)

13 ਅਪ੍ਰੈਲ : ਜਲ੍ਹਿਆਂਵਾਲਾ ਬਾਗ ਗੋਲੀ ਕਾਂਡ (1919)

19 ਅਪ੍ਰੈਲ : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ ਆਰੀਆ ਭੱਟ ਪੁਲਾੜ ਵਿੱਚ ਛੱਡਿਆ ਗਿਆ (1975)

20 ਅਪ੍ਰੈਲ : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ

22 ਅਪ੍ਰੈਲ : ਵਿਸ਼ਵ ਧਰਤ ਦਿਵਸ

22 ਅਪ੍ਰੈਲ : ਰੂਸੀ ਇਨਕਲਾਬ ਦੇ ਆਗੂ ਵੀਆਈ ਲੈਨਿਨ ਦਾ ਜਨਮ (1870)

23 ਅਪ੍ਰੈਲ : ਵਿਸ਼ਵ ਪੁਸਤਕ ਦਿਵਸ

ਉਹ ਭਗਤ ਸਿੰਘ ਦੇ ਕੀ ਲੱਗਦੇ ਨੇ?

ਰਣਦੀਪ ਸੰਗਤਪੁਰਾ, 98556-95905


ਪਿੱਛੇ ਜਿਹੇ ਕਿਸੇ ਵਿਅਕਤੀ ਨੇ ਸੂਚਨਾ ਦਾ ਅਧਿਕਾਰ ਤਹਿਤ ਦੇਸ਼ ਦੇ ਗ੍ਰਹਿ ਮੰਤਰਾਲੇ ਤੋਂ ਜਾਣਕਾਰੀ ਮੰਗੀ ਸੀ ਕਿ ਦੇਸ਼ ਨੂੰ ਅਜ਼ਾਦ ਕਰਾਉਣ ਵਿੱਚ ਆਪਣੀ ਜਾਨ ਵਾਰ ਚੁੱਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਭਾਰਤ ਸਰਕਾਰ ਸ਼ਹੀਦ ਮੰਨਦੀ ਹੈ? ਫਰੀਡਮ ਫਾਈਟਰ ਵਿੰਗ ਵੱਲੋਂ ਉਸ ਵਿਅਕਤੀ ਨੂੰ ਗੋਲਮੋਲ ਜਵਾਬ ਭੇਜਿਆ ਗਿਆ ਸੀ, ਜਿਸ ਤੋਂ ਸਪੱਸ਼ਟ ਸੀ ਕਿ ਫਰੀਡਮ ਫਾਇਟਰ ਵਿੰਗ ਦੇ ਰਿਕਾਰਡ ਵਿੱਚ ਸ਼ਹੀਦ ਭਗਤ ਸਿੰਘ ਹੋਰੀਂ ਸ਼ਹੀਦ ਨਹੀਂ ਹਨ। ਦਰਅਸਲ ਬਰਤਾਨਵੀਂ ਹਕੂਮਤ ਲਈ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇਸ਼ਧ੍ਰੋਹੀ ਸਨ ਅਤੇ ਕਾਂਗਰਸ ਦੇ ਆਗੂ ਮਹਾਤਮਾ ਗਾਂਧੀ ਲਈ ਸਿਰਫਿਰੇ ਅੱਤਵਾਦੀ। ਫਿਰ ਇਹ ਹਕੂਮਤ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਹੀਦ ਕਿਵੇਂ ਮੰਨ ਸਕਦੀ ਹੈ? ਅਸੀਂ ਸਮਝਦੇ ਹਾਂ ਕਿ ਭਗਤ ਸਿੰਘ ਵਿਗਿਆਨਕ ਸੋਚ ਦੇ ਧਾਰਨੀ, ਸੰਘਰਸ਼ਸ਼ੀਲ ਤੇ ਲੁੱਟੇ ਕੁੱਟੇ ਜਾਂਦੇ ਲੋਕਾਂ ਦਾ ਹੈ। ਇਸੇ ਕਰਕੇ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਹੀਦ ਕਹਿਣ ਲਈ ਕਿਸੇ ਤੋਂ ਮੋਹਰ ਜਾਂ ਸਰਟੀਫਿਕੇਟ ਦੀ ਕੋਈ ਲੋੜ ਨਹੀਂ। ਸਰਕਾਰਾਂ ਜਿੰਨ੍ਹਾਂ ਨੇ ਭਗਤ ਸਿੰਘ ਨੂੰ ਸਿਰਫ ਪੂਜਣਯੋਗ ਬਾਬਾ ਬਣਾਉਣ ਵਿੱਚ ਕਸਰ ਨਹੀਂ ਛੱਡੀ, ਉਸਦੀ ਵਿਚਾਰਧਾਰਾ ਨੂੰ ਤੋੜ ਮਰੋੜ ਕੇ ਪੇਸ਼ ਕਰਦੀਆਂ ਹਨ, ਤਾਂ ਫਿਰ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਹੀਦ ਕਿਵੇਂ ਮੰਨ ਸਕਦੀਆਂ ਨੇ? ਜੇ ਸਰਕਾਰ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਹੀਦ ਮੰਨ ਵੀ ਲੈਂਦੀ ਹੈ, ਫਿਰ ਕੀ ਹੋਜੂ? ਕਿਉਂਕਿ ਭਗਤ ਸਿੰਘ ਦੇ ਸੁਪਨੇ ਤਾਂ ਇਸ ਲੋਟੂ ਨਿਜਾਮ ਨੂੰ ਪਲਟ ਕੇ ਬਰਾਬਰੀ ਵਾਲਾ ਸਮਾਜ ਸਿਰਜਕੇ ਹੀ ਪੂਰੇ ਹੋਣੇ ਹਨ।

ਸੋ, ਜੋ ਲੋਕ ਭਗਤ ਸਿੰਘ ਨੂੰ ਪਿਆਰ ਕਰਦੇ ਨੇ, ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣਾ ਚਾਹੁੰਦੇ ਨੇ। ਉਹਨਾਂ ਨੂੰ ਅਖੌਤੀ ਸੂਚਨਾ ਅਧਿਕਾਰ ਦੇ ਚੱਕਰਾਂ ਵਿੱਚ ਨਹੀਂ ਪੈਣਾ ਚਾਹੀਦਾ ਕਿ ਸਰਕਾਰ ਭਗਤ ਸਿੰਘ ਨੂੰ ਸ਼ਹੀਦ ਮੰਨਦੀ ਹੈ ਕਿ ਨਹੀਂ? ਸਗੋਂ ਭਗਤ ਸਿੰਘ ਦੇ ਵਿਚਾਰਾਂ ਦਾ ਪ੍ਰਸਾਰ ਕਰਨ ਤੇ ਉਸਦੇ ਸੁਪਨਿਆਂ ਦਾ ਸਮਾਜ ਸਿਰਜਣ ਵਿੱਚ ਵੱਧ ਤੋਂ ਵੱਧ ਸਮਾਂ ਲਾਉਣਾ ਚਾਹੀਦਾ ਹੈ।



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਤਰਕਸ਼ੀਲ ਦੇ ਜਨਵਰੀ-ਫਰਵਰੀ ਅੰਕ ਵਿੱਚ ਛਪਿਆ ਲੇਖ 'ਵਿਗਿਆਨੀ ਜਿੰਨ੍ਹਾਂ ਨੂੰ ਸਨਮਾਨ ਦੀ ਬਜਾਏ ਮੌਤ ਮਿਲੀ' ਪੜ੍ਹਿਆ, ਕਾਪਰਨਿਕਸ ਬਾਬਤ ਉਕਤ ਲੇਖ ਵਿੱਚ ਕਿਹਾ ਗਿਆ ਹੈ - "ਕਾਪਰਨਿਕਸ ਦੀ ਪੁਸਤਕ ਨੂੰ ਧਰਮ ਅਤੇ ਸਮਾਜ ਵਿਰੋਧੀ ਕਹਿਕੇ, ਇਸ ਉੱਤੇ ਪਾਬੰਦੀ ਲਗਾ ਦਿੱਤੀ ਗਈ। ਜਿਸ ਕਿਸੇ ਕੋਲ ਵੀ ਇਹ ਪੁਸਤਕ ਹੁੰਦੀ, ਉਸ ਨੂੰ ਸਜ਼ਾ ਭੁਗਤਣੀ ਪੈਂਦੀ, ਇਸ ਲਈ ਕਾਪਰਨਿਕਸ ਨੂੰ ਸਖਤ ਸਜ਼ਾ ਭੁਗਤਣੀ ਪਈ, 24 ਮਈ 1543 ਨੂੰ ਇਸਦੀ ਮੌਤ ਹੋ ਗਈ' (ਪੰ.4)

ਇਸ ਬਾਰੇ ਮੈਂ ਆਪਣੀ ਵੱਲੋਂ ਕੁੱਝ ਨਾ ਲਿਖਦਾ ਹੋਇਆ "The Britannica Guide to The 100 Most Influential Scientists" (London) 'ਚੋਂ ਇੱਕ ਪੈਰਾ ਲਿਖ ਰਿਹਾ ਹਾਂ : Legend has it that a copy of De-revolutionibus was placed in copernicu's hands a few days after he lost conscicousness from a stroke. He awoke long enough to realize that he was holding his great book and then expired, "publishing as he perished". In fact, he died on 24 May 1543, some two months after publication. His legend overlooks this time lapse, giving it the beatific air of a saint's tale. (P. 47)

ਇਹ ਹੈ ਕੋਪਰਨਿਕਸ ਦੀ ਕਿਤਾਬ ਛਪਣ ਅਤੇ ਉਸਦੀ ਮੌਤ ਦੀ ਕਹਾਣੀ, ਨਾ ਕਿਸੇ ਨੂੰ ਕਿਤਾਬ ਆਪਣੇ ਪਾਸ ਰੱਖਣ ਲਈ ਸਜਾ ਹੋਈ, ਨਾ ਕੋਪਰਨਿਕਸ ਨੂੰ ਹੀ ਕੋਈ ਸਜਾ ਹੋਈ।

ਗਲੈਲੀਓ ਨੇ ਧਰਮ ਦੀ ਕਰੂਰ ਅਦਾਲਤ (Inquisition) ਦੇ ਹੁਕਮ ਅਨੁਸਾਰ ਆਪਣੀਆਂ ਖੋਜ਼ਾਂ ਤੋਂ ਤੋਬਾ ਕਰ ਲਈ ਸੀ, ਉਨ੍ਹਾਂ ਨੂੰ ਰੱਦ ਐਲਾਨ ਦਿੱਤਾ ਸੀ, ਕਿਉਂਕਿ ਬਚਣ ਦਾ ਕੋਈ ਹੋਰ ਰਾਹ ਨਹੀਂ ਸੀ। ਇਹ 1633 ਦੀ ਗੱਲ ਹੈ, ਇਸ ਤੋਂ ਬਾਅਦ 6 ਮਹੀਨੇ ਉਹ ਆਪਣੇ ਮਿੱਤਰ ਅਤੇ ਸਰਪ੍ਰਸਤ Siona ਦੇ ਆਰਚਬਿਸ਼ਪ Ascanio Piccolomini ਦੇ ਮਹਿਲ ਵਿੱਚ ਰਿਹਾ। ਉਸ ਪਿੱਛੋਂ ਉਹ Arcetri ਦੇ ਨੇੜੇ ਇਕ ਘਰ ਵਿੱਚ ਰਹਿਣ ਲੱਗਾ, ਕਿਉਂਕਿ ਇਸ ਦੇ ਲਾਗ ਹੀ ਉਸ ਦੀ ਬੇਟੀ, ਜੋ ਸਾਧਨੀ ਬਣੀ ਹੋਈ ਸੀ, ਸਾਧਨੀਆਂ ਦੇ ਅਸਥਾਨ (Nunnery) ਵਿਖੇ ਰਹਿੰਦੀ ਸੀ ਪਰ 1634 ਵਿੱਚ ਹੀ ਉਸ ਦੀ ਬੇਵਕਤ ਮੌਤ ਹੋ ਗਈ। ਫਿਰ ਵੀ ਗੈਲੀਲਿਓ 1642 ਤੱਕ ਭਾਵ ਆਪਦੇ ਜੀਵਨ ਦੇ ਅੰਤ ਤੱਕ ਉੱਥੇ ਹੀ ਰਹਿੰਦਾ ਰਿਹਾ, ਭਾਵੇਂ ਉਹ ਹੁਣ ਅੰਨ੍ਹਾਂ ਹੋ ਚੁੱਕਾ ਸੀ, ਪਰ ਅਜੇ ਵੀ ਖੋਜ ਕਰ ਰਿਹਾ ਸੀ ਤੇ ਉਸ ਦੇ ਨਾਲ Vincenzo viviani ਨਾਂ ਦਾ ਇੱਕ ਨੌਜਵਾਨ ਵਿਦਿਆਰਥੀ ਰਹਿ ਰਿਹਾ ਸੀ।

ਡਾ. ਸੁਰਿੰਦਰ ਅਜਨਾਤ

Aunthetic Information about Title Page (Nov.-Dec. Issue) is

- Photographer Name is Kevin Carter, not Kevin Carten and village name is Ayod, not Ayog.
- The photo was taken in the year 1993 not 1991.
- Photographer had not helped the starving child.
- Neither he tried to help the child nor he swallowed cyanide. He committed suicide in the year 1994 after receiving the Pulitzer Prize.
- Award name is Pulitzer prize, not pulitirez.

Amrinder Singh, SLIET Longowal

ਜਨਵਰੀ-ਫਰਵਰੀ 2013 ਦੇ ਅੰਕ ਦਾ ਮੁੱਖ ਪੰਨਾ, ਇਸ ਉੱਤੇ ਆਇਨਸਟਾਈਨ ਦੀ ਕੁਟੇਸਨ, ਪੰਨੇ ਨੰ: 2 ਉੱਤੇ

ਸ਼ਤਾਬਦੀ ਵਰ੍ਹੇ ਦਾ ਚਿੱਤਰ ਅਤੇ ਇਸ ਉੱਤੇ ਵਿਕਟਰ ਹਿਊਗੋ ਦੀ ਕੁਟੇਸ਼ਨ, ਸੰਪਾਦਕੀ, ਕਰਨਜੀਤ ਨਾਸਤਿਕ, ਹੇਮ ਰਾਜ ਸਟੈਨੋ, ਡਾ. ਬਲਵੰਤ ਸਿੱਧੂ, ਡਾ. ਸ਼ਿਆਮ ਸੁੰਦਰ ਦੀਪਤੀ, ਰਾਹੁਲ ਸਾਂਕ੍ਰਿਤਆਇਨ, ਐਡਵੋਕੇਟ ਸੁਰੇਸ਼ ਭਿਓਰਾ ਅਤੇ ਜਗਤਾਰ ਸਹੋਤਾ ਦੀਆਂ ਰਚਨਾਵਾਂ ਬਾਕੀਆਂ ਨਾਲੋਂ ਵਧੀਆ ਲੱਗੀਆਂ । ਭਾਵੇਂ ਕਿ ਬਾਕੀ ਲਿਖਤਾਂ ਵੀ ਸੇਧ ਦੇਣ ਵਾਲੀਆਂ ਸਨ ।ਵਧਦੇ ਹੁੰਗਾਰੇ ਖੁਸ਼ੀ ਦਿੰਦੇ ਹਨ ।

- ਅਜੀਤ ਪ੍ਰਦੇਸ਼ੀ

✉ ਜਨਵਰੀ-ਫਰਵਰੀ ਅੰਕ ਦੇ ਮੁੱਖ ਪੰਨੇ ਤੇ ਵਿਗਿਆਨੀਆਂ ਦੀਆਂ ਤਸਵੀਰਾਂ ਜਿਹਨਾਂ ਨੇ ਸਮੁੱਚੀ ਮਨੁੱਖਤਾ ਸਾਹਮਣੇ ਸੱਚ ਲਿਆਂਦਾ ਅਤੇ ਮੌਜੂਦਾ ਧਰਮ ਗ੍ਰੰਥਾਂ ਦੀਆਂ ਮਿਥਾਂ ਨੂੰ ਤੋੜਿਆ ਬਹੁਤ ਵਧੀਆ ਲੱਗਾ । ਸੰਪਾਦਕੀ, ਜਗਿਆਸ਼ਾ, ਮਨੋਰੋਗ ਮਾਹਿਰ ਦੀ ਕਲਮ ਤੋਂ, ਕਹਾਣੀ ਸੁਦੈਣ, ਧਾਰਮਿਕ ਸਥਾਨਾਂ ਤੇ ਮੌਤਾਂ ਕਿਉਂ? ਬਾਕੀ ਸਾਰਾ ਮੈਟਰ ਸਲਾਹੁਣਯੋਗ ਸੀ ।ਬੱਚਿਆਂ ਦਾ ਕਾਲਮ, ਇੰਝ ਪੜ੍ਹੀਏ ਪੁਸਤਕਾਂ, ਸਵਾਲਾਂ ਦੇ ਜਵਾਬ ਰਸਾਲੇ ਨੂੰ ਹੋਰ ਰੌਚਿਕ ਬਣਾਉਂਦੇ ਹਨ ।

- ਲਖਵਿੰਦਰ ਸ਼ਗੀਂਹ ਵਾਲਾ

✉ 'ਤਰਕਸ਼ੀਲ' ਜਨਵਰੀ-ਫਰਵਰੀ 2013 ਅੰਕ ਦਾ ਮੁੱਖ ਪੰਨਾ ਬਹੁਤ ਚੰਗਾ ਸੀ ।ਸੰਪਾਦਕੀ ਬਹੁਤ ਚੰਗੀ ਸੀ । ਇਸ ਵਿੱਚ 'ਵਿਗਿਆਨੀ ਜਿਨ੍ਹਾਂ ਨੂੰ ਸਨਮਾਨ ਦੀ ਬਜਾਏ, ਮੌਤ ਮਿਲੀ' ਪੜ੍ਹ ਕੇ ਮੈਨੂੰ ਉਹਨਾਂ ਮਹਾਨ ਵਿਗਿਆਨੀਆਂ ਬਾਰੇ ਪਤਾ ਚੱਲਿਆ ।ਹੇਮ ਰਾਜ ਸਟੈਨੋ ਦੁਆਰਾ ਲਿਖੇ ਭਖਦੇ ਮਾਮਲੇ (ਸਿੱਧਾ ਵਿਦੇਸ਼ੀ (ਪੂੰਜੀ) ਨਿਵੇਸ਼) ਬਹੁਤ ਚੰਗਾ ਲੱਗਿਆ । ਇਸ ਵਿੱਚ ਕਹਾਣੀ 'ਸੁਦੈਣ' ਬਹੁਤ ਵਧੀਆ ਲੱਗੀ ।ਇਸ ਵਿੱਚ ਸੁਮੀਤ ਸਿੰਘ ਦੁਆਰਾ ਲਿਖੀ ਕਰਾਮਾਤੀ ਸ਼ਕਤੀ ਦਾ ਸੱਚ ਅਤੇ ਜਗਜੀਤ ਗਿੱਲ ਦੁਆਰਾ ਲਿਖੀ ਜਾਦੂ-ਟੂਣੇ ਸਲਾਹਣਯੋਗ ਸਨ।ਵੰਨਗੀ ਵਿੱਚ ਲੁਕਵੀਂ ਲੁੱਟ 'ਤੇ ਠੱਗਾਂ ਦੇ ਪਿਉ ਬਹੁਤ ਚੰਗਾ ਸੀ ।ਇਸ ਤੋਂ ਇਲਾਵਾ 'ਮੂੰਹ ਵਿੱਚੋਂ ਅੱਗ ਕੱਢਣਾ' ਜਾਦੂ ਬਾਰੇ ਅਤੇ ਆਖਰੀ ਸਫ਼ੇ 'ਤੇ ਚੁਣੌਤੀ ਵਾਲਾ ਪੰਨਾ ਬਹੁਤ ਵਧੀਆ ਲੱਗਿਆ ।ਅੰਤ ਵਿੱਚ ਕਰਾਂਗਾ ਕਿ ਸਾਰਾ ਮੈਗਜ਼ੀਨ ਹੀ ਵਧੀਆ ਸੀ ।

- ਪ੍ਰਵੀਨ ਤਰਕਸ਼ੀਲ ਮੇਘਾ ਰਾਏ

✉ ਤਰਕਸ਼ੀਲ ਦਾ ਜਨਵਰੀ-ਫਰਵਰੀ 2013 ਅੰਕ ਪੜ੍ਹਿਆ । ਸਮੁੱਚਾ ਮੈਟਰ ਕਾਬਿਲੇ ਤਾਰੀਫ ਸੀ । ਮੈਗਜ਼ੀਨ ਦੀ ਸੰਪਾਦਕੀ ਗ਼ਦਰ ਲਹਿਰ ਨੂੰ ਸਮਰਪਿਤ ਕਰਨਾ ਸ਼ਲਾਘਾਯੋਗ ਕਦਮ ਹੈ ।ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ ਦੇ ਗੰਭੀਰ ਮੁੱਦੇ ਉੱਤੇ ਹੇਮ ਰਾਜ ਸਟੈਨੋ ਨੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ ਹੈ ਅਤੇ ਸਰਕਾਰਾਂ ਦੀਆਂ ਲੋਕਮਾਰੂ ਆਰਥਿਕ ਨੀਤੀਆਂ ਵਿਰੁੱਧ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ ਹੈ । ਡਾ. ਬਲਵੰਤ ਸਿੱਧੂ ਦੇ ਸਥਾਈ ਕਾਲਮ 'ਮਨੋਰੋਗ ਮਾਹਿਰ ਦੀ ਕਲਮ ਤੋਂ' ਵਿੱਚ ਨਸ਼ਿਆਂ ਦੀ ਰੋਕਥਾਮ ਲਈ ਬੜੇ ਠੋਸ ਉਪਾਅ ਦੱਸੇ ਗਏ ਹਨ ।ਡਾ. ਦੀਪਤੀ ਨੇ 'ਮਨੁੱਖੀ ਸਖ਼ਸੀਅਤ ਦਾ ਸੱਚ' ਵਿੱਚ ਪਰਿਵਾਰ ਅਤੇ ਸਮਾਜ ਵੱਲੋਂ ਬਜੁਰਗਾਂ ਪ੍ਰਤੀ ਅਪਣਾਈ ਜਾ ਰਹੀ ਸਵਾਰਥੀ ਅਤੇ ਗੈਰ ਮਨੁੱਖੀ ਮਾਨਸਿਕਤਾ ਦੇ ਸੱਚ ਨੂੰ ਬਿਲਕੁਲ ਸਹੀ ਬਿਆਨ ਕੀਤਾ ਹੈ । ਗੁਰਚਰਨ ਨੂਰਪੁਰ ਦਾ ਲੇਖ 'ਧਾਰਮਿਕ ਸਥਾਨਾਂ ਤੇ ਮੌਤਾਂ ਕਿਉਂ?' ਧਰਮਾਂ ਵੱਲੋਂ ਫੈਲਾਏ ਗਏ ਅਖੌਤੀ ਅਧਿਆਤਮਵਾਦ ਅੰਧ-ਵਿਸਵਾਸ਼ ਅਤੇ ਪੁਜਾਰੀ ਵਰਗ ਵੱਲੋਂ ਕੀਤੀ ਜਾਂਦੀ ਲੁੱਟ ਵਿਰੁੱਧ ਜਾਗਰੂਕ ਕਰਦਾ ਹੈ । ਜਗਿਆਸਾ, ਖੋਜ ਖਬਰ, ਹਵਾ 'ਚ ਲਿਖੇ ਹਰਫ, ਮੈਂ ਤਰਕਸ਼ੀਲ ਕਿਵੇਂ ਬਣਿਆ, ਵੰਨਗੀ ਆਦਿ ਕਾਲਮ ਮੈਗਜ਼ੀਨ ਵਿੱਚ ਦਿਲਚਸਪੀ ਪੈਦਾ ਕਰਦੇ ਹਨ । ਪਟਿਆਲਾ ਇਕਾਈ ਦੀਆਂ ਸਰਗਰਮੀਆਂ ਵਿੱਚ ਤਰਕਸ਼ੀਲ ਆਗੂਆਂ ਦੇ ਨਾਵਾਂ ਦਾ ਬੇਲੋੜਾ ਦੁਹਰਾਅ ਕੀਤਾ ਗਿਆ ਹੈ ।ਜੇਕਰ ਇਕੋ ਵਾਰੀ ਇਹ ਲਿਖ ਦਿੱਤਾ ਜਾਂਦਾ ਕਿ 'ਇੰਨੀ ਤਾਰੀਖ ਤੋਂ ਇੰਨੀ ਤਾਰੀਖ ਤੱਕ ਵੱਖ-ਵੱਖ ਥਾਵਾਂ (ਥਾਵਾਂ ਦੇ ਨਾਂਅ) ਉੱਤੇ ਤਰਕਸ਼ੀਲ ਇਕਾਈ ਵੱਲੋਂ ਅੰਧ-ਵਿਸਵਾਸ਼ਾਂ ਵਿਰੁੱਧ ਪ੍ਰੋਗਰਾਮ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਤਰਕਸ਼ੀਲ ਆਗੂਆਂ (ਉਨ੍ਹਾਂ ਦੇ ਨਾਂਅ) ਵੱਲੋਂ ਸੰਬੋਧਨ ਕੀਤਾ ਗਿਆ' ਤਾਂ ਵੀ ਇਕਾਈ ਤੇ ਆਗੂਆਂ ਦੀ ਸਰਗਰਮੀ ਦੀ ਸਾਰਥਿਕਤਾ ਉਨੀ ਹੀ ਰਹਿਣੀ ਸੀ। ਜੇਕਰ ਦੂਜੇ ਸੂਬਿਆਂ ਦੀਆਂ ਤਰਕਸ਼ੀਲ ਮੈਗਜ਼ੀਨਾਂ ਸਬੰਧੀ ਜਾਣਕਾਰੀ ਦੇ ਸਕੋ ਤਾਂ ਪਾਠਕਾਂ ਲਈ ਹੋਰ ਲਾਹੇਵੰਦ ਹੋਵੇਗਾ । ਮੈਗਜ਼ੀਨ ਵਿੱਚ ਪ੍ਰਕਾਸ਼ਿਤ ਯਾਦਗਾਰੀ ਦਿਨ ਤਰਕਸ਼ੀਲ ਇਕਾਈਆਂ ਨੂੰ ਸਰਗਰਮੀ ਕਰਨ ਦੀ

ਪ੍ਰੇਰਨਾ ਦੇਣ ਦੇ ਨਾਲ-ਨਾਲ ਆਮ ਪਾਠਕਾਂ ਦੀ ਜਾਣਕਾਰੀ ਵਿੱਚ ਵੀ ਭਰਪੂਰ ਵਾਧਾ ਕਰਦੇ ਹਨ । ਜੇਕਰ ਵੱਖ-ਵੱਖ ਇਕਾਈਆਂ ਦੇ ਤਰਕਸ਼ੀਲ ਮੈਂਬਰਾਂ ਵੱਲੋਂ ਹੁਣ ਤੱਕ ਮਰਨ ਉਪਰੰਤ ਸਰੀਰ ਪ੍ਰਦਾਨ ਕਰਨ ਦੀ ਵਸੀਅਤ ਸਬੰਧੀ ਮੈਗਜ਼ੀਨ ਵਿੱਚ ਜਿਲ੍ਹੇ/ਜ਼ੋਨ ਵਾਰ ਲਿਸਟ ਪ੍ਰਕਾਸ਼ਿਤ ਕੀਤੀ ਜਾਵੇ ਤਾਂ ਇਸ ਲੋਕ ਪੱਖੀ ਮੁਹਿੰਮ ਨੂੰ ਆਮ ਲੋਕਾਂ ਤੋਂ ਹੋਰ ਵੀ ਜਿਆਦਾ ਹੁੰਗਾਰਾ ਮਿਲਣ ਦੀ ਸੰਭਾਵਨਾ ਵਧੇਗੀ । ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗਿਆਨ-ਵਿਗਿਆਨ ਅਤੇ ਚਿੰਤਨ ਦੇ ਖੇਤਰ ਵਿੱਚ 'ਤਰਕਸ਼ੀਲ' ਹੀ ਇਕੋ-ਇੱਕ ਅਜਿਹਾ ਮੈਗਜ਼ੀਨ ਹੈ ਜੋ ਲੋਕਪੱਖੀ ਸਮਾਜਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਤਬਦੀਲੀ ਲਈ ਲਗਾਤਾਰ ਇੱਕ ਜ਼ਿਕਰਯੋਗ ਭੂਮਿਕਾ ਨਿਭਾ ਰਿਹਾ ਹੈ ਪਰ ਤਰਕਸ਼ੀਲ ਸਾਹਿਤ ਅਤੇ ਮੈਗਜ਼ੀਨ ਨੂੰ ਉਨ੍ਹਾਂ ਪਿਛੜੇ ਖੇਤਰਾਂ ਅਤੇ ਵਰਗਾਂ ਦੇ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ ਜਿਹੜੇ ਆਪਣੀ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਬਿਮਾਰੀ, ਹਾਦਸਿਆਂ, ਮੌਤਾਂ, ਖੁਦਕੁਸੀਆਂ ਅਤੇ ਹੋਰ ਬੁਨਿਆਦੀ ਸਮੱਸਿਆਵਾਂ ਦੇ ਖਾਤਮੇ ਲਈ ਅਜੇ ਵੀ ਕਿਸੇ ਅਖੌਤੀ ਪ੍ਰਮਾਤਮਾ, ਕਿਸਮਤ, ਅਗਲੇ ਪਿਛਲੇ ਜਨਮ, ਚੌਰਾਸੀ ਲੱਖ ਜੂਨਾਂ, ਸੁੱਖਣਾ ਸੁੱਖਣ, ਤੀਰਥ ਯਾਤਰਾ, ਦਾਨ-ਪੁੰਨ, ਅਰਦਾਸਾਂ ਅਤੇ ਪ੍ਰਾਰਥਨਾਵਾਂ ਦੇ ਅੰਧ-ਵਿਸਵਾਸ਼ ਉੱਤੇ ਵਿਅਰਥ ਟੇਕ ਲਾਈ ਬੈਠੇ ਹਨ ਜਦਕਿ ਲੋਕਾਂ ਨਾਲ ਵਾਪਰਦੇ ਉਪਰੋਕਤ ਗੈਰ ਮਨੁੱਖੀ ਵਰਤਾਰਿਆਂ ਲਈ ਮੌਜੂਦਾ ਲੁਟੇਰਾ ਰਾਜ ਪ੍ਰਬੰਧ ਜਿੰਮੇਵਾਰ ਹੈ । ਵਿਗਿਆਨਕ ਸੋਚ ਦੇ ਪ੍ਰਚਾਰ-ਪ੍ਰਸਾਰ ਲਈ ਤਰਕਸ਼ੀਲ ਮੈਗਜ਼ੀਨ ਅਤੇ ਤਰਕਸ਼ੀਲ ਸਾਹਿਤ ਨੂੰ ਪੰਜਾਬ ਦੇ ਸਮੂਹ ਸਰਕਾਰੀ ਅਤੇ ਨਿੱਜੀ ਵਿਦਿਅਕ ਅਦਾਰਿਆਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।ਸਮੁੱਚਾ ਸੰਪਾਦਕੀ ਮੰਡਲ ਅਜਿਹਾ ਮਿਆਰੀ ਮੈਗਜ਼ੀਨ ਕੱਢਣ ਅਤੇ ਵਕਤ ਸਿਰ ਪਾਠਕਾਂ ਤੱਕ ਪਹੁੰਚਾਉਣ ਲਈ ਮੁਬਾਰਕਵਾਦ ਦਾ ਹੱਕਦਾਰ ਹੈ ।

- ਸੁਮੀਤ ਸਿੰਘ

ਮਰਹੂਮ ਤਰਕਸ਼ੀਲ ਆਗੂ ਕਿਸ਼ਨ ਬਰਗਾੜੀ ਦੀ ਯਾਦ ਵਿੱਚ ਤਰਕਸ਼ੀਲ ਮੇਲਾ

ਪਿੰਡ ਰੋਮਾਣਾ ਅਜੀਤ ਸਿੰਘ ਵਿਖੇ ਕ੍ਰਿਸ਼ਨ ਬਰਗਾੜੀ ਦੀ 11ਵੀਂ ਬਰਸੀ ਨੂੰ ਸਮਰਪਿਤ ਵਿਸ਼ਾਲ ਤਰਕਸ਼ੀਲ ਮੇਲਾ ਕਰਵਾਇਆ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਅਤੇ ਉੱਘੇ ਲੇਖਕ ਹੇਮ ਰਾਜ ਸਟੈਨੋ ਇਸ ਮੇਲੇ ਦੇ ਮੁੱਖ ਬੁਲਾਰੇ ਸਨ। ਇਸ ਵਾਰ ਦਾ ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ ਪਦਮ ਸ੍ਰੀ ਗੁਰਦਿਆਲ ਸਿੰਘ ਨੂੰ ਦਿੱਤਾ ਗਿਆ, ਜੋ ਉਹਨਾਂ ਦੀ ਬੀਮਾਰੀ ਕਾਰਨ ਉਹਨਾਂ ਦੇ ਬੇਟੇ ਰਵਿੰਦਰ ਰਾਹੀ ਨੇ ਪ੍ਰਾਪਤ ਕੀਤਾ। ਜਗਸੀਰ ਜੀਦਾ ਦੀ ਟੀਮ ਨੇ ਤਰਕਸ਼ੀਲ ਬੋਲੀਆਂ ਰਾਹੀਆਂ ਖੂਬ ਰੰਗ ਬੰਨ੍ਹਿਆ। ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾਂ ਹੇਠ ਦੋ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ ਅਤੇ ਪ੍ਰੇਤ ਪੇਸ਼ ਕੀਤੇ ਗਏ। ਮਲੂਕਾ ਸਕੂਲ ਦੇ ਵਿਦਿਆਰਥੀਆਂ ਨੇ ਕੋਰੀਓ ਗ੍ਰਾਫੀਆਂ ਪੇਸ਼ ਕੀਤੀਆਂ। ਗੁਰਵਿੰਦਰ ਬੜੀ ਨੇ ਆਪਣੀ ਜੀਵਨ ਸਾਥਣ ਕੁਲਵਿੰਦਰ ਕੌਰ ਨਾਲ ਜਾਦੂ ਸ਼ੋਅ ਪੇਸ਼ ਕੀਤਾ। ਇਸ ਮੌਕੇ ਕ੍ਰਿਸ਼ਨ ਬਰਗਾੜੀ ਦੇ ਬੇਟੇ ਰਵਿੰਦਰ ਬਰਗਾੜੀ ਅਤੇ ਉਸਦੀ ਜੀਵਨ ਸਾਥਣ ਅਮਨਦੀਪ ਨੂੰ ਇਨਕਲਾਬੀ ਢੰਗ ਨਾਲ ਸਾਦਾ ਵਿਆਹ ਕਰਨ ਤੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜੁੰਮੇਵਾਰੀ ਰਣਜੀਤ ਸਿੰਘ ਸਿਵੀਆਂ ਨੇ ਨਿਭਾਈ। ਹਾਜਰ ਪ੍ਰਮੁੱਖ ਤਰਕਸ਼ੀਲ ਸਖਸ਼ੀਅਤਾਂ ਵਿੱਚ ਐਡਵੋਕੇਟ ਅਵਤਾਰ ਗੋਂਦਾਰਾ, ਰਾਮ ਕੁਮਾਰ ਭਦੌੜ, ਰਜਿੰਦਰ ਕੌਰ ਬਰਗਾੜੀ, ਭੂਰਾ ਸਿੰਘ ਮਹਿਮਾ ਸਰਜਾ, ਚੰਨਣ ਵਾਂਦਰ, ਦਰਸ਼ਨ ਸਾਹੋ ਕੇ ਹਰਜੀਤ ਫੌਜੀ, ਸੁਖਰਾਜ ਗੋਂਦਾਰਾ ਸੁਰਿੰਦਰਪ੍ਰੀਤ ਘਣੀਆਂ ਅਤੇ ਬਲਵਿੰਦਰ ਸੋਢੀ ਆਦਿ ਸ਼ਾਮਿਲ ਸਨ। ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿੱਚ ਬਾਬਾ ਰਾਜਾ ਰਾਮ ਯੂਥ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਰੋਮਾਣਾ ਅਜੀਤ ਸਿੰਘ ਦੇ ਹਰਜਿੰਦਰ ਸਿੰਘ ਨੀਟੂ, ਡਾ. ਸੁਖਦੇਵ ਸਿੰਘ, ਡਾ. ਸਤਪਾਲ ਰੋਮਾਣਾ, ਡਾ. ਜਗਰੂਪ ਰੋਮਾਣਾ, ਕਾਮਰੇਡ ਗੁਰਤੇਜ ਸਿੰਘ ਅਤੇ ਪੰਚ ਕੁਲਦੀਪ ਸਿੰਘ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਤਰਸੀਲ ਪੁਸਤਕ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ।

ਅਮਰਜੀਤ ਢਿੱਲੋਂ

ਪੇਸ਼ ਕਦਮੀਆਂ

***ਮਾਝਾ ਜ਼ੋਨ : ਲੜਕੀਆਂ ਵਿਰੁੱਧ ਜਬਰ ਜੁਲਮ ਸਬੰਧੀ ਸੈਮੀਨਾਰ*:** 6 ਜਨਵਰੀ ਨੂੰ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਜੋਨ ਮੁਖੀ ਮੁਖਵਿੰਦਰ ਚੋਹਲਾ, ਸੁਮੀਤ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਐਡਵੋਕੇਟ ਅਮਰਜੀਤ ਬਾਈ, ਉੱਘੀ ਲੇਖਿਕਾ ਵਰਿੰਦਰ ਕੌਰ, ਕਾਮਰੇਡ ਅਜੀਤ ਸਿੰਘ ਅਤੇ ਸੈਮੀਨਾਰ ਦੀ ਪ੍ਰਧਾਨਗੀ ਕਰ ਰਹੀ ਤਰਕਸ਼ੀਲ ਆਗੂ ਰਣਜੀਤ ਗਗੋਮਾਹਲ ਨੇ ਸੰਬੋਧਨ ਕੀਤਾ । ਇਸ ਮੌਕੇ ਜ਼ੋਨ ਦੀਆਂ ਸਮੁੱਚੀਆਂ ਇਕਾਈਆਂ ਅੰਮ੍ਰਿਤਸਰ, ਤਰਨਤਾਰਨ, ਜੰਡਿਆਲਾ, ਗੋਪਾਲਪੁਰ ਮੱਝਵਿੰਡ, ਗੁਰਦਾਸਪੁਰ ਗਗੋਮਾਹਲ, ਚੋਹਲਾ ਸਾਹਿਬ, ਧਾਰੀਵਾਲ ਭੋਜਾਂ, ਖਿਲਰੀਆਂ ਅਤੇ ਖਡੂਰ ਸਾਹਿਬ ਦੇ ਆਗੂਆਂ ਤੇ ਮੈਂਬਰਾਂ ਵੱਲੋਂ ਔਰਤਾਂ ਵਿਰੁੱਧ ਜੁਲਮ ਜਬਰ ਰੋਕਣ ਸਬੰਧੀ ਇੱਕ ਰੋਸ ਮਾਰਚ ਵੀ ਕੱਢਿਆ ਗਿਆ ਜਿਸ ਵਿੱਚ ਮੁਖਤਿਆਰ ਗੋਪਾਲਪੁਰਾ, ਡਾ. ਰਾਜਵੰਤ, ਸਤਨਾਮ ਜੰਡਿਆਲਾ, ਤਰਲੋਚਨ ਗੁਰਦਾਸਪੁਰ, ਜਸਵੀਰ ਫਾਜਲਪੁਰਾ, ਅਮਨ ਗਗੋਮਾਹਲ, ਸੰਦੀਪ ਭੋਜਾਂ, ਲਖਵਿੰਦਰ ਗੋਪਾਲਪੁਰ, ਜਸਪਾਲ ਬਾਸਰਕਾ, ਨਾਗਰ ਮੱਲ, ਸੁੱਚਾ ਸਿੰਘ, ਬਲਵੰਤ ਸਿੰਘ ਰਮਦਾਸ, ਡਾ. ਬਲਦੇਵ ਸਿੰਘ, ਹਰਜਿੰਦਰ ਸਿੰਘ, ਸੇਵਾ ਸਿੰਘ ਜਾਦੂਗਰ, ਵਿਸ਼ਾਲ ਕੁਮਾਰ ਅਤੇ ਦੀਵਾਨ ਸਿੰਘ ਤੋਂ ਇਲਾਵਾ ਹੋਰ ਵੀ ਕਈ ਮੈਂਬਰਾਂ ਨੇ ਸਮੂਲੀਅਤ ਕੀਤੀ

- ਸੁਮੀਤ ਸਿੰਘ ਅੰਮ੍ਰਿਤਸਰ

ਲੁਧਿਆਣਾ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ੋਨ **'ਤਰਕਸ਼ੀਲਤਾ ਕੀ ਹੈ' ਵਿਸ਼ੇ ਤੇ ਵਰਕਸ਼ਾਪ:** 6 ਜਨਵਰੀ ਨੂੰ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜਵਾਹਰ ਨਗਰ ਲੁਧਿਆਣਾ ਵਿਖੇ ਉਪਰੋਕਤ ਦੋਵਾਂ ਜ਼ੋਨਾਂ ਵੱਲੋਂ ਸਾਂਝੇ ਤੌਰ 'ਤੇ 'ਤਰਕਸ਼ੀਲਤਾ ਕੀ ਹੈ' ਵਿਸ਼ੇ ਤੇ ਵਰਕਸ਼ਾਪ ਲਗਾਈ ਗਈ । ਇਸ ਨੂੰ ਸੂਬਾ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ ।ਜ਼ੋਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ੋਨ ਮੁਖੀ ਸੱਤਪਾਲ ਸਲੋਹ ਦੀ ਅਗਵਾਈ ਵਿੱਚ ਕਈ ਇਕਾਈਆਂ ਨੇ ਭਾਗ ਲਿਆ । ਲੁਧਿਆਣਾ ਜ਼ੋਨ ਦੀਆਂ ਕਈ ਇਕਾਈਆਂ ਸਾਹਨੇਵਾਲ, ਮਾਛੀਵਾੜਾ, ਸੁਧਾਰ, ਜਗਰਾਉਂ, ਜਰਗ, ਮਲੇਰਕੋਟਲਾ ਅਤੇ ਲੁਧਿਆਣਾ ਦੇ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਭਾਗ ਲਿਆ । ਇਹਨਾਂ ਵਿੱਚ ਦਲਬੀਰ ਕਟਾਣੀ, ਆਤਮਾ ਸਿੰਘ, ਮੋਹਣ ਜੀਤ ਥਰੀਕੇ, ਰਜਿੰਦਰ ਜੰਡਿਆਲੀ, ਸੁਰਜੀਤ ਦੌਧਰ, ਸੁਖਦੇਵ ਸਿੰਘ, ਸੁਖਵਿੰਦਰ ਲੀਲ, ਸ਼ਤੀਸ਼ ਸੱਚਦੇਵਾ, ਬਖਸ਼ੀ ਰਾਮ, ਮਾ: ਮਹਿੰਦਰ ਸਿੰਘ ਖੰਨਾ, ਡਾ: ਮਜੀਦ ਅਜਾਦ, ਮਾ: ਰੁਪਿੰਦਰ ਸਿੰਘ ਜੰਡਿਆਲੀ, ਰਣਜੋਧ ਸਿੰਘ ਲਲਤੋਂ, ਬਲਾਕ ਪ੍ਰਾ: ਸਿੱਖਿਆ ਅਫ਼ਸਰ ਜਰਨੈਲ ਸਿੰਘ ਆਦਿ ਦੇ ਨਾਮ ਗਿਣਨ ਯੋਗ ਹਨ । ਸੱਤਪਾਲ ਸਲੋਹ, ਜਸਵੰਤ ਜੀਰਖ, ਡਾ: ਮਜੀਦ ਅਜਾਦ, ਦਲਬੀਰ ਕਟਾਣੀ ਨੇ ਆਪਣੇ ਉਸਾਰੂ ਸੁਝਾਅ ਪੇਸ਼ ਕੀਤੇ ।ਲੁਧਿਆਣਾ ਜ਼ੋਨ ਮੁਖੀ ਦਲਬੀਰ ਕਟਾਣੀ ਨੇ ਸਭ ਦਾ ਧੰਨਵਾਦ ਕੀਤਾ ।

- ਜਸਵੰਤ ਜੀਰਖ

ਇਕਾਈ ਖਰੜ ਅਤੇ ਮੁਹਾਲੀ : ਅੰਬਿਕਾ ਕਾਲਜ ਆਫ ਐਜੂਕੇਸ਼ਨ ਬਡਾਲਾ ਦੇ ਵਿਦਿਆਰਥੀਆਂ ਦੀ ਸੋਚ ਵਿਗਿਆਨਿਕ ਬਣਾਉਣ ਵਾਸਤੇ ਵਰਕਸ਼ਾਪ ਲਗਾਈ ਗਈ । ਸੁਸਾਇਟੀ ਆਗੂ ਸਤਨਾਮ ਦਾਊਂ, ਬੀਬੀ ਨੀਰਜ, ਲੈਕਚਰਾਰ ਗੁਰਮੀਤ ਖਰੜ ਨੇ ਸੰਬੋਧਨ ਕੀਤਾ । ਇਸ ਵਰਕਸ਼ਾਪ ਵਿੱਚ ਖਰੜ ਇਕਾਈ ਦੇ ਵਿੱਤ ਮੁਖੀ ਬਿਕਰਮਜੀਤ ਸੋਨੀ, ਮੀਡੀਆ ਮੁਖੀ ਕੁਲਵਿੰਦਰ ਨਗਾਰੀ ਵੀ ਸ਼ਾਮਲ ਸਨ । **- ਕੁਲਵਿੰਦਰ ਲਗਾਰੀ, ਮੀਡੀਆ ਮੁਖੀ, ਖਰੜ**

ਮੀਰੀ ਪੀਰੀ ਕਾਲਜ ਭਦੌੜ ਵਿਖੇ ਸੈਮੀਨਾਰ : ਇੱਥੇ ਰੈਂਡ ਰਿਬਨਜ਼ ਕਲੱਬ ਭਦੌੜ ਦੀ ਦੇਖ-ਰੇਖ ਹੇਠ ਕਾਲਜ ਦੇ ਵਿਦਿਆਰਥੀਆਂ ਦਾ ਸੈਮੀਨਾਰ ਕਰਵਾਇਆ ਗਿਆ ।ਇਸ ਦੇ ਮੁੱਖ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਸ੍ਰੀ ਬਲਵਿੰਦਰ ਬਰਨਾਲਾ ਸਨ । ਸੈਮੀਨਾਰ ਦਾ ਵਿਸ਼ਾ ਸੀ 'ਕਾਲਜ ਵਿਦਿਆਰਥੀਆਂ ਵਿੱਚ ਵਧ ਰਿਹਾ ਨਸ਼ਾ, ਕਾਮ ਉਤੇਜਨਾ ਅਤੇ ਅਨੁਸਾਸ਼ਨਹੀਣਤਾ ।ਕਲੱਬ ਇੰਚਾਰਜ ਪ੍ਰੋ: ਵੰਦਨਾ ਸੁਖੀਜ਼ਾ ਅਤੇ ਕਾਲਜ ਪ੍ਰਿੰਸੀਪਲ ਡਾ: ਸੁਖਦੇਵ ਸਿੰਘ ਨੇ ਬੋਲਦਿਆਂ ਕਿਹਾ ਕਿ ਅਨੁਸਾਸ਼ਤ ਜੀਵਨ ਹੀ ਪ੍ਰਾਪਤੀ ਕਰ ਸਕਦਾ ਹੈ ।ਕਾਲਜ ਵੱਲੋਂ ਸ੍ਰੀ ਬਰਨਾਲਾ ਦਾ ਤਰਕਸ਼ੀਲ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਕਾਰਨ ਸਨਮਾਨ ਵੀ ਕੀਤਾ ਗਿਆ ।

ਇਕਾਈ ਖਰੜ : **ਖਗੋਲ ਵਿਸ਼ੇ ਉੱਤੇ ਸੈਮੀਨਾਰ** : 20 ਜਨਵਰੀ, 2013 ਨੂੰ ਖਰੜ ਸ਼ਹਿਰ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ । ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਡਾ. ਅਵਤਾਰ ਸਿੰਘ ਢੀਂਡਸਾ ਨੇ ਸਮੂਲੀਅਤ ਕੀਤੀ ।ਸੈਮੀਨਾਰ ਵਿੱਚ ਬ੍ਰਹਿਮੰਡ ਬਾਰੇ ਪਾਏ ਜਾਂਦੇ ਭਰਮ-ਭੁਲੇਖਿਆਂ ਨੂੰ ਦੂਰ ਕੀਤਾ । ਬੁਲਾਰੇ ਨੇ ਪ੍ਰੋਜੈਕਟਰ ਨਾਲ ਸੂਰਜ-ਮੰਡਲ, ਤਾਰਿਆਂ, ਗਲੈਕਸ਼ੀਆਂ, ਬਲੈਕ-ਹੋਲਾਂ ਆਦਿ ਦੀਆਂ ਤਸਵੀਰਾਂ ਦਿਖਾ ਕੇ ਇੰਨੇ ਵਧੀਆ ਢੰਗ ਨਾਲ ਜਾਣਕਾਰੀ ਦਿੱਤੀ ਕਿ ਲੱਗਿਆ ਜਿਵੇਂ ਬ੍ਰਹਿਮੰਡ ਦੀ ਯਾਤਰਾ ਹੀ

ਕਰਵਾ ਦਿੱਤੀ ਹੋਵੇ । ਇਸ ਪ੍ਰੋਗਰਾਮ ਵਿੱਚ ਜ਼ੋਨ ਆਗੂਆਂ, ਜ਼ੋਨ ਦੀਆਂ ਇਕਾਈਆਂ ਦੇ ਆਗੂਆਂ, ਕਾਮਿਆਂ ਅਤੇ ਆਮ ਦਰਸ਼ਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

- ਕੁਲਵਿੰਦਰ ਨਗਾਰੀ, ਮੀਡੀਆ ਵਿਭਾਗ, ਖਰੜ

ਇਕਾਈ ਫਗਵਾੜਾ : ਤਰਕਸ਼ੀਲ ਕਾਫਲਾ ਕੱਢਿਆ : ਨਸ਼ਾਖੋਰੀ, ਨਸ਼ਿਆਂ ਦੀ ਬੇਰੋਕ ਵਿਕਰੀ, ਅੰਧ ਵਿਸਵਾਸ਼, ਵਹਿਮ-ਭਰਮ, ਅਖੌਤੀ ਬਾਬਿਆਂ ਦੁਆਰਾ ਆਮ ਲੋਕਾਂ ਦੀ ਲੁੱਟ ਅਤੇ ਗੁੰਡਾਗਰਦੀ ਖਿਲਾਫ਼ ਤਰਕਸ਼ੀਲ ਚੇਤਨਾ ਕਾਫਲਾ ਪਿੰਡ ਖਲਵਾੜਾ ਵਿਖੇ ਕੱਢਿਆ । ਕਾਫਲੇ ਨੇ ਪਿੰਡ ਦੀਆਂ ਗਲੀਆਂ ਵਿੱਚ ਮਾਰਚ ਕੀਤਾ ਤੇ ਪਿੰਡ ਵਿੱਚ ਦੋ ਜਗ੍ਹਾ ਖਲਵਾੜਾ ਕਲੋਨੀ ਅਤੇ ਪੰਚਾਇਤ ਘਰ ਖਲਵਾੜਾ ਵਿਖੇ ਪੜਾਅ ਕੀਤਾ । ਇਸ ਮੌਕੇ ਬਹੁਤ ਵੱਡੇ ਇਕੱਠ ਨੂੰ ਜ਼ੋਨ ਮੁਖੀ ਜਸਵਿੰਦਰ ਸਿੰਘ, ਇਕਾਈ ਮੁਖੀ ਸੁਖਦੇਵ ਸਿੰਘ, ਸੁਰਿੰਦਰ ਪਾਲ ਪੱਦੀ ਜਗੀਰ ਆਦਿ ਨੇ ਸੰਬੋਧਨ ਕੀਤਾ । ਖਲਵਾੜਾ ਵਾਸੀ ਮੈਂਬਰ ਪੰਚਾਇਤ ਪਰਮਜੀਤ ਖਲਵਾੜਾ ਅਤੇ ਮਾਸਟਰ ਗਿਆਨ ਚੰਦ ਨੇ ਪਿੰਡ ਵਾਸੀਆਂ ਤਰਕਸ਼ੀਲ ਕਾਰਕੁੰਨਾਂ ਦਾ ਧੰਨਵਾਦ ਕੀਤਾ। ਕਾਫਲੇ ਵਿੱਚ ਤਰਕਸ਼ੀਲ ਸਾਥੀ ਚਰਨ ਦਾਸ, ਮਾਸਟਰ ਗਿਆਨ ਚੰਦ, ਨਰੰਜਨ ਲਵਲੀ, ਸੁਰਿੰਦਰ ਦੁਸਾਂਝ, ਐਡਵੋਕੇਟ ਗਨੇਸ਼ ਤੇ ਗੋਪਾਲ ਕ੍ਰਿਸ਼ਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।

ਜ਼ੋਨ ਲੁਧਿਆਣਾ ਅਤੇ ਨਵਾਂ ਸ਼ਹਿਰ : ਸਿਖਲਾਈ ਵਰਕਸ਼ਾਪ : ਸੂਬਾ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ ਨੇ ਜਵਾਹਰ ਨਗਰ ਕੈਂਪ ਸਕੂਲ, ਲੁਧਿਆਣਾ ਵਿਖੇ ਲਾਈ ਇਸ ਸਿਖਲਾਈ ਵਰਕਸ਼ਾਪ ਨੂੰ ਸੰਬੋਧਨ ਕੀਤਾ । ਸ੍ਰੀ ਬਰਨਾਲਾ ਨੇ ਤਰਕਵਾਦ ਅਤੇ ਅਨੁਭਵਾਦ ਦੀ ਵਿਆਖਿਆ ਕੀਤੀ ।

- ਜਸਵੰਤ ਜ਼ੀਰਖ, ਲੁਧਿਆਣਾ

ਇਕਾਈ ਖਰੜ : ਤਰਕਸ਼ੀਲ ਵਰਕਸ਼ਾਪ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਰੜ ਵਿੱਚ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਲਗਾਏ ਕੈਂਪ ਦੌਰਾਨ ਵਿਦਿਆਰਥੀਆਂ ਵਿੱਚ ਵਿਗਿਆਨਿਕ-ਸੋਚ ਪੈਦਾ ਕਰਨ ਲਈ ਵਰਕਸ਼ਾਪ ਲਗਾਈ ਗਈ । ਲੈਕਚਰਾਰ ਗੁਰਮੀਤ ਖਰੜ, ਅਸ਼ੋਕ ਅਤੇ ਪਵਨ ਰੱਤੋ ਨੇ ਆਪਣੇ ਵਿਚਾਰ ਪ੍ਰਗਟਾਏ । ਅਜੀਤ ਪ੍ਰਦੇਸੀ ਨੇ ਜਾਦੂ ਦੇ ਟਰਿੱਕ ਪੇਸ਼ ਕੀਤੇ । ਇਸ ਵਰਕਸ਼ਾਪ ਵਿੱਚ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਕਰਮਜੀਤ ਸਕਰੁੱਲਾਂਪੁਰੀ, ਕੁਲਵਿੰਦਰ ਨਗਾਰੀ, ਰਾਜੇਸ਼ ਸਹੌੜਾਂ, ਗੁਰਮੀਤ ਸਹੌੜਾਂ ਵੀ ਸ਼ਾਮਿਲ ਸਨ । **- ਕੁਲਵਿੰਦਰ ਨਗਾਰੀ**

ਇਕਾਈ ਤਰਨ ਤਾਰਨ : ਤਰਕਸ਼ੀਲ ਮੇਲਾ : ਪ੍ਰਵਾਸੀ ਭਾਰਤੀ ਜਰਮਨੀ ਨਿਵਾਸੀ ਡਾਕਟਰ ਦਲਬੀਰ ਸਿੰਘ ਲਹਿਰੀ ਵੱਲੋਂ ਆਪਣੇ ਪਿਤਾ ਚੰਨਣ ਸਿੰਘ ਲਹਿਰੀ ਦੇ 81ਵੇਂ ਜਨਮ ਦਿਨ ਤੇ ਤਰਕਸ਼ੀਲ ਸੁਸਾਇਟੀ ਇਕਾਈ ਤਰਨ ਤਾਰਨ ਦੇ ਸਹਿਯੋਗ ਨਾਲ ਪਿੰਡ ਮੀਆਂਪੁਰ ਨੇੜੇ ਝਬਾਲ ਤਰਕਸ਼ੀਲ ਮੇਲਾ ਕਰਵਾਇਆ ਗਿਆ । ਮੇਲੇ ਦੀ ਸ਼ੁਰੂਆਤ ਸੰਜੀਵ ਕੁਮਾਰ ਬਾਗੜੀਆਂ ਵੱਲੋਂ ਅੱਖਾਂ ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਚਲਾ ਕੇ ਕੀਤੀ । ਤਰਕਸ਼ੀਲ ਜਾਦੂਗਰ ਸੇਵਾ ਸਿੰਘ ਵੱਲੋਂ ਹੱਥ ਦੀ ਸਫਾਈ ਦੇ ਹੈਰਾਨੀਜਨਕ ਟਰਿੱਕ ਵਿਖਾ ਕੇ ਆਮ ਜਨਤਾ ਨੂੰ ਜਾਗਰੂਕ ਕੀਤਾ । ਮਾਸਟਰ ਕੁਲਜੀਤ ਵੇਰਕਾ ਦੀ ਨਿਰਦੇਸ਼ਨਾ ਹੇਠ 'ਇਨਕਲਾਬ ਜਿੰਦਾਬਾਦ', 'ਦੇਵ ਪੁਰਸ਼ ਹਾਰ ਗਏ', 'ਸਿਰਜਨਾ' ਨਾਟਕ ਪੇਸ਼ ਕੀਤੇ ਗਏ । ਮਾਝਾ ਜ਼ੋਨ ਮੁਖੀ ਮੁਖਵਿੰਦਰ ਸਿੰਘ ਚੋਹਲਾ, ਰਜਵੰਤ ਸਿੰਘ ਬਾਗੜੀਆਂ, ਮਾਸਟਰ ਤਸਵੀਰ ਸਿੰਘ ਨੇ ਸੰਬੋਧਨ ਕੀਤਾ । ਗੁਰਸੇਵਕ ਸਿੰਘ ਨੌਸ਼ਹਿਰਾ ਅਤੇ ਜਸਪਾਲ ਸਿੰਘ ਨੇ ਤਰਕਸ਼ੀਲ ਕਿਤਾਬਾਂ ਦਾ ਸਟਾਲ ਤੇ ਪ੍ਰਦਰਸ਼ਨੀ ਲਗਾਈ । ਇਸ ਮੌਕੇ ਸੀ.ਪੀ.ਆਈ. ਆਗੂ ਹਰਭਜਨ ਸਿੰਘ, ਲੇਖਕ ਪ੍ਰੀਤ ਪੰਜਾਬੀ, ਧਰਵਿੰਦਰ ਸਿੰਘ, ਦਵਿੰਦਰ ਸੋਹਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਬਲਬੀਰ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਤੇ ਵਿਦਿਆਰਥੀ ਹਾਜ਼ਰ ਸਨ ।

- ਰਜਵੰਤ ਸਿੰਘ ਬਾਗੜੀਆਂ

ਪਟਿਆਲਾ : ਮੰਗ ਪੱਤਰ ਸੌਂਪਿਆ : ਪਟਿਆਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਜੇ.ਕੇ. ਸਿੰਘ ਨੂੰ ਤਰਕਸ਼ੀਲ ਸੂਬਾ ਮੀਡੀਆ ਵਿਭਾਗ ਮੁਖੀ ਰਾਮ ਸਿੰਘ ਬੰਗ, ਸੂਬਾ ਸਭਿਆਚਾਰ ਵਿਭਾਗ ਮੁਖੀ ਸਰਬਜੀਤ ਉੱਖਲਾ, ਜ਼ੋਨ ਪਟਿਆਲਾ ਦੇ ਮੁਖੀ ਰਾਮ ਕੁਮਾਰ, ਸੁਖਵਿੰਦਰ ਸਿੰਘ ਅਤੇ ਭਾਦਸੋਂ ਇਕਾਈ ਦੇ ਮੁਖੀ ਸੋਹਨ ਥਾਪਰ ਨੇ ਇੱਕ ਵਫਦ ਦੇ ਰੂਪ ਵਿੱਚ ਸ਼ੋਰ ਪ੍ਰਦੂਸ਼ਨ ਤੇ ਰੋਕ ਸਬੰਧੀ ਮੰਗ ਪੱਤਰ ਸੌਂਪਿਆ । ਜਿਸ ਵਿੱਚ ਜਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਬਣਾਉਣ ਸਮੇਂ ਤਰਕਸ਼ੀਲ ਕਾਰਕੁੰਨਾਂ ਨੂੰ ਨੁਮਾਇੰਦਗੀ ਦੇਣ ਸਬੰਧੀ ਵੀ ਕਿਹਾ। **- ਰਾਮ ਸਿੰਘ ਬੰਗ**

ਇਕਾਈ ਮੋਹਾਲੀ : ਪਿੰਡ ਬਠਲਾਣਾ 'ਚ ਤਰਕਸ਼ੀਲ ਮੇਲਾ : ਯੁਵਕ ਸੇਵਾਵਾਂ ਕਲੱਬ ਵੱਲੋਂ ਇਕਾਈ ਮੋਹਾਲੀ ਦੇ ਸਹਿਯੋਗ ਨਾਲ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ । ਮੇਲੇ ਦੌਰਾਨ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਟੀਮ ਵੱਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ 'ਰਾਹਤ', 'ਇਹ ਲਹੂ ਕਿਸਦਾ ਹੈ?' ਅਤੇ 'ਤਮਾਸ਼ਾ ਏ ਹਿੰਦੁਸਤਾਨ' ਆਦਿ ਖੇਡੇ ਗਏ। ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਰਹੀ ।

ਤਰਕਸ਼ੀਲ ਭਾਸ਼ਣ : ਸਾਹਿਤ-ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ

ਤਰਕਸ਼ੀਲ ਸੁਸਾਇਟੀ ਨੂੰ ਮੁੱਖ ਮੀਟਿੰਗ ਸਮੇਂ ਮੁੱਖ ਭਾਸ਼ਣ ਦੇਣ ਲਈ ਸੱਦਾ ਦਿੱਤਾ ਗਿਆ ਜਿਸ ਵਿੱਚ ਇਕਾਈ ਦੇ ਮੁਖੀ ਸਤਨਾਮ ਦਾਉਂ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ। ਸਮਾਗਮ ਦੀ ਪ੍ਰਧਾਨਗੀ ਲੇਖਕ ਜਨਮ ਰਾਜ ਤੇ ਸਟੇਜ ਸੰਚਾਲਨ ਸੇਵੀ ਰਾਇਤ ਨੇ ਕੀਤਾ।ਪੁਸਤਕ ਪ੍ਰਦਰਸ਼ਨੀ ਤੋਂ ਲੇਖਕਾਂ ਨੇ ਵੱਡੀ ਪੱਧਰ ਤੇ ਤਰਕਸ਼ੀਲ ਸਾਹਿਤ ਖ਼ਰੀਦਿਆ।

ਤਰਕਸ਼ੀਲ ਸਾਹਿਤ : ਇਸ ਇਕਾਈ ਵੱਲੋਂ ਸ਼ਹਿਰ ਦੀਆਂ ਦੁਕਾਨਾਂ 'ਤੇ ਤਰਕਸ਼ੀਲ ਮੈਗਜ਼ੀਨ ਦੇ ਨਾਲ-ਨਾਲ ਤਰਕਸ਼ੀਲ ਪੁਸਤਕਾਂ ਲੋਕਾਂ ਤੱਕ ਪੁੱਜਦੀਆਂ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਸ ਤਹਿਤ ਸ਼ਹਿਰ ਦੀਆਂ ਦੋ ਦੁਕਾਨਾਂ 'ਤੇ ਕਿਤਾਬਾਂ ਦੇ ਕੁੱਝ ਟਾਈਟਲ ਅਤੇ ਇੱਕ-ਇੱਕ ਫਲੈਕਸ ਪੋਸਟਰ ਰੱਖਿਆ ਗਿਆ ਹੈ। ਇਹ ਉਪਰਾਲਾ ਇਕਾਈ ਦੇ ਮੈਂਬਰ ਗੋਰਾ ਹੁਸ਼ਿਆਰਪੁਰੀ ਵੱਲੋਂ ਸਲਾਹ ਦੇਣ 'ਤੇ ਕੀਤਾ ਗਿਆ।

ਵਿਦਿਆਰਥਣਾਂ ਨੂੰ ਸਿਖਲਾਈ : ਸੈਕਟਰ 28-ਡੀ, ਚੰਡੀਗੜ੍ਹ ਦੇ ਮਾਡਲ ਸੈਕੰਡਰੀ ਸਕੂਲ ਵਿੱਚ ਵਿਦਿਆਰਥਣਾਂ ਨੂੰ ਵਹਿਮਾਂ-ਭਰਮਾਂ ਨੂੰ ਤਿਆਗਣ ਦੀ ਸਿਖਲਾਈ ਦਿੱਤੀ ਗਈ।

ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਤਰਕਸ਼ੀਲ ਪ੍ਰੋਗਰਾਮ : ਇਸ ਇਕਾਈ ਵੱਲੋਂ ਈ.ਐਸ.ਆਈ.ਸੀ. ਸੁਸਾਇਟੀ, ਸੈਕਟਰ 51 ਬੀ ਵਿਖੇ ਲੇਖਕ ਗੁਰਦਰਸ਼ਨ ਸਿੰਘ ਮਾਵੀ ਦੀ ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਤਰਕਸ਼ੀਲ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ। ਤਰਕਸ਼ੀਲ ਆਗੂ ਜਸਵੰਤ ਮੋਹਾਲੀ, ਉਨ੍ਹਾਂ ਦੀ ਜੀਵਣ ਸਾਥਣ ਹਰਿੰਦਰ ਕੌਰ ਨੇ ਲੋਕਾਂ ਨੂੰ ਦਲੀਲਾਂ ਸਹਿਤ ਵਹਿਮਾਂ ਭਰਮਾਂ 'ਚੋਂ ਕੱਢਿਆ। ਇਸ ਮੌਕੇ ਸ਼੍ਰੋਮਣੀ ਸਾਹਿਤਕਾਰ ਦਰਸ਼ਨ ਸਿੰਘ ਆਸ਼ਟ, ਡਿਪਟੀ ਡਾਇਰੈਕਟਰ ਦੂਰਦਰਸ਼ਨ ਕੇ.ਕੇ. ਰੱਤੂ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੂੰ ਮੈਮੋਰੰਡਮ : ਸੂਬਾ ਕਮੇਟੀ ਦੇ ਫ਼ੈਸਲੇ ਮੁਤਾਬਕ ਇਕਾਈ ਮੋਹਾਲੀ ਅਤੇ ਖਰੜ ਵੱਲੋਂ ਸਾਂਝੇ ਰੂਪ ਵਿੱਚ ਸ਼ੋਰ ਪ੍ਰਦੂਸ਼ਣ ਵਿਰੁੱਧ ਬਣੇ ਕਾਨੂੰਨਾਂ ਨੂੰ ਲਾਗੂ ਕਰਨ ਤੇ ਕੇਬਲ ਟੀ.ਵੀ. ਚੈਨਲਾਂ 'ਤੇ ਚਲਾਏ ਜਾ ਰਹੇ ਅੰਧਵਿਸ਼ਵਾਸੀ ਪ੍ਰੋਗਰਾਮਾਂ/ਨਾਟਕਾਂ ਨੂੰ ਬੰਦ ਕਰਵਾਉਣ ਹਿੱਤ ਡਿਪਟੀ ਕਮਿਸ਼ਨਰ ਮੋਹਾਲੀ ਨੂੰ ਮੰਗ ਪੱਤਰ ਦਿੱਤਾ ਗਿਆ।

ਇਕਾਈ ਬਠਿੰਡਾ : ਸੈਮੀਨਾਰ : ਜ਼ੋਨ ਬਠਿੰਡਾ ਵੱਲੋਂ ਉਲੀਕੇ ਸੈਮੀਨਾਰ ਦਾ ਸਮੁੱਚਾ ਪ੍ਰਬੰਧ ਇਕਾਈ ਬਠਿੰਡਾ ਵੱਲੋਂ ਕੀਤਾ ਗਿਆ। ਸਥਾਨਕ ਟੀਚਰਜ ਹੋਮ ਬਠਿੰਡਾ ਵਿਖੇ ਹੋਏ ਸੈਮੀਨਾਰ ਦੇ ਮੁੱਖ ਬੁਲਾਰੇ ਸ੍ਰ. ਬਲਵਿੰਦਰ ਸਿੰਘ ਬਰਨਾਲਾ ਸੂਬਾ ਜਥਬੰਦਕ ਮੁਖੀ ਪੰਜਾਬ ਨੇ 'ਨਸ਼ੇ ਇੱਕ ਸਮਾਜਿਕ ਕੋਹੜ' ਵਿਸ਼ੇ ਤੇ ਭਾਵ ਪੂਰਤ ਲੈਕਚਰ ਦਿੱਤਾ। ਭੂਰਾ ਸਿੰਘ ਸਰਜਾ ਮਹਿਮਾ ਅਤੇ ਇਕਾਈ ਦੇ ਮੁਖੀ ਰਾਮ ਸਿੰਘ ਨਿਰਮਾਣ ਨੇ ਵੀ ਸੈਮੀਨਾਰ ਦੌਰਾਨ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਸੰਚਾਲਨ ਬਲਦੇਵ ਸਿੰਘ ਜੋਨਲ ਆਗੂ ਬਠਿੰਡਾ ਨੇ ਕੀਤਾ।

ਵਰਕਸ਼ਾਪ : ਤਰਕਸ਼ੀਲ ਮੈਂਬਰਾਂ ਦੀ ਟਰੇਨਿੰਗ ਅਤੇ ਬੌਧਿਕ ਵਿਕਾਸ ਹਿੱਤ ਇਕਾਈ ਬਠਿੰਡਾ ਅਤੇ ਜ਼ੋਨ ਬਠਿੰਡਾ ਦੀ ਅਗਵਾਈ 'ਚ ਤਰਕਸ਼ੀਲ ਵਰਕਸ਼ਾਪ ਟੀਚਰਜ ਹੋਮ ਬਠਿੰਡਾ ਵਿਖੇ ਆਯੋਜਿਤ ਕੀਤੀ ਗਈ। ਮੁੱਖ ਵਕਤਾ ਡਾ. ਨਰਿੰਦਰ ਨਾਇਕ ਪ੍ਰਧਾਨ ਫੈਡਰੇਸ਼ਨ ਆਫ ਇੰਡੀਅਨ ਰੈਸਨਿਲਿਸਟ ਐਸੋਸੀਏਸ਼ਨ ਸਨ। ਸੂਬਾ ਆਗੂ ਹੇਮ ਰਾਜ ਸਟੈਨੋ, ਸੁਸਾਇਟੀ ਦੇ ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਮੁਖੀ ਸ੍ਰੀ ਹਰਚੰਦ ਭਿੰਡਰ, ਜ਼ੋਨ ਕਮੇਟੀ ਆਗੂ ਅਤੇ ਸੈਂਕੜੇ ਤਰਕਸ਼ੀਲ ਮੈਂਬਰ ਅਤੇ ਸਮਰਥਕਾਂ ਨੇ ਸਮੂਲੀਅਤ ਕੀਤੀ। ਇਕਾਈ ਦੇ ਮੁਖੀ ਰਾਮ ਸਿੰਘ ਨਿਰਮਾਣ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਰਣਜੀਤ ਸਿੰਘ ਜੋਨਲ ਜਥੇਬੰਦਕ ਮੁਖੀ ਬਠਿੰਡਾ ਨੇ ਸਟੇਜ ਸੰਚਾਲਨ ਕੀਤਾ। ਤਰਕਸ਼ੀਲ ਸਾਹਿਤ ਦੀਆਂ ਸਟਾਲਾਂ ਹਰਿੰਦਰ ਕੁਮਾਰ, ਮਾ: ਗਿਆਨ ਸਿੰਘ, ਕੁਲਵੰਤ ਸਿੰਘ, ਹਾਕਮ ਸਿੰਘ ਅਤੇ ਪ੍ਰਿਤਪਾਲ ਹੁਰਾਂ ਨੇ ਲਾਈਆਂ।

ਸਕੂਲ 'ਚ ਪ੍ਰੋਗਰਾਮ : ਪਿੰਡ ਮਛਾਣਾ ਦੇ ਸਰਕਾਰੀ ਹਾਈ ਸਕੂਲ ਵਿੱਚ ਬੀਤੇ ਮਹੀਨੀਂ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ।ਮੈਜਿਕ ਸ਼ੋਅ ਸੁਖਦੇਵ ਮਲੂਕਪੁਰੀ ਦੀ ਟੀਮ ਵੱਲੋਂ ਪੇਸ਼ ਕੀਤੇ ਗਏ।ਰਣਜੀਤ ਸਿੰਘ ਜੋਨਲ ਜਥੇਬੰਦਕ ਮੁਖੀ ਬਠਿੰਡਾ ਨੇ ਆਪਣੇ ਵਿਚਾਰ ਸਾਂਝੇ ਕੀਤੇ।ਮਾਸਟਰ ਗਿਆਨ ਸਿੰਘ ਜੀ ਨੇ ਕਿਤਾਬਾਂ ਦੀ ਸਟਾਲ ਲਾ ਕੇ ਤਰਕਸ਼ੀਲ ਸਾਹਿਤ ਦਾ ਪ੍ਰਦਰਸ਼ਨ ਕੀਤਾ।

ਨਸ਼ੇ ਵਿਰੋਧੀ ਮੁਹਿਮ : ਪਿੰਡ ਕਾਲਝਰਾਣੀ (ਮੁਕਤਸਰ) ਅਤੇ ਪਿੰਡ ਘੁੱਦਾ (ਬਠਿੰਡਾ) ਦੇ ਸਰਕਾਰੀ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਦੇ ਸੱਦੇ ਤੇ ਤਰਕਸ਼ੀਲ ਇਕਾਈ ਦੇ ਜਥੇਬੰਦਕ ਮੁਖੀ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਸੰਬੋਧਨ ਕੀਤਾ। ਦੋਵੇਂ ਪਿੰਡਾਂ ਦੇ ਤਰਕਸ਼ੀਲ ਸਮਰਥਕਾਂ ਬਲੌਰ ਸਿੰਘ ਪੱਪੀ, ਗੁਰਮੇਲ ਸਿੰਘ ਕਾਲਝਰਾਣੀ ਅਤੇ ਤੇਜਾ ਸਿੰਘ ਟਿਵਾਣਾ (ਤੇਜੀ ਘੁੱਦਾ), ਅਸ਼ਵਨੀ ਕੁਮਾਰ ਅਤੇ ਮਾਸਟਰ ਮਲਕੀਤ ਸਿੰਘ ਹੁਰਾਂ ਨੇ ਮੈਜਿਕ ਟੀਮ ਅਤੇ ਸਮੁੱਚੇ ਪ੍ਰੋਗਰਾਮ ਲਈ ਆਰਥਿਕ ਸਹਾਇਤਾ ਦਿੱਤੀ। ਸੁਖਦੇਵ ਮਲੂਕਪੁਰੀ (ਅਬੋਹਰ) ਦੀ ਟੀਮ ਵੱਲੋਂ ਜਾਦੂ ਦੇ ਹੈਰਾਨੀ-ਕੁੰਨ ਟਰਿਕ ਵਿਖਾਏ ਗਏ। ਮਾਸਟਰ ਗਿਆਨ ਸਿੰਘ, ਜੋਗਿੰਦਰ ਸਿੰਘ ਸਰਦਾਰਗੜ੍ਹ ਅਤੇ ਮਾਸਟਰ ਗਮਦੂਰ ਸਿੰਘ ਹੁਰਾਂ ਨੇ

ਤਰਕਸ਼ੀਲ ਸਾਹਿਤ ਦੀਆਂ ਸਟਾਲਾਂ ਲਾ ਕੇ ਬੱਚਿਆਂ ਦੀ ਤਰਕਸ਼ੀਲ ਕਿਤਾਬਾਂ ਅਤੇ ਮੈਗਜ਼ੀਨ ਨਾਲ ਸਾਂਝ ਪੁਆਈ। ਐਸ.ਐਸ. ਅਧਿਆਪਕ ਨਰਵਿੰਦਰ ਸਿੰਘ ਅਤੇ ਸਟਫ਼ ਵੱਲੋਂ ਨਿੱਜੀ ਤੌਰ 'ਤੇ ਅਤੇ ਸਕੂਲ ਲਾਇਬਰੇਰੀ ਲਈ ਕਾਫੀ ਵਿਗਿਆਨਕ ਅਤੇ ਤਰਕਸ਼ੀਲ ਸਾਹਿਤ ਖਰੀਦਿਆ ਗਿਆ ਅਤੇ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਭਰਵਾਏ।

ਜਿਲ੍ਹਾ ਆਂਗਨਵਾੜੀ ਵਰਕਰਸ ਵਰਕਸ਼ਾਪ : ਬਠਿੰਡਾ ਵਿਖੇ ਵੱਡੀ ਗਿਣਤੀ ਔਰਤ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਰਾਮ ਸਿੰਘ ਨਿਰਮਾਣ ਨੇ ਤਰਕਵਾਦੀ ਬਣਨ ਲਈ ਪ੍ਰੇਰਿਆ। ਤਰਕਸ਼ੀਲ ਮੈਜਿਕ ਟੀਮ ਵੱਲੋਂ ਕੁਲਵੰਤ ਸਿੰਘ ਨੇ ਜਾਦੂ ਦੇ ਸ਼ੋਅ ਹੱਥ ਦੀ ਸਫਾਈ ਦੇ ਟਰਿਕ ਵਿਖਾ ਕੇ ਚੇਤਨ ਕੀਤਾ। ਮਾਸਟਰ ਗਿਆਨ ਸਿੰਘ ਜੀ ਨੇ ਤਰਕਸ਼ੀਲ ਸਾਹਿਤ ਦੀ ਸਟਾਲ ਲਾਈ।

ਭੂਰਾ ਸਿੰਘ ਮਹਿਮਾ ਸਰਜਾ ਦੀ ਸੇਵਾ ਮੁਕਤੀ : ਤਰਕਸ਼ੀਲ ਸੁਸਾਇਟੀ ਦੀ ਇਕਾਈ ਬਠਿੰਡਾ ਦੇ ਸੀਨੀਅਰ ਮੈਂਬਰ ਅਤੇ ਸੂਬਾਈ ਆਗੂ ਰਹਿ ਚੁੱਕੇ ਭੂਰਾ ਸਿੰਘ ਮਹਿਮਾ ਸਰਜਾ ਦੀ ਸੇਵਾ ਮੁਕਤੀ ਵਿਦਾਇਗੀ ਪਾਰਟੀ ਦੇ ਮੌਕੇ ਤੇ ਜ਼ੋਨ ਜਥੇਬੰਦਕ ਮੁਖੀ ਰਣਜੀਤ ਸਿੰਘ ਬਠਿੰਡਾ ਨੇ ਤਰਕਸ਼ੀਲ ਆਗੂ ਅਤੇ ਸਮਾਜਿਕ ਚਿੰਤਕ ਵਜੋਂ ਭੂਰਾ ਸਿੰਘ ਮਹਿਮਾ ਸਰਜਾ ਦੀ ਦੇਣ ਬਾਰੇ ਚਰਚਾ ਕੀਤੀ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਉਹਨਾਂ ਨੂੰ ਸਨਮਾਨ ਪੱਤਰ ਭੇਂਟ ਕੀਤਾ।

- ਰਾਮ ਸਿੰਘ ਨਿਰਮਾਣ

ਇਕਾਈ ਰੋਪੜ : ਚੱਕ ਕਰਮਾ ਵਿਖੇ ਤਰਕਸ਼ੀਲ ਨਾਟਕ ਮੇਲਾ : ਪੰਜਾਬ ਕਿਸਾਨ ਸਭਾ, ਭਗਤ ਸਿੰਘ ਵਿਚਾਰ ਮੰਚ ਪਿੰਡ ਚੱਕ ਕਰਮਾ ਦੇ ਸਹਿਯੋਗ ਨਾਲ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਥੇਬੰਦਕ ਮੁਖੀ ਅਸ਼ੋਕ ਕੁਮਾਰ ਅਤੇ ਦਲੀਪ ਸਿੰਘ ਘਨੌਲਾ ਨੇ ਆਪਣੇ ਵਿਚਾਰ ਪੇਸ਼ ਕੀਤੇ। ਦਵਿੰਦਰ ਸਰਥਲੀ, ਸੋਹਣ ਲਾਲ ਵੱਲੋਂ ਅੰਧ-ਵਿਸਵਾਸ਼ਾਂ 'ਤੇ ਤਿੱਖੀ ਚੋਟ ਕਰਦੇ ਗੀਤ ਵੀ ਪੇਸ਼ ਕੀਤੇ ਗਏ। ਕੋਰੀਓਗ੍ਰਾਫੀ 'ਧੀ ਦੀ ਪੁਕਾਰ', 'ਧਰਤੀ ਪੰਜਾਬ ਦੀ' ਨਾਟਕ ਟੀਮ ਵੱਲੋਂ ਪੇਸ਼ ਕੀਤੀਆਂ ਗਈਆਂ। ਸਟੇਜ ਦਾ ਸੰਚਾਲਨ ਪਵਨ ਕੁਮਾਰ ਚੱਕ ਕਰਮਾ ਵੱਲੋਂ ਕੀਤਾ ਗਿਆ। ਨਾਟਕ 'ਸਾੜ ਸਤੀ, ਮਿੱਟੀ ਦਾ ਬੋਝ, ਬੱਤੀ ਵਾਲੇ ਬਾਬਿਆਂ ਦੀ ਜੈ' ਦਰਸ਼ਕਾਂ ਵੱਲੋਂ ਵਿਸ਼ੇਸ਼ ਸਰਹਾਏ ਗਏ। ਅਜੀਤ ਪ੍ਰਦੇਸੀ, ਅਮਰਨਾਥ, ਪਵਨ ਰੱਤੋ ਵੱਲੋਂ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ। ਹਰਨੇਕ ਸਿੰਘ, ਸੁਖਵਿੰਦਰ ਸਿੰਘ, ਬਲਵੀਰ, ਹਰਵਿੰਦਰ ਸੁਖਰਾਮਪੁਰੀ ਆਦਿ ਮੈਂਬਰ ਹਾਜ਼ਰ ਸਨ।

ਜੋਤਿਸ਼ ਵਿਸ਼ੇ ਤੇ ਸੈਮੀਨਾਰ : ਮੈਂਨਟਰ ਯੂਥ ਸਪੋਰਟਸ ਕਲੱਬ ਗਰਦਲੇ ਦੇ ਸਹਿਯੋਗ ਨਾਲ ਲੋਕਾਂ ਨੂੰ ਅੰਧ-ਵਿਸਵਾਸ਼ਾਂ ਤੋਂ ਦੂਰ ਰੱਖਣ ਲਈ ਜੋਤਿਸ਼ ਵਿੱਦਿਆ ਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਅਜੀਤ ਪ੍ਰਦੇਸੀ ਨੇ ਜਾਦੂ ਦੇ ਸ਼ੋਅ ਨਾਲ ਕੀਤੀ। ਅਸ਼ੋਕ ਕੁਮਾਰ, ਪਵਨ ਕੁਮਾਰ ਰੱਤੋ ਵੱਲੋਂ ਅੰਧ-ਵਿਸਵਾਸ਼ਾਂ ਬਾਰੇ ਲੋਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਦਵਿੰਦਰ ਸਰਥਲੀ ਵੱਲੋਂ ਇਨਕਲਾਬੀ ਗੀਤ ਵੀ ਪੇਸ਼ ਕੀਤਾ ਗਿਆ। ਸੈਮੀਨਾਰ ਦੇ ਮੁੱਖ ਬੁਲਾਰੇ ਸੁਰਜੀਤ ਦੋਧਰ ਸਨ। ਅਮਰਨਾਥ, ਹਰਨੇਕ ਸਿੰਘ ਵੱਲੋਂ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ। ਪ੍ਰਿੰਸ ਵੱਲੋਂ ਸਟੇਜ ਦਾ ਸੰਚਾਲਨ ਕੀਤਾ ਗਿਆ।

ਸਕੂਲਿੰਗ : ਇਕਾਈ ਰੋਪੜ ਵੱਲੋਂ ਵੱਡੇ ਪੱਧਰ 'ਤੇ ਸਕੂਲਾਂ ਵਿੱਚ ਅਤੇ ਵਿਦਿਅਕ ਅਦਾਰਿਆਂ ਵਿੱਚ ਪ੍ਰੋਗਰਾਮ ਦਿੱਤੇ ਗਏ। ਇਨ੍ਹਾਂ ਤਰਕਸ਼ੀਲ ਪ੍ਰੋਗਰਾਮਾਂ ਵਿੱਚ ਅਜੀਤ ਪ੍ਰਦੇਸ਼ੀ ਨੇ ਜਾਦੂ ਦੇ ਟਰਿੱਕ ਪੇਸ਼ ਕੀਤੇ। ਤਰਕਸ਼ੀਲ ਆਗੂ ਅਸ਼ੋਕ ਕੁਮਾਰ ਅਤੇ ਪਵਨ ਰੱਤੋ ਨੇ ਸੰਬੋਧਨ ਕੀਤਾ। ਸਾਰੇ ਹੀ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੇ ਵੱਡੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਅਤੇ ਮੈਗਜ਼ੀਨ ਖਰੀਦੇ। ਇਹ ਵਿਦਿਅਕ ਅਦਾਰੇ ਹੇਠ ਲਿਖੇ ਹਨ: **(1) ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਰੋਪੜ, (2) ਐਨ.ਸੀ.ਸੀ. ਅਕੈਡਮੀ ਰੋਪੜ, (3) ਡੀ.ਏ.ਵੀ. ਸਕੂਲ ਰੋਪੜ, (4) ਗਾਂਧੀ ਸਕੂਲ ਰੋਪੜ, (5) ਐਸ.ਡੀ.ਹਾਈ ਸਕੂਲ ਚਮਕੌਰ ਸਾਹਿਬ, (6) ਸੀਨੀਅਰ ਸੈਕੰਡਰੀ ਸਕੂਲ ਚਮਕੌਰ ਸਾਹਿਬ, (7) ਸੀਨੀਅਰ ਸੈਕੰਡਰੀ ਸਕੂਲ ਸਿੰਘ ਭਗਵੰਤ ਪੁਰਾ, (8) ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ, (9) ਸ਼ਿਵਾਲਿਕ ਸਕੂਲ ਚਮਕੌਰ ਸਾਹਿਬ, (10) ਸੀਨੀਅਰ ਸੈਕੰਡਰੀ ਸਕੂਲ ਸਰਹੰਦ, (11) ਸਰਕਾਰੀ ਮਾਡਲ ਸਕੂਲ ਖਰੜ, (12) ਸੀਨੀਅਰ ਸੈਕੰਡਰੀ ਸਕੂਲ ਘਨੋਲੀ,** ***ਤਰਕਸ਼ੀਲ ਸਾਹਿਤ ਦੀ ਸਟਾਲ :*** ਇਕਾਈ ਰੋਪੜ ਵੱਲੋਂ ਗੁਰਦੁਆਰਾ ਭੱਠਾ ਸਾਹਿਬ ਵਿਖੇ ਸਭਾ ਮੌਕੇ ਤਰਕਸ਼ੀਲ ਸਾਹਿਤ ਦੀ ਸਟਾਲ ਅਸ਼ੋਕ ਕੁਮਾਰ, ਅਜੀਤ ਪ੍ਰਦੇਸ਼ੀ, ਪਵਨ ਰੱਤੋ ਵੱਲੋਂ ਲਗਾਈ ਗਈ। ਤਰਕਸ਼ੀਲ ਸਾਹਿਤ ਵੱਲ ਲੋਕਾਂ ਦੀ ਵਿਸ਼ੇਸ਼ ਖਿੱਚ ਦੇਖੀ ਗਈ।

ਤਰਕਸ਼ੀਲ ਪ੍ਰਚਾਰ : ਅੰਬੇਦਕਰ ਭਵਨ ਵਿਖੇ (ਪੀ.ਟੀ.ਏ.) ਅਧਿਆਪਕ ਮਾਪੇ ਮਿਲਣੀ ਦੀ ਮੀਟਿੰਗ ਵਿੱਚ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਅਜੀਤ ਪ੍ਰਦੇਸ਼ੀ ਵੱਲੋਂ ਜਾਦੂ ਦੇ ਸ਼ੋਅ ਪੇਸ਼ ਕਰ ਕੇ ਲੋਕਾਂ ਦੇ ਮਨਾਂ ਵਿੱਚੋਂ ਜਾਦੂ ਦਾ ਡਰ ਦੂਰ ਕੀਤਾ। ਅਸ਼ੋਕ ਕੁਮਾਰ ਨੇ ਤਰਕਸ਼ੀਲ ਵਿਚਾਰਾਂ ਨੂੰ ਅਪਨਾਉਣ ਅਤੇ ਤਰਕਸ਼ੀਲ ਸਾਹਿਤ ਪੜ੍ਹਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਪਵਨ

ਰੱਤੋ ਵੱਲੋਂ ਅੰਧ-ਵਿਸਵਾਸ਼ਾਂ ਦਾ ਖੰਡਨ ਵਿਗਿਆਨਕ ਦਲੀਲਾਂ ਨਾਲ ਕੀਤਾ ਅਤੇ ਵਹਿਮਾਂ ਭਰਮਾਂ ਤੋਂ ਸੁਚੇਤ ਰਹਿਣ ਦੀ ਅਪੀਲ ਵੀ ਕੀਤੀ ।

- ਗਿਆਨ ਚੰਦ

ਇਕਾਈ ਅਬੋਹਰ : (1) ਅਧਾਰਸ਼ਿਲਾ ਪਲੇਅ-ਵੇਅ ਕਾਨਵੈਂਟ ਸਕੂਲ ਅਬੋਹਰ ਵਿੱਚ ਮੈਜਿਕ ਬਾਰੇ ਵਰਕਸ਼ਾਪ ਰੱਖੀ ਗਈ ਜਿਸ ਵਿੱਚ ਸੁਖਦੇਵ ਮਲੂਕਪੁਰੀ ਅਤੇ ਸੁਖਦੀਪ ਵੱਲੋਂ ਮੈਜਿਕ ਟਰਿਕਾਂ ਦੇ ਪਿੱਛੇ ਜੋ ਚਲਾਕੀ ਹੁੰਦੀ ਹੈ ਉਸ ਬਾਰੇ ਬੱਚਿਆਂ ਨੂੰ ਦੱਸਿਆ । ਜ਼ੋਨ ਫਾਜ਼ਿਲਕਾ ਮੁਖੀ ਕੁਲਜੀਤ ਡੰਗਰ ਖੇੜਾ ਨੇ ਬੱਚਿਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਅਤੇ ਅੰਧ-ਵਿਸਵਾਸ਼ਾਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ।

(2) ਗਣਤੰਤਰ ਦਿਵਸ ’ਤੇ ਅਬੋਹਰ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਵੱਡੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ, ਕੈਲੰਡਰ ਅਤੇ ਤਰਕਸ਼ੀਲ ਮੈਗਜ਼ੀਨ ਵਿਕਿਆ । ਇਸ ਵਿੱਚ ਸਾਥੀ ਗਣਪਤ ਰਾਮ, ਕੁਲਦੀਪ ਖਿੱਪਾਂ ਵਾਲੀ, ਜਗਦੀਸ਼ ਕਿੱਕਰ ਖੇੜਾ ਦਾ ਸਹਿਯੋਗ ਰਿਹਾ ।

- ਜਗਦੀਸ਼ ਕਿੱਕਰ ਖੇੜਾ

ਜ਼ੋਨ ਬਠਿੰਡਾ : ਵਿਗਿਆਨਕ ਸੈਮੀਨਾਰ : ਸਥਾਨਕ ਟੀਚਰਜ ਹੋਮ ਵਿਖੇ ਬ੍ਰਹਿਮੰਡੀ ਵਰਤਾਰਿਆਂ ਦੀ ਜਾਣਕਾਰੀ ਹਿੱਤ ‘ਤਾਰਾ ਵਿਗਿਆਨ’ ਵਿਸ਼ੇ ’ਤੇ ਸੈਮੀਨਾਰ ਆਯੋਜਤ ਕੀਤਾ ਗਿਆ ਜਿਸ ਵਿੱਚ ਮੁੱਖ ਬੁਲਾਰੇ ਡਾ. ਅਵਤਾਰ ਸਿੰਘ ਢੀਂਡਸਾ ਲੈਕਚਰਾਰ ਡਾਇਟ ਸੰਗਰੂਰ ਸਨ । ਉਹਨਾਂ ਨੇ ਪ੍ਰਾਜੈਕਟਰ ਰਾਹੀਂ ਵੀਡੀਓ ਦਿਖਾ ਕੇ ਪੁਲਾੜ ਵਿੱਚ ਗ੍ਰਹਿਆਂ ਦੀ ਸਥਿਤੀ, ਧਰਤੀ ਤੋਂ ਦੂਰੀ ਅਤੇ ਸੂਰਜ ਦੁਆਲੇ ਪਰਿਕਰਮਾ ਅਤੇ ਗਲੈਕਸੀਆਂ ਬਾਰੇ ਜਾਣਕਾਰੀ ਸੌਖੇ ਢੰਗ ਨਾਲ ਦਿੱਤੀ । ਦਰਸ਼ਕਾਂ ਨੂੰ ਜੋਤਿਸ਼ ਅਤੇ ਤਾਰਾ ਵਿਗਿਆਨ ਵਿਚਲੇ ਫਰਕ ਅਤੇ ਜੋਤਿਸ਼ ਦੀ ਗੈਰ ਵਿਗਿਆਨਕਤਾ ਸਬੰਧੀ ਤੱਥਾਂ ਤੇ ਅਧਾਰਿਤ ਠੋਸ ਜਾਣਕਾਰੀ ਪ੍ਰਦਾਨ ਕੀਤੀ । ਸੈਮੀਨਾਰ ਵਿੱਚ ਸ਼ਾਮਲ ਸੈਂਕੜੇ ਜਗਿਆਸੂ ਦਰਸ਼ਕਾਂ ਨੇ ਬੁਲਾਰੇ ਨੂੰ ਅਨੇਕਾਂ ਸੁਆਲ ਕੀਤੇ ਜਿਨ੍ਹਾਂ ਦੇ ਡਾ. ਅਵਤਾਰ ਸਿੰਘ ਢੀਂਡਸਾ ਨੇ ਬਹੁਤ ਹੀ ਠਰੰਮੇ, ਸਹਿਜ ਅਤੇ ਵਿਗਿਆਨਕ ਹਵਾਲਿਆਂ (ਡੈਟੇ) ਮੁਤਾਬਕ ਤਸੱਲੀ ਬਖ਼ਸ ਉੱਤਰ ਦਿੱਤੇ । ਤਰਕਸ਼ੀਲ ਸੁਸਾਇਟੀ ਬਠਿੰਡਾ ਅਤੇ ਜ਼ੋਨ ਬਠਿੰਡਾ ਮੁਖੀ ਰਣਜੀਤ ਸਿੰਘ ਜੀ ਨੇ ਜ਼ੋਨ ਫਾਜ਼ਿਲਕਾ ਅਤੇ ਇਲਾਕੇ ਦੇ ਤਰਕਸ਼ੀਲ ਮੈਂਬਰਾਂ ਤੋਂ ਇਲਾਵਾ ਪਾਠਕਾਂ, ਸਮਰਥਕਾਂ ਅਤੇ ਡਾ. ਢੀਂਡਸਾ ਦਾ ਧੰਨਵਾਦ ਕੀਤਾ । ਇਸ ਮੌਕੇ ਸੁਸਾਇਟੀ ਦੇ ਸੀਨੀਅਰ ਮੈਂਬਰ ਅਤੇ ਸਟੇਟ ਆਗੂ ਰਹੇ ਭੂਰਾ ਸਿੰਘ ਮਹਿਮਾ ਸਰਜਾ ਨੇ ਵੀ ਆਪਣੇ ਵਿਚਾਰ ਰੱਖੇ ।

- ਰਾਮ ਸਿੰਘ ਨਿਰਮਾਣ

ਇਕਾਈ ਸੰਗਰੂਰ : ਨਾਟਕ ਮੇਲਾ : 30 ਦਸੰਬਰ 2012 ਨੂੰ ਪਾਰੁਲ ਪੈਲੇਸ ਸੰਗਰੂਰ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ । ਵਿਸ਼ੇਸ਼ ਮਹਿਮਾਨ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ, ਉੱਘੇ ਸਾਹਿਤਕਾਰ ਡਾ. ਤੇਜਵੰਤ ਸਿੰਘ ਮਾਨ, ਟਰੇਡ ਯੂਨੀਅਨਨਿਸਟ ਗੁਰਬਖ਼ਸ਼ੀਸ਼ ਸਿੰਘ ਬਰਾੜ ਅਤੇ ਸਥਾਨਕ ਇਕਾਈ ਦੇ ਸਮੂਹਿਕ ਮੈਂਬਰਾਂ ਦੁਆਰਾ ਸ਼ਮਾਂ ਰੌਸ਼ਨ ਕਰਨ ਉਪਰੰਤ ਮੇਲੇ ਦਾ ਆਗਾਜ਼ ਹੋਇਆ । ਇਕਾਈ ਪ੍ਰਧਾਨ ਮਾਸਟਰ ਪਰਮ ਵੇਦ ਨੇ ਨਾਟਕ ਮੇਲੇ ਵਿੱਚ ਸ਼ਾਮਿਲ ਸਾਰਿਆਂ ਦਾ ਸੁਆਗਤ ਕੀਤਾ । ਮੁੱਖ ਬੁਲਾਰੇ ਦੇ ਤੌਰ ’ਤੇ ਰਾਜਿੰਦਰ ਸਿੰਘ ਭਦੌੜ ਨੇ ਸੰਬੋਧਨ ਕੀਤਾ । ਇਸ ਮੌਕੇ ਗੁਰਵਿੰਦਰ ਸਿੰਘ ਬੜੀ, ਪਲਮਿੰਦਰ ਕੌਰ ਨੇ ਜਾਦੂ ਦੇ ਸ਼ੋਅ ਪੇਸ਼ ਕੀਤੇ । ਸੁਰਜੀਤ ਸਿੰਘ ਭੱਠਲ, ਰਾਮ ਸਿੰਘ ਬੇਨੜਾ, ਮੇਜਰ ਉੱਪਲੀ ਨੇ ਤਰਕਸ਼ੀਲ ਗੀਤ ਪੇਸ਼ ਕੀਤੇ । ਲੋਕ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਦੀ ਨਾਟਕ ਟੀਮ ਨੇ ਸ੍ਰੀਮਤੀ ਗੁਰਪ੍ਰੀਤ ਕੌਰ ਦੀ ਨਿਰਦੇਸ਼ਨਾ ਹੇਠ ਨਾਟਕ ‘ਸਮਾਜ’, ‘ਪੰਡਿਤ ਬਲਾਕੀ ਰਾਮ’, ‘ਤਮਾਸ਼ਾ ਏ ਹਿੰਦੁਸਤਾਨ’ ਖੇਡਿਆ। ਇਸ ਮੌਕੇ ਤਰਕਸ਼ੀਲ ਸਾਹਿਤ ਦੀ ਸਟਾਲ ਵੀ ਲਗਾਈ ਗਈ । ਲੈਕਚਰਾਰ ਕ੍ਰਿਸ਼ਨ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ । ਮੇਲੇ ਦੀ ਸਫਲਤਾ ਲਈ ਤਰਕਸ਼ੀਲ ਮੈਂਬਰਾਂ ਸਵਰਨਜੀਤ ਸਿੰਘ, ਤਰਸੇਮ ਲਾਲ ਧੂਰੀ, ਮਨਧੀਰ ਸਿੰਘ, ਹਰਦੇਵ ਸਿੰਘ ਰਾਠੀ, ਵਰਿੰਦਰ ਕੁਮਾਰ, ਨਿਰਮਲ ਉੱਪਲੀ, ਤਿਰਲੋਕੀ ਨਾਥ, ਸੁਭਾਸ਼ ਚੰਦ, ਸੁਖਦੇਵ ਸਿੰਘ, ਰੂਪ ਸਿੰਘ, ਚਮਕੌਰ ਸਿੰਘ ਆਦਿ ਨੇ ਪੂਰੀ ਮਿਹਨਤ ਕੀਤੀ ।

- ਪਰਮ ਵੇਦ

ਸਵਿੰਦਰ ਧਾਰੀਵਾਲ ਭੋਜਾਂ ਯਾਦਗਾਰੀ ਤਰਕਸ਼ੀਲ ਸਮਾਗਮ : 22 ਦਸੰਬਰ 2011 ਨੂੰ ਭਰ ਜਵਾਨੀ ਵਿੱਚ ਸਦੀਵੀ ਵਿਛੋੜਾ ਦੇ ਗਏ ਤਰਕਸ਼ੀਲ ਆਗੂ ਸਵਿੰਦਰ ਧਾਰੀਵਾਲ ਭੋਜਾਂ ਦੀ ਪਹਿਲੀ ਬਰਸੀ ਉਸ ਦੇ ਪਰਿਵਾਰ ਵੱਲੋਂ ਇਕਾਈ ਧਾਰੀਵਾਲ ਭੋਜਾਂ ਅਤੇ ਮਾਝਾ ਜ਼ੋਨ ਦੇ ਸਹਿਯੋਗ ਨਾਲ 23 ਦਸੰਬਰ ਨੂੰ ਪਿੰਡ ਧਾਰੀਵਾਲ ਭੋਜਾਂ ਵਿਖੇ ਤਰਕਸ਼ੀਲ ਮੇਲੇ ਦੇ ਰੂਪ ਵਿੱਚ ਮਨਾਈ ਜਿਸ ਵਿੱਚ ਗੁਰਸ਼ਰਨ ਭਾਅ ਜੀ ਦੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਚੰਡੀਗੜ੍ਹ ਵੱਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਤਿੰਨ ਨਾਟਕ ‘ਤਮਾਸ਼ਾ ਏ ਹਿੰਦੁਸਤਾਨ’, ‘ਰਾਹਤ’ ਅਤੇ ‘ਬੁੱਤ ਜਾਗ ਪਿਆ’ ਪੇਸ਼ ਕੀਤੇ ਗਏ । ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਸੰਬੋਧਨ

ਕੀਤਾ । ਜ਼ੋਨ ਆਗੂ ਸੁਮੀਤ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਆਯੋਜਤ ਕਰਨ ਲਈ ਪਰਿਵਾਰਕ ਮੈਂਬਰ ਸਵਿੰਦਰ ਧਾਰੀਵਾਲ ਦੀ ਪਤਨੀ ਰਣਜੀਤ ਕੌਰ, ਬੇਟੀ ਨਵਜੋਤ, ਬੇਟਾ ਗੁਰਵਿੰਦਰ ਅਤੇ ਭਰਾ ਪ੍ਰਿਤਪਾਲ ਸਿੰਘ ਸਤਿਕਾਰ ਦੇ ਪਾਤਰ ਹਨ । ਤਰਕਸ਼ੀਲ ਆਗੂ ਰਣਜੀਤ ਗਗੋਮਾਹਲ ਨੇ ਵੀ ਸੰਬੋਧਨ ਕੀਤਾ । ਇਸ ਤੋਂ ਪਹਿਲਾਂ ਗੋਪਾਲਪੁਰ ਮੱਝਵਿੰਡ ਇਕਾਈ ਦੇ ਲਖਵਿੰਦਰ ਗੋਪਾਲਪੁਰਾ ਨੇ ਇਨਕਲਾਬੀ ਗੀਤ ਪੇਸ਼ ਕੀਤੇ । ਧਾਰੀਵਾਲ ਭੋਜਾਂ ਇਕਾਈ ਦੇ ਸੰਦੀਪ ਭੋਜਾਂ ਨੇ ਸਮਾਗਮ ਵਿੱਚ ਸ਼ਾਮਿਲ ਇਲਾਕਾ ਨਿਵਾਸੀਆਂ, ਸਕੇ ਸਬੰਧੀਆਂ ਅਤੇ ਤਰਕਸ਼ੀਲ ਸਾਥੀਆਂ ਦਾ ਧੰਨਵਾਦ ਕੀਤਾ । ਤਰਕਸ਼ੀਲ ਆਗੂ ਜੋਗਿੰਦਰ ਗੁਪਾਲਪੁਰਾ ਤੇ ਮੁਖਤਿਆਰ ਗੁਪਾਲਪੁਰਾ ਨੇ ਸਮਾਗਮ ਦੀ ਕਾਰਵਾਈ ਚਲਾਉਣ ਦੇ ਨਾਲ-ਨਾਲ ਸਾਥੀ ਭੋਜਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਤਰਨ ਤਾਰਨ ਇਕਾਈ ਦੇ ਗੁਰਸੇਵਕ ਨੌਸਹਿਰਾ ਪੰਨੂਆ ਅਤੇ ਜਸਪਾਲ ਬਾਸਰਕਾ ਨੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ । ਇਸ ਮੌਕੇ ਡਾ. ਜੋਤੀ ਬਾਲਾ ਨੇ ਮਰਨ ਉਪਰੰਤ ਆਪਣਾ ਸਰੀਰ ਪ੍ਰਦਾਨ ਕਰਨ ਦੀ ਲੋੜ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਟੀ.ਬੀ. ਦੀ ਬਿਮਾਰੀ ਦੇ ਲੱਛਣਾਂ ਅਤੇ ਇਲਾਜ ਲਈ ਸਿਹਤ ਵਿਭਾਗ ਵੱਲੋਂ ਕੀਤੇ ਜਾ ਰਹੇ ਯਤਨਾਂ ਉੱਤੇ ਚਾਨਣਾ ਪਾਇਆ । ਇਸ ਮੌਕੇ ਸਥਾਨਕ ਇਕਾਈ ਦੇ ਮੈਂਬਰਾਂ ਸੰਗਾਰਾ ਸਿੰਘ, ਭੁਪਿੰਦਰ ਸਿੰਘ, ਜਗਤਾਰ ਖੁੱਡਾ, ਡਾ. ਦੀਵਾਨ ਸਿੰਘ, ਅਮਨ ਗਗੋਮਾਹਲ, ਸੁਬੀਰ ਕੁਮਾਰ, ਜਰਮਨਜੀਤ ਸਿੰਘ, ਸਤਨਾਮ ਸਿੰਘ ਅਤੇ ਸਮੂਹ ਇਲਾਕਾ ਨਿਵਾਸੀ ਅਤੇ ਸਕੇ ਸਬੰਧੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ।

ਸੁਮੀਤ ਸਿੰਘ ਅੰਮ੍ਰਿਤਸਰ

ਮੌਤ ਉਪਰੰਤ ਸਤਿਕਾਰ ਸਮਾਗਮ : ਇਕਾਈ ਟਾਂਡਾ ਸਰਾਂ ਦੇ ਸਰਗਰਮ ਮੈਂਬਰ ਡਾ. ਦੀਦਾਰ ਸਿੰਘ ਦੇ ਪਿਤਾ ਸ੍ਰ: ਪ੍ਰੀਤਮ ਸਿੰਘ ਜਿਨ੍ਹਾਂ ਦਾ 29 ਨਵੰਬਰ ਨੂੰ ਦਿਹਾਂਤ ਹੋ ਗਿਆ ਸੀ, ਦੀ ਯਾਂਦ ਵਿੱਚ 9 ਦਸੰਬਰ ਨੂੰ ਉਹਨਾਂ ਦੇ ਪਿੰਡ ਬੈਂਚਾਂ ਵਿਖੇ ਸਤਿਕਾਰ ਸਮਾਰੋਹ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਬੋਲਦਿਆਂ ਦਿਲਬਾਗ ਸਿੰਘ ਬਾਹੋਪੁਰ ਨੇ ਸ੍ਰ: ਪ੍ਰੀਤਮ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੇ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਹੋਣ ਅਤੇ ਇਲਾਕੇ ਵਿੱਚ ਵਿਗਿਆਨਕ ਵਿਚਾਰਾਂ ਦੇ ਪ੍ਰਸਾਰ ਵਿੱਚ ਯੋਗਦਾਨ ਬਾਰੇ ਵਿਸਥਾਰ ਨਾਲ ਦੱਸਿਆ । ਇਸ ਮੌਕੇ ਈ.ਟੀ.ਟੀ. ਯੂਨੀਅਨ ਦੇ ਰਮੇਸ਼ ਡਿਪਟੀ, ਪ੍ਰਿੰਸੀਪਲ ਅਰਮਨਪ੍ਰੀਤ ਸਿੰਘ, ਪ੍ਰੋ: ਗੁਰਦੇਵ ਸਿੰਘ ਸਮੇਤ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਅਨੇਕਾਂ ਤਰਕਸ਼ੀਲ ਮੈਂਬਰ ਹਾਜ਼ਰ ਸਨ ।ਡਾ: ਦੀਦਾਰ ਸਿੰਘ ਨੇ ਹਾਜ਼ਰ ਹਮਦਰਦਾਂ ਦਾ ਧੰਨਵਾਦ ਕੀਤਾ।

- ਦਿਲਬਾਗ ਬਾਹੋਪੁਰ ਟਾਂਡਾ-ਸਰਾਂ

ਮਾਘੀ ਮੇਲੇ ਤੇ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ:

ਇਕਾਈ ਮੁਕਤਸਰ-ਲੱਖੇਵਾਲੀ: ਇਸ ਇਕਾਈ ਵੱਲੋਂ ਗੁਰੂ ਹਰਸਹਾਏ ਇਕਾਈ ਦੇ ਸਹਿਯੋਗ ਨਾਲ ਮੁਕਤਸਰ ਮਾਘੀ ਮੇਲੇ ਤੇ 14, 15 ਅਤੇ 16 ਜਨਵਰੀ ਨੂੰ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ, ਜਿਹੜਾ ਲੋਕ ਨਾਟਕਕਾਰ ਗੁਰਸ਼ਰਨ ਸਿੰਘ ਦੇ ਆਦਰਸ਼ ਤੇ ਸੁਪਨਿਆਂ ਨੂੰ ਸਮਰਪਿਤ ਸੀ।ਮੇਲੇ ਦੇ ਪਹਿਲੇ ਦਿਨ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ 'ਚ ਤਰਕਸ਼ੀਲਾਂ ਨੇ ਮੈਜਿਕ ਸ਼ੋਅ, ਲੋਕ ਪੱਖੀ ਗੀਤ ਸੰਗੀਤ ਤੇ ਆਪਣੀਆਂ ਤਕਰੀਰਾਂ ਨਾਲ ਲੋਕ ਮਨਾਂ ਨੂੰ ਟੁੰਬਿਆ। ਦੂਸਰੇ ਦਿਨ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਨਾਟਕ ਟੀਮ ਨੇ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਇਹ ਲਹੂ ਕਿਸ ਦਾ ਹੈ, ਤਮਾਸ਼ਾ ਮੋਟਿਆਂ ਦਾ ਆਦਿ ਨਾਟਕ ਖੇਡੇ। ਪਲਸ ਮੰਚ ਦੀ ਮੀਤ ਪ੍ਰਧਾਨ ਡਾ. ਅਰੀਤ ਅਤੇ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ। ਨਾਟ ਮੇਲੇ ਦੇ ਤੀਸਰੇ ਦਿਨ ਪੀਪਲਜ਼ ਥੀਏਟਰ ਲਹਿਰਾਗਾਗਾ ਦੀ ਨਾਟਕ ਟੀਮ ਵੱਲੋਂ ਅਦਾਕਾਰ ਸੈਮੂਅਲ ਜੌਨ ਦੀ ਨਿਰਦੇਸ਼ਨਾ ਹੇਠ ਬਾਗਾਂ ਦਾ ਰਾਖਾ ਤੇ ਕਿਰਤੀ ਨਾਟਕ ਸਫ਼ਲਤਾ ਪੂਰਵਕ ਖੇਡੇ ਗਏ। ਇਸ ਦਿਨ ਪਲਸ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ ਨੇ ਮੇਲੀਆਂ ਨੇ ਸੰਬੋਧਨ ਕੀਤਾ। ਮੇਲੇ ਵਿੱਚ ਤਿੰਨੇ ਦਿਨ ਸੁਖਦੇਵ ਮਲੂਕਪੁਰਾ ਨੇ ਜਾਦੂ ਕਲਾ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਜਾਦੂ ਕਲਾ ਦੇ ਭੇਦ ਸਮਝਾਏ ਜਦਕਿ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਲੋਕ ਪੱਖੀ ਕਲਾ ਦਾ ਰੰਗ ਬਖ਼ੇਰਿਆ। ਨਾਟ ਮੇਲੇ ਦੀ ਸਫ਼ਲਤਾ ਲਈ ਦੀਪਕ ਸੋਨੀ, ਬੂਟਾ ਸਿੰਘ ਵਾਕਫ਼, ਬਲਦੇਵ ਸਿੰਘ ਲੱਧੂਵਾਲਾ, ਰਣਜੀਤ ਮੋਠਾਂਵਾਲੀ, ਪ੍ਰਵੀਨ ਜੰਡਵਾਲਾ, ਰਮਨ ਬਹਿਲ ਗੁਰੂਹਰਸਹਾਏ, ਲਖਵਿੰਦਰ ਸ਼ਰੀਂਹਵਾਲਾ, ਪਰਮਿੰਦਰ ਖੋਖਰ, ਚੂਹੜ ਭਲਵਾਨ, ਅੰਗਰੇਜ਼ ਸਿੰਘ ਮੰਦਰ, ਗੁਰਮੀਤ ਸਿੰਘ ਖ਼ੋਖਰ ਨੇ ਭਰਵਾਂ ਸਹਿਯੋਗ ਦਿੱਤਾ। ਮੇਲੇ ਦੌਰਾਨ ਤਰਕਸ਼ੀਲ ਤੇ ਅਗਾਂਹਵਧੂ ਸਾਹਿਤ ਦੀਆਂ ਸਟਾਲਾਂ ਤੋਂ 27,650 ਰੁਪਏ ਦਾ ਸਾਹਿਤ ਵਿਕਿਆ। ਤਰਕਸ਼ੀਲਾਂ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਵੀ ਦਰਸ਼ਕਾਂ ਨੇ ਗਹੁ ਨਾਲ ਵਾਚੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ।

-ਬੂਟਾ ਸਿੰਘ ਵਾਕਫ਼

ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦਾ ਚੋਣਵਾਂ ਸਾਹਿਤ



ਜਿਲਦ-14
Volume 14

ਰਜਿ: ਨੰ: **PUNPUN/2000/5393**

ਅੰਕ : 2
Issue : 2



ਮਰਹੂਮ ਕ੍ਰਿਸ਼ਨ ਬਰਗਾੜੀ ਦੀ ਯਾਦ ਵਿੱਚ ਕਰਵਾਏ ਤਰਕਸ਼ੀਲ ਮੇਲੇ ਦੌਰਾਨ ਪ੍ਰੋ. ਗੁਰਦਿਆਲ ਸਿੰਘ ਨੂੰ ਪ੍ਰਦਾਨ ਕੀਤੇ ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ ਨੂੰ ਪ੍ਰਾਪਤ ਕਰਦੇ ਹੋਏ ਉਨ੍ਹਾਂ ਦੇ ਪੁੱਤਰ ਰਵਿੰਦਰ ਰਾਹੀ



ਮਲੇਰਕੋਟਲਾ ਵਿਖੇ ਤਰਕਸ਼ੀਲਾਂ ਵੱਲੋਂ 'ਮਨੁੱਖੀ ਅਧਿਕਾਰ ਅਤੇ ਫਾਂਸੀ ਦੀ ਸਜ਼ਾ' ਵਿਸ਼ੇ ਤੇ ਕਰਵਾਈ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਸਕੱਤਰ ਪ੍ਰੋ. ਜਗਮੋਹਨ ਸਿੰਘ



ਅੰਮ੍ਰਿਤਸਰ ਵਿਖੇ ਤਰਕਸ਼ੀਲਾਂ ਵੱਲੋਂ ਲੜਕੀਆਂ ਵਿਰੁੱਧ ਜਬਰ ਖਿਲਾਫ਼ ਕੱਢੇ ਗਏ ਰੋਸ਼ ਮਾਰਚ ਦਾ ਇੱਕ ਦ੍ਰਿਸ਼



ਬਠਿੰਡਾ ਜ਼ੋਨ ਵੱਲੋਂ 'ਤਾਰਾ ਵਿਗਿਆਨ' ਬਾਰੇ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਾ. ਅਵਤਾਰ ਸਿੰਘ ਢੀਂਡਸਾ



ਇਕਾਈ ਕੁਲਰੀਆਂ ਵੱਲੋਂ ਲਾਏ ਬਲੱਡ ਡੋਨੇਸ਼ਨ ਕੈਂਪ ਦੌਰਾਨ ਖੂਨ ਪ੍ਰਦਾਨ ਕਰਦੇ ਹੋਏ ਨੌਜਵਾਨ



ਸੰਗਰੂਰ ਵਿਖੇ ਕਰਵਾਏ ਤਰਕਸ਼ੀਲ ਮੇਲੇ ਸਮੇਂ ਸਮ੍ਹਾਂ ਰੌਸ਼ਨ ਕਰਨ ਉਪਰੰਤ ਪ੍ਰਧਾਨਗੀ ਮੰਡਲ

If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....